ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੮ ਹਾੜ-ਸਾਵਣ ਸੰਮਤ ਨਾਨਕਸ਼ਾਹੀ ੫੫੬ ਜੁਲਾਈ ੨੦੨੪ ਅੰਕ : ੪
Vol. : 68 July 2024 Issue : 4




ਵਿਸ਼ੇਸ਼ ਅੰਕ

ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਉਸਾਰੀ ਗਈ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਲੇਠੀ ਸੰਸਥਾ
ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ

# ਸੰਦੇਸ਼

ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਗੁਰੂ ਸਾਹਿਬਾਨ ਦੀ ਰੂਹਾਨੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਲਈ ਨਿਰੰਤਰ ਯਤਨਸ਼ੀਲ ਹੈ। ਇਸ ਸੰਸਥਾ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕਾਂ ਉਪਰਾਲੇ ਕੀਤੇ ਹਨ। ਸੰਸਥਾ ਦੇ ਬਾਨੀਆਂ ਦੀ ਦੂਰ-ਅੰਦੇਸ਼ੀ ਸੋਚ ਸਦਕਾ ਧਰਮ ਪ੍ਰਚਾਰ ਕਮੇਟੀ ਦੀ ਸਥਾਪਨਾ ਕੀਤੀ ਗਈ ਅਤੇ ਇਸ ਨੂੰ ਧੁਰਾ ਬਣਾ ਕੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਖ-ਵੱਖ ਇਲਾਕਿਆਂ ਵਿਚ ਨੌਜਵਾਨਾਂ ਨੂੰ ਗੁਰਮਤਿ ਦੀ ਸਿੱਖਿਆ ਨਾਲ ਜੋੜਨ ਲਈ ਸਿੱਖ ਮਿਸ਼ਨਰੀ ਕਾਲਜ, ਗੁਰਮਤਿ ਵਿਦਿਆਲੇ ਅਤੇ ਅਕੈਡਮੀਆਂ ਸਥਾਪਿਤ ਕੀਤੀਆਂ ਗਈਆਂ। ਇਨ੍ਹਾਂ ਮਿਸ਼ਨਰੀ ਕਾਲਜਾਂ/ਗੁਰਮਤਿ ਵਿਦਿਆਲਿਆਂ/ਅਕੈਡਮੀਆਂ ਵਿਚ ਨੌਜੁਆਨ ਸਿੱਖ ਪੀੜ੍ਹੀ ਨੂੰ ਗੁਰਬਾਣੀ, ਗੁਰ-ਇਤਿਹਾਸ, ਸਿੱਖ ਰਹਿਤ ਮਰਯਾਦਾ, ਸਿੱਖ ਸਿਧਾਂਤ, ਸ਼ਸਤਰ ਵਿੱਦਿਆ ਅਤੇ ਸਿੱਖ ਵਿਚਾਰਧਾਰਾ ਨਾਲ ਜੋੜਨ ਹਿੱਤ ਨਿਰਧਾਰਿਤ ਪਾਠਕ੍ਰਮ ਅਨੁਸਾਰ ਵਿੱਦਿਆ ਦਿੱਤੀ ਜਾਂਦੀ ਹੈ। ਇੱਥੋਂ ਗੁਰਮਤਿ ਦੀ ਵਿੱਦਿਆ ਹਾਸਲ ਕਰ ਕੇ ਵਿਦਿਆਰਥੀ ਜਿੱਥੇ ਸਿੱਖ ਧਰਮ ਦੀ ਮਹਿਕ ਪੂਰੇ ਸੰਸਾਰ ਅੰਦਰ ਫੈਲਾ ਰਹੇ ਹਨ, ਉੱਥੇ ਆਪਣਾ ਜੀਵਨ ਨਿਰਬਾਹ ਵੀ ਕਰ ਰਹੇ ਹਨ। ਇਨ੍ਹਾਂ ਮਿਸ਼ਨਰੀ ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਦੀ ਸਥਾਪਨਾ ਤੋਂ ਲੈ ਕੇ ਵਰਤਮਾਨ ਸਮੇਂ ਤਕ ਨਿਭਾਈ ਕਾਰਗੁਜ਼ਾਰੀ ਅਤੇ ਪ੍ਰਾਪਤੀਆਂ ਨੂੰ ਸਮਰਪਿਤ 'ਗੁਰਮਤਿ ਪ੍ਰਕਾਸ਼' ਦਾ ਹਥਲਾ ਵਿਸ਼ੇਸ਼ ਅੰਕ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਲਈ ਅਸੀਂ ਸਾਰੇ ਮਿਸ਼ਨਰੀ ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਦੇ ਇੰਚਾਰਜ/ਪ੍ਰਿੰਸੀਪਲ ਸਾਹਿਬਾਨ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਆਪੋ-ਆਪਣੇ ਮਿਸ਼ਨਰੀ ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਦੀ ਸਥਾਪਨਾ, ਰੋਜ਼ਾਨਾ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਲੇਖ ਲਿਖ ਕੇ ਭੇਜੇ ਹਨ। ਇਹ ਵਿਸ਼ੇਸ਼ ਅੰਕ ਪੜ੍ਹ ਕੇ ਪਾਠਕ-ਜਨਾਂ ਨੂੰ ਜਿੱਥੇ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਕਾਲਜਾਂ/ਗੁਰਮਤਿ ਵਿਦਿਆਲਿਆਂ ਰਾਹੀਂ ਦੇਸ਼ ਭਰ ਵਿਚ ਸਿੱਖੀ ਦੇ ਪ੍ਰਚਾਰ ਹਿੱਤ ਕੀਤੇ ਜਾਂਦੇ ਉਪਰਾਲਿਆਂ ਬਾਰੇ ਗਿਆਨ ਹਾਸਲ ਹੋਵੇਗਾ, ਉੱਥੇ ਇਹ ਅੰਕ ਇਕ ਇਤਿਹਾਸਿਕ ਦਸਤਾਵੇਜ਼ ਵੀ ਹੋ ਨਿੱਬੜੇਗਾ।

ਗੁਰੂ-ਪੰਥ ਦੇ ਦਾਸ

**ਬਲਵਿੰਦਰ ਸਿੰਘ ਕਾਹਲਵਾਂ**
ਸਕੱਤਰ, ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

**ਐਡਵੋਕੇਟ ਹਰਜਿੰਦਰ ਸਿੰਘ**
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਹਾੜ-ਸਾਵਣ, ਸੰਮਤ ਨਾਨਕਸ਼ਾਹੀ ੫੫੬ ਜੁਲਾਈ 2024

ਜਿਲਦ ੬੮ (Vol. 68) ਅੰਕ ੦੪ (Issue 04)



*ਸੰਪਾਦਕ*

ਸਤਵਿੰਦਰ ਸਿੰਘ

*ਸਹਾਇਕ ਸੰਪਾਦਕ*

ਬਿਕਰਮਜੀਤ ਸਿੰਘ


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com


ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ...ਸ਼ਹੀਦ ਸਿੱਖ ਮਿਸ਼ਨਰੀ ਕਾਲਜ | -ਪ੍ਰਿੰ. ਮਨਜੀਤ ਕੌਰ | ੮ |
| ਸੰਤ ਫ਼ਤਿਹ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ... | -ਸ. ਜਸਵੀਰ ਸਿੰਘ ਧੂਰਾ | ੨੦ |
| ਸ਼ਹੀਦ ਸੰਗੀਤ ਵਿਦਿਆਲਾ, ਬਾਦੀਆਂ... | -ਸ. ਹਰਜਿੰਦਰ ਸਿੰਘ | ੨੩ |
| ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ... | -ਭਾਈ ਰਵਿੰਦਰ ਸਿੰਘ ਖਾਲਸਾ | ੨੫ |
| ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ... | -ਸ. ਸੁਖਵਿੰਦਰ ਸਿੰਘ ਸਾਗਰ | ੩੦ |
| ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ... | -ਪ੍ਰੋ. ਸੁਰਜੀਤ ਸਿੰਘ | ੩੯ |
| ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰਾ... | -ਸ. ਪ੍ਰਤਾਪ ਸਿੰਘ | ੪੨ |
| ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਵਿਦਿਆਲਾ... | -ਸ. ਪਰਮਜੀਤ ਸਿੰਘ | ੪੩ |
| ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ... | -ਪ੍ਰਿੰ. ਰਜਿੰਦਰ ਸਿੰਘ | ੪੫ |
| ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ | -ਸ. ਗੁਰਪ੍ਰੀਤ ਸਿੰਘ | ੪੭ |
| ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ ਭੂਰਾ ਕੋਹਨਾ | -ਪ੍ਰਿੰ. ਰਾਜਪਾਲ ਸਿੰਘ ਵੇਰਕਾ | ੫੦ |
| ਜੁਲਾਈ ਅਤੇ ਅਗਸਤ ੨੦੨੪ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੫੨ |
| ਭਾਈ ਗੁਰਦਾਸ ਗੁਰਮਤਿ ਵਿਦਿਆਲਾ... | -ਸ. ਸਾਰਜ ਸਿੰਘ | ੫੩ |
| ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ... | -ਡਾ. ਸਤਿੰਦਰ ਸਿੰਘ | ੫੬ |
| ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ (ਲੜਕੀਆਂ)... | -ਬੀਬੀ ਪੁਸ਼ਪਿੰਦਰ ਕੌਰ | ੬੬ |
| ਗਿ: ਸੋਹਣ ਸਿੰਘ ਸੀਤਲ ਢਾਡੀ ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ | -ਡਾ. ਜਸਵੰਤ ਸਿੰਘ | ੬੭ |
| ਅਰਜੋਈ (ਕਵਿਤਾ) | -ਸ. ਗੁਰਦਿਆਲ ਸਿੰਘ ਬੀਰ | ੭੨ |
| ਸਾ ਸੇਵਾ ਕੀਤੀ ਸਫਲ ਹੈ | -ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ | ੭੩ |
| ਸਿੱਖ ਪਾਰਲੀਮੈਂਟ ਦੀ ਸਥਾਪਨਾ ਦਾ ਸਫ਼ਰ | -ਸ. ਮਨਪ੍ਰੀਤ ਸਿੰਘ ਬਾਜ | ੭੬ |
| ਜੂਨ ੧੯੮੪ ਈ. ਦਾ ਘੱਲੂਘਾਰਾ | -ਸ. ਮੋਹਨ ਸਿੰਘ ਉਰਲਾਣਾ | ੮੬ |
| ਸਿਰੀਰਾਗੁ | -ਮਾ. ਬਲਬੀਰ ਸਿੰਘ ਹੰਸਪਾਲ | ੯੨ |
| ਖ਼ਬਰਨਾਮਾ | | ੯੪ |

# ਗੁਰਬਾਣੀ ਵਿਚਾਰ

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ ਸਾਉਣ ਮਹੀਨੇ ਦੀ ਵਰਖਾ ਰੁੱਤ ਤੇ ਇਸ ਨਾਲ ਸੰਬੰਧਿਤ ਬਿੰਬਾਵਲੀ ਰਾਹੀਂ ਜੀਵ ਦੇ ਪਰਮਾਤਮਾ ਰੂਪੀ ਪਤੀ ਨਾਲ ਸਦੀਵੀ ਮਿਲਾਪ ਕਰਨ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਾਉਣ ਮਹੀਨੇ ਦੀ ਰੁੱਤ ਇੰਨੀ ਰਸ ਵਾਲੀ ਤੇ ਹਰੀ-ਭਰੀ ਹੈ ਕਿ ਇਸ ਵਿਚ ਜੀਵ-ਇਸਤਰੀ ਦਾ ਪਤੀ-ਪਰਮਾਤਮਾ ਨਾਲ ਸਹਿਜੇ ਹੀ ਪਿਆਰ ਬਣ ਜਾਂਦਾ ਹੈ। ਇਸ ਵਿਚ ਉਸ ਦਾ ਮਨ ਅਤੇ ਸਰੀਰ ਭਾਵ ਉਸ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਰੰਗ ਵਿਚ ਰੰਗੀਜ ਕੇ ਉਸ ਦੇ ਸਦੀਵੀ ਜੀਵਨ ਪ੍ਰਦਾਨ ਕਰਨ ਵਾਲੇ ਨਾਮ ਨੂੰ ਆਪਣਾ ਇੱਕੋ-ਇੱਕ ਆਸਰਾ ਬਣਾ ਲੈਂਦਾ ਹੈ। ਜੀਵ-ਇਸਤਰੀ ਨੂੰ ਨਿਰੋਲ ਸੰਸਾਰਿਕਤਾ ਝੂਠੀ ਮਹਿਸੂਸ ਹੋਣ ਲੱਗਦੀ ਹੈ ਤੇ ਇਸ ਸੰਸਾਰ ਦੇ ਮਨ ਨੂੰ ਮੋਹ ਲੈਣ ਵਾਲੇ ਪਦਾਰਥ ਤੇ ਧਨ-ਦੌਲਤ ਆਦਿ ਕਿਸੇ ਕੰਮ ਨਾ ਆ ਸਕਣ ਵਾਲੇ ਦਿੱਸਣ ਲੱਗਦੇ ਹਨ। ਉਸ ਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਸੱਚੇ ਨਾਮ ਦਾ ਤੁਪਕਾ ਹੀ ਸੱਚੇ ਗੁਰੂ ਨੂੰ ਮਿਲ ਕੇ ਪੀਣ ਦੇ ਯੋਗ ਹੈ। ਉਸ ਨੂੰ ਇਹ ਅਨੁਭੂਤੀ ਵੀ ਹੋ ਜਾਂਦੀ ਹੈ ਕਿ ਸਾਰੀ ਬਨਸਪਤੀ ਮਾਲਕ ਪਰਮਾਤਮਾ ਨਾਲ ਜੁੜ ਕੇ ਹੀ ਵਿਗਸਦੀ-ਮਹਿਕਦੀ ਹੈ, ਇਹ ਅਸੀਮ ਸਮਰੱਥਾ ਉਸ ਅਕਾਲ ਪੁਰਖ ਦੀ ਹੀ ਹੈ। ਸਾਉਣ ਦੀ ਸੁਹਾਵਣੀ ਰੁੱਤ ਵਿਚ ਜੀਵ-ਇਸਤਰੀ ਦਾ ਮਨ ਤਾਂ ਮਾਲਕ ਨੂੰ ਮਿਲਣ ਵਾਸਤੇ ਤਾਂਘ ਰੱਖਦਾ ਹੈ ਐਪਰ ਆਪਣੀ ਮਿਹਰ ਕਰ ਕੇ ਆਪਣੇ ਨਾਲ ਮਿਲਾਉਣ ਵਾਲਾ ਉਹ ਮਾਲਕ ਆਪ ਹੀ ਹੈ। ਮੈਂ ਜੀਵ-ਇਸਤਰੀ ਆਪਣੀਆਂ ਉਨ੍ਹਾਂ ਸਹੇਲੀਆਂ ਤੋਂ ਵਾਰੇ-ਬਲਿਹਾਰੇ ਜਾਂਦੀ ਹਾਂ ਜਿਨ੍ਹਾਂ ਸਾਉਣ ਦੀ ਸੁਹਾਵਣੀ ਬਹਾਰ ਦਾ ਲਾਹਾ ਲੈਂਦਿਆਂ ਮਾਲਕ ਨੂੰ ਹਾਸਲ ਕਰ ਲਿਆ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਿਲਾਪ ਦੀ ਤਾਂਘ ਰੱਖਣ ਵਾਲੀ ਜੀਵ-ਇਸਤਰੀ ਬੇਨਤੀ ਜੋਦੜੀ ਕਰਦੀ ਹੈ ਕਿ ਹੇ ਨਾਨਕ! ਕਿਰਪਾ ਬਖ਼ਸ਼ਿਸ਼ ਕਰੋ, ਮੈਨੂੰ ਗੁਰ-ਸ਼ਬਦ ਦੁਆਰਾ ਸੁਆਰ ਲਵੋ ਕਿਉਂਕਿ ਇਕ ਗੁਰੂ-ਸ਼ਬਦ ਹੀ ਹੈ ਜੋ ਜਗਿਆਸੂ ਨੂੰ ਸੁਆਰਨ ਵਾਲਾ ਹੈ। ਜਿਨ੍ਹਾਂ ਜੀਵ-ਇਸਤਰੀਆਂ ਨੇ ਆਪਣੇ ਹਿਰਦੇ ਰੂਪੀ ਗਲ਼ ਵਿਚ ਮਾਲਕ ਪਰਮਾਤਮਾਦੀ ਯਾਦ ਰੂਪੀ ਸੱਚੇ ਨਾਮ ਦਾ ਹਾਰ ਪਹਿਨ ਲਿਆ ਹੈ, ਸਾਉਣ ਦਾ ਮਹੀਨਾ ਸਹੀ ਅਰਥਾਂ ਵਿਚ ਉਨ੍ਹਾਂ ਦੀ ਮਾਲਕ ਨਾਲ ਇਕਮਿਕਤਾ ਬਣਾਉਣ 'ਚ ਸਹਾਈ ਹੁੰਦਾ ਹੈ।

ਸੰਪਾਦਕੀ...

# ਧਰਮ ਪ੍ਰਚਾਰ ਕਮੇਟੀ ਦਾ ਧਾਰਮਿਕ ਵਿੱਦਿਆ ਵਿਚ ਯੋਗਦਾਨ

*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਹੈ। ਇਸ ਦੁਆਰਾ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਤੋਂ ਇਲਾਵਾ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਧਾਰਮਿਕ ਵਿੱਦਿਆ ਦੇ ਪ੍ਰਬੰਧ ਵੀ ਕੀਤੇ ਗਏ ਹਨ ਤਾਂਕਿ ਸਿੱਖ ਪੰਥ ਦੀ ਨਵੀਂ ਪੀੜ੍ਹੀ ਆਪਣੇ ਇਤਿਹਾਸ, ਗੁਰਬਾਣੀ ਸੰਗੀਤ, ਸਿੱਖ ਰਹਿਤ ਮਰਯਾਦਾ, ਸਿੱਖ ਫਲਸਫ਼ੇ ਅਤੇ ਸ਼ਸਤਰ ਵਿੱਦਿਆ ਆਦਿ ਨਾਲ ਜੁੜ ਸਕੇ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਰਾਹੀਂ ਇਸ ਦੇ ਆਗੂਆਂ ਦੀ ਦੂਰ-ਅੰਦੇਸ਼ੀ ਸੋਚ ਸਦਕਾ ਮਿਸ਼ਨਰੀ ਕਾਲਜਾਂ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਮਿਸ਼ਨਰੀ ਕਾਲਜਾਂ ਦੀ ਸਥਾਪਨਾ ਬੇਸ਼ੱਕ ਕੋਈ ਇੱਕ ਦਮ ਹੋਇਆ ਕਾਰਜ ਨਹੀਂ ਸੀ, ਬਲਕਿ ਇਸ ਪਿੱਛੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਦੇ ਨੀਤੀ-ਘਾੜਿਆਂ ਦੀ ਸਾਲਾਂ-ਬੱਧੀ ਮਿਹਨਤ ਕੰਮ ਕਰ ਰਹੀ ਸੀ। ਜਿਸ ਸਦਕਾ ੧੯੨੭ ਈ. ਵਿਚ ਪਲੇਠੀ ਸੰਸਥਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਤੋਂ ਬਾਅਦ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਖ-ਵੱਖ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿਚ ਇਨ੍ਹਾਂ ਮਿਸ਼ਨਰੀ ਕਾਲਜਾਂ/ਗੁਰਮਤਿ ਵਿਦਿਆਲਿਆਂ ਅਤੇ ਅਕੈਡਮੀਆਂ ਨੂੰ ਸਮੇਂ-ਸਮੇਂ 'ਤੇ ਖੋਲ੍ਹਿਆ ਗਿਆ।*

*ਇਨ੍ਹਾਂ ਕਾਲਜਾਂ/ਵਿਦਿਆਲਿਆਂ ਦਾ ਮੰਤਵ ਕੇਵਲ ਤੇ ਕੇਵਲ ਵਿਦਿਆਰਥੀਆਂ ਨੂੰ ਸਿੱਖ ਧਰਮ ਦੀ ਸਟੀਕ ਤੇ ਪੂਰਨ ਜਾਣਕਾਰੀ ਦੇਣਾ ਸੀ। ਇਨ੍ਹਾਂ ਕਾਲਜਾਂ/ਵਿਦਿਆਲਿਆਂ ਵਿਚ ਜਿੱਥੇ ਸਿੱਖ ਸਿਧਾਂਤ, ਇਤਿਹਾਸ, ਰਹਿਤ ਮਰਯਾਦਾ ਆਦਿ ਦੀ ਪੜ੍ਹਾਈ ਕਰਵਾਈ ਜਾਂਦੀ, ਉੱਥੇ ਗੁਰਬਾਣੀ ਸੰਥਯਾ ਦੇ ਨਾਲ ਤੰਤੀ ਸਾਜ਼ਾਂ ਅਤੇ ਕੀਰਤਨ ਦੀ ਸਿਖਲਾਈ ਦੇਣਾ ਵੀ ਮੁੱਖ ਉਦੇਸ਼ ਹੈ।*

*ਇਨ੍ਹਾਂ ਸਾਰੇ ਵਿਦਿਆਲਿਆਂ/ਕਾਲਜਾਂ ਵਿੱਚੋਂ ਗੁਰਸਿੱਖੀ ਦੀ ਵਿੱਦਿਆ ਹਾਸਲ ਕਰ ਕੇ ਅਣਗਿਣਤ ਵਿਦਿਆਰਥੀ ਪੰਥ ਵਿਚ ਨਾਮਵਰ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ, ਕਥਾ-ਵਾਚਕ ਵਜੋਂ ਦੇਸ਼-ਵਿਦੇਸ਼ ਵਿਚ ਆਪਣੀਆਂ ਸੇਵਾਵਾਂ ਦੇ ਰਹੇ ਹਨ ਜਿਸ ਨਾਲ ਸਿੱਖੀ ਦੀ ਫੁਲਵਾੜੀ ਦੀ ਮਹਿਕ ਪੂਰੇ ਸੰਸਾਰ ਵਿਚ ਫੈਲੀ ਹੈ।*

*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਚੱਲ ਰਹੇ ੧੭ ਮਿਸ਼ਨਰੀ ਕਾਲਜ/ਵਿਦਿਆਲੇ/ਅਕੈਡਮੀਆਂ ਵਿਦਿਆਰਥੀਆਂ ਨੂੰ ਸਿੱਖ ਧਰਮ ਦੀ ਸਿੱਖਿਆ ਦੇ ਨਾਲ ਨਾਲ ਉਨ੍ਹਾਂ ਨੂੰ ਰੁਜ਼ਗਾਰ ਪ੍ਰਾਪਤੀ ਵਿਚ ਵੀ ਸਹਿਯੋਗ ਦੇ ਰਹੇ ਹਨ। ਇਨ੍ਹਾਂ ਕਾਲਜਾਂ/ਵਿਦਿਆਲਿਆਂ ਦੀ ਸਭ ਤੋਂ ਅਹਿਮ ਖੂਬੀ ਇਹ ਵੀ ਹੈ ਕਿ*

*ਇਨ੍ਹਾਂ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਦਸਵੀਂ-ਬਾਰ੍ਹਵੀਂ ਤੋਂ ਬਾਅਦ ਨਿਰੋਲ ਮੈਰਿਟ ਦੇ ਆਧਾਰ 'ਤੇ ਚੁਣਿਆ ਜਾਂਦਾ ਹੈ; ਬਾਸ਼ਰਤੇ ਕਿ ਵਿਦਿਆਰਥੀ ਦਾ ਝੁਕਾਅ ਗੁਰਮਤਿ ਵੱਲ ਹੋਵੇ ਤੇ ਉਹ ਸਿੱਖ ਧਰਮ ਦੀ ਵਿੱਦਿਆ ਹਾਸਲ ਕਰਨ ਵਿਚ ਦਿਲਚਸਪੀ ਰੱਖਦਾ ਹੋਵੇ। ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਪੂਰੇ ਕੋਰਸ ਦੌਰਾਨ ਗੁਰਮਤਿ ਦੀ ਇਹ ਵਿੱਦਿਆ ਮੁਫਤ ਦਿੱਤੀ ਜਾਂਦੀ ਹੈ। ਇੱਥੇ ਕੇਵਲ ਮੁਫਤ ਵਿੱਦਿਆ ਹੀ ਨਹੀਂ ਬਲਕਿ ੧੫੦੦/- ਰੁਪਏ ਮਾਸਿਕ ਵਜੀਫ਼ਾ (ਲੰਗਰ ਆਦਿ ਲਈ) ਵੱਖਰੇ ਦਿੱਤੇ ਜਾਂਦੇ ਹਨ ਅਤੇ ਰਿਹਾਇਸ਼ ਦਾ ਖਰਚ ਵੀ ਧਰਮ ਪ੍ਰਚਾਰ ਕਮੇਟੀ ਵੱਲੋਂ ਕੀਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਇਨ੍ਹਾਂ ਵੱਖ-ਵੱਖ ਕਾਲਜ/ਵਿਦਿਆਲਿਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਇਆ ਜਾ ਰਿਹਾ ਹੈ। ਇਨ੍ਹਾ ਕਾਲਜਾਂ ਵਿਦਿਆਲਿਆਂ ਦੀਆਂ ਇਮਾਰਤਾਂ ਦੇ ਰੱਖ-ਰਖਾਵ ਅਤੇ ਸਟਾਫ਼ ਦੀਆਂ ਤਨਖਾਹਾਂ ਉੱਪਰ ਹਰ ਸਾਲ ਕਰੋੜਾਂ ਰੁਪਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਰਚ ਕੀਤੇ ਜਾਂਦੇ ਹਨ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਦੀ ਯੋਗ ਅਗਵਾਈ ਵਿਚ ਇਨ੍ਹਾਂ ਕਾਲਜ/ਵਿਦਿਆਲਿਆਂ ਰਾਹੀਂ ਵਿਦਿਆਰਥੀਆਂ ਨੂੰ ਸਿੱਖ ਧਰਮ ਦੀ ਜਾਣਕਾਰੀ ਪੂਰੀ ਤਰ੍ਹਾਂ ਨਿਰਧਾਰਿਤ ਕੀਤੇ ਪਾਠਕ੍ਰਮਾਂ (ਸਿਲੇਬਸ) ਰਾਹੀਂ ਦਿੱਤੀ ਜਾ ਰਹੀ ਹੈ।*

*ਅਸੀਂ 'ਗੁਰਮਤਿ ਪ੍ਰਕਾਸ਼' ਦਾ ਹਥਲਾ ਅੰਕ ਇਨ੍ਹਾਂ ਵਿਦਿਆਲਿਆਂ ਅਤੇ ਮਿਸ਼ਨਰੀ ਕਾਲਜਾਂ ਨੂੰ ਸਮਰਪਿਤ ਕੀਤਾ ਹੈ। ਇਸ ਲਈ ਅਸੀਂ ਵਿਸ਼ੇਸ਼ ਰੂਪ ਵਿਚ ਇਨ੍ਹਾਂ ਵਿਦਿਆਲਿਆਂ ਦੀ ਸਥਾਪਨਾ ਦੇ ਇਤਿਹਾਸ, ਨਿੱਤ ਕਰਮ ਅਤੇ ਦਾਖਲੇ ਆਦਿ ਨਾਲ ਸੰਬੰਧਿਤ ਜਾਣਕਾਰੀ ਭਰਪੂਰ ਲੇਖ ਇਨ੍ਹਾਂ ਵਿਦਿਆਲਿਆਂ/ਕਾਲਜਾਂ ਵਿਚ ਮੌਜੂਦਾ ਇੰਚਾਰਜ ਅਤੇ ਪ੍ਰਿੰਸੀਪਲ ਸਾਹਿਬਾਨ ਪਾਸੋਂ ਲਿਖਵਾਏ ਹਨ, ਤਾਂਕਿ ਪਾਠਕ-ਜਨ/ਸੰਗਤ ਆਪਣੇ ਬੱਚਿਆਂ ਨੂੰ ਆਪੋ-ਆਪਣੇ ਨੇੜਲੇ ਖੇਤਰਾਂ ਨਾਲ ਸੰਬੰਧਿਤ ਕਾਲਜ/ਵਿਦਿਆਲਿਆਂ ਵਿਚ ਦਾਖ਼ਲੇ ਦਿਵਾ ਸਕਣ ਅਤੇ ਉਨ੍ਹਾਂ ਨੂੰ ਗੁਰਸਿੱਖੀ ਜੀਵਨ ਵਾਲੇ ਬਣਾ ਕੇ ਪੰਥ ਦੇ ਸੇਵਕ ਬਣਾਉਣ।*

*ਸੋ ਸਿੱਖ ਪੰਥ ਦੀ ਮਹਿਕ ਪੂਰੇ ਵਿਸ਼ਵ ਵਿਚ ਇੰਵ ਹੀ ਫੈਲੇ, ਇਸ ਲਈ ਸਾਡਾ ਨੈਤਿਕ ਫ਼ਰਜ਼ ਬਣਦਾ ਹੈ ਕਿ ਸਾਡੇ ਬੱਚੇ ਜਿੱਥੇ ਦੁਨਿਆਵੀ ਵਿੱਦਿਆ ਹਾਸਲ ਕਰਦੇ ਹਨ, ਉੱਥੇ ਉਨ੍ਹਾਂ ਅੰਦਰ ਧਰਮ ਪ੍ਰਤੀ ਚਿਣਗ ਨੂੰ ਮਘਾਉਂਦੇ ਹੋਏ ਨੌਜਵਾਨਾਂ/ਬੱਚਿਆਂ ਨੂੰ ਇਨ੍ਹਾਂ ਮਿਸ਼ਨਰੀ ਕਾਲਜਾਂ ਵਿਦਿਆਲਿਆਂ ਵਿਚ ਦਾਖ਼ਲ ਕਰਨ/ਕਰਵਾਉਣ ਲਈ ਪ੍ਰੇਰਿਤ ਕਰੀਏ, ਤਾਂ ਜੋ ਉਹ ਇਨ੍ਹਾਂ ਕਾਲਜਾਂ/ਵਿਦਿਆਲਿਆਂ ਵਿੱਚੋਂ ਗੁਰਮਤਿ ਦੀ ਬਹੁ-ਪ੍ਰਕਾਰੀ ਸਿੱਖਿਆ ਹਾਸਲ ਕਰ ਕੇ ਕੌਮ ਦਾ ਨਾਮ ਉੱਚਾ ਕਰ ਸਕਣ।*

■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁਢਲੀ ਸੰਸਥਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ

*-ਪ੍ਰਿੰ. ਮਨਜੀਤ ਕੌਰ**

ਸ੍ਰੀ ਨਨਕਾਣਾ ਸਾਹਿਬ ਦੀ ਪਾਵਨ-ਪਵਿੱਤਰ ਧਰਤੀ ਮਾਨਵੀ ਤਹਿਜ਼ੀਬ ਦਾ ਉਹ ਮੁਕੱਦਸ ਸਥਾਨ ਹੈ ਜਿਸ ਪੁਰ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਇਸ ਸੁਭਾਗੀ ਧਰਤ ਦੇ ਜ਼ੱਰੇ-ਜ਼ੱਰੇ ਵਿੱਚੋਂ ਗੁਰੂ ਜੀ ਦੀ ਅਗੰਮੀ ਦਿਖ ਦੇ ਝਲਕਾਰੇ ਦਾ ਪ੍ਰਗਟਾਵਾ ਹੁੰਦਾ ਹੈ। ਦੁਨੀਆ ਦੇ ਕੋਨੇ-ਕੋਨੇ ਵਿਚ ਵੱਸਣ ਵਾਲੇ ਸਿੱਖਾਂ ਦੇ ਮਨ ਅੰਦਰ ਸ੍ਰੀ ਨਨਕਾਣਾ ਸਾਹਿਬ ਲਈ ਅਥਾਹ ਪ੍ਰੇਮ ਹੈ, ਹਰ ਸਿੱਖ ਇਸ ਗੁਰ-ਅਸਥਾਨ ਦੇ ਦਰਸ਼ਨਾਂ ਲਈ ਹਰ ਦਮ ਅਕਾਲ ਪੁਰਖ ਅੱਗੇ ਅਰਜ਼ੋਈ ਕਰਦਾ ਹੈ। ਇਸ ਸੁਭਾਗੀ ਧਰਤ ਤੋਂ *ਚੜ੍ਹਿਆ ਸੋਧਣਿ ਧਰਤਿ ਲੁਕਾਈ* ਦੇ ਅਨੁਸਾਰ ਅੰਧਕਾਰ ਦੇ ਪਸਾਰੇ ਨੂੰ ਮਿਟਾਉਣ ਲਈ ਸੱਚ ਦਾ ਸੂਰਜ ਪ੍ਰਗਟ ਹੋਇਆ ਜਿਸ ਦੇ ਤੇਜ਼ ਪ੍ਰਕਾਸ਼ ਅੱਗੇ ਅੰਧਕਾਰ ਦਾ ਸੰਘਣਾ ਗ਼ੁਬਾਰ ਮਿਟ ਗਿਆ। ਸ੍ਰੀ ਨਨਕਾਣਾ ਸਾਹਿਬ ਦੀ ਧਰਤੀ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਅਨੇਕਾਂ ਬਰਕਤਾਂ ਦੀ ਰਹਿਮਤ ਕੀਤੀ। ਇਸ ਪਾਵਨ ਧਰਤੀ ਉੱਤੇ ੨੧ ਫਰਵਰੀ, ੧੯੨੧ ਈ. ਨੂੰ ਭਿਆਨਕ ਖ਼ੂਨੀ ਸਾਕਾ ਵਾਪਰਿਆ, ਜਿਸ ਨੇ ਦੁਨੀਆ ਦੇ ਕੋਨੇ-ਕੋਨੇ ਵਿਚ ਵੱਸਦੀ ਮਨੁੱਖਤਾ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ। ਇਸ ਸਾਕੇ ਦੇ ਮੁੱਢ ਵੱਲ ਝਾਤ ਮਾਰੀਏ ਤਾਂ ਇਤਿਹਾਸਿਕ ਸ੍ਰੋਤਾਂ ਤੋਂ ਪਤਾ ਲਗਦਾ ਹੈ ਕਿ ੧੭ਵੀਂ ਸਦੀ ਤੋਂ ਸਿੱਖ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਉਦਾਸੀ ਮਹੰਤਾਂ ਵੱਲੋਂ ਕੀਤੀ ਜਾ ਰਹੀ ਸੀ, ਪਹਿਲੇ ਮਹੰਤ ਤਾਂ ਚੰਗੇ ਆਚਰਣ ਦੇ ਮਾਲਕ ਸਨ ਪਰ ਉਨ੍ਹਾਂ ਦੇ ਵੰਸ਼ਜ ਅੱਯਾਸ਼ ਤੇ ਦੁਰਾਚਾਰੀ ਆਚਰਣ ਦੇ ਮਾਲਕ ਸਨ। ਇਹ ਆਚਰਣਹੀਨ ਮਹੰਤ ਆਪਣੇ ਫ਼ਰਜ਼ਾਂ ਤੋਂ ਕਿਨਾਰਾ ਕਰ ਕੇ ਅੱਯਾਸ਼ੀ ਤੇ ਦੁਰਾਚਾਰੀ ਦੀਆਂ ਨੀਵਾਣਾਂ ਵਿਚ ਗਰਕ ਹੋ ਚੁੱਕੇ ਸਨ। ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਵੱਲੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਚੋਖੀਆਂ ਜਾਗੀਰਾਂ ਗੁਰੂ-ਘਰਾਂ ਦੇ ਨਾਮ ਲਗਵਾਈਆਂ ਗਈਆਂ ਸਨ। ਇਨ੍ਹਾਂ ਜ਼ਮੀਨਾਂ ਤੋਂ ਹੋਣ ਵਾਲੀ ਆਮਦਨ ਨੂੰ ਸਿੱਖ ਪੰਥ ਦੇ ਪ੍ਰਚਾਰ-ਪ੍ਰਸਾਰ ਹਿੱਤ ਲਗਾਉਣ ਦੀ ਬਜਾਇ ਇਹ ਦੁਰਾਚਾਰੀ ਮਹੰਤ ਆਪਣੀ ਅੱਯਾਸ਼ੀ ਲਈ ਵਰਤ ਰਹੇ ਸਨ। ਇਨ੍ਹਾਂ ਮਹੰਤਾਂ ਨੂੰ ਅੰਗਰੇਜ਼ ਸਰਕਾਰ ਦੀ ਪੂਰਨ ਹਮਾਇਤ ਪ੍ਰਾਪਤ ਸੀ, ਗੁਰਮਤਿ ਦੇ ਉਲਟ ਹਰ ਮੰਦੀ ਕਰਤੂਤ ਕਰਨ ਪਿੱਛੇ ਅੰਗਰੇਜ਼ ਹਕੂਮਤ ਵੱਲੋਂ ਇਨ੍ਹਾਂ ਮਹੰਤਾਂ ਦੀ ਪਿੱਠ 'ਤੇ ਥਾਪੜਾ ਸੀ ਜਿਸ ਕਰਕੇ ਗੁਰਦੁਆਰਾ ਸਾਹਿਬਾਨ ਨੂੰ ਇਹ ਮਹੰਤ ਆਪਣੀ ਨਿੱਜੀ

**ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਰਣਜੀਤਪੁਰਾ, ਪੁਤਲੀਘਰ, ਸ੍ਰੀ ਅੰਮ੍ਰਿਤਸਰ। ਮੋ. ੯੪੬੪੯੮੬੪੪੭*

ਜਾਇਦਾਦ ਸਮਝ ਕੇ ਮਨਆਈਆਂ ਕਰ ਰਹੇ ਸਨ, ਇਸੇ ਕਰਕੇ ਹੀ ਮਹੰਤ ਗੁਰਧਾਮਾਂ ਦੀਆਂ ਜਾਇਦਾਦਾਂ ਵੀ ਵੇਚ ਰਹੇ ਸਨ।

ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਦਾ ਸਾਧਨ ਗੁਰਧਾਮ ਸਨ। ਜਦ ਇਹ ਅਸਥਾਨ ਮਨਮਤੀਆਂ ਦੇ ਹੱਥਾਂ ਵਿਚ ਸਨ ਤਾਂ ਪ੍ਰਚਾਰ-ਪ੍ਰਸਾਰ ਕਿਵੇਂ ਹੋਣਾ ਸੀ? ਇਸ ਦਾ ਲਾਭ ਉਠਾ ਕੇ ਆਰੀਆ ਸਮਾਜੀ ਤੇ ਈਸਾਈ ਮਿਸ਼ਨਰੀਆਂ ਨੇ ਪੰਜਾਬ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ। ਈਸਾਈ ਮਿਸ਼ਨਰੀਆਂ ਵੱਲੋਂ ਵੱਡੇ ਪੱਧਰ 'ਤੇ ਲੋਕਾਂ ਦਾ ਧਰਮ-ਪਰਿਵਰਤਨ ਕੀਤਾ ਜਾ ਰਿਹਾ ਸੀ। ਸ਼ਰਧਾ ਰਾਮ ਫਿਲੌਰੀ ਵਰਗੇ ਸਨਾਤਨੀ ਪ੍ਰਚਾਰਕਾਂ ਨੇ ਸਿੱਖ ਧਰਮ ਦੇ ਖ਼ਿਲਾਫ਼ ਜ਼ਹਿਰ ਫੈਲਾਉਣੀ ਸ਼ੁਰੂ ਕੀਤੀ। ਅੰਗਰੇਜ਼ ਹਕੂਮਤ ਨੇ ਸਿੱਖਾਂ ਦੀ ਧਾਰਮਿਕ ਤੇ ਰਾਜਨੀਤਿਕ ਤਾਕਤ ਤੇ ਸਿੱਖ ਰਹੁ-ਰੀਤਾਂ ਸਬੰਧੀ ਜਾਣਕਾਰੀ ਲੈਣ ਲਈ ਮੌਲਵੀ ਬੂਟੇ ਸ਼ਾਹ ਅਤੇ ਪੰਡਤ ਸ਼ਰਧਾ ਰਾਮ ਫਿਲੌਰੀ ਵਰਗੇ ਗ਼ੈਰ-ਸਿੱਖ ਲੇਖਕਾਂ ਪਾਸੋਂ ਸਿੱਖ ਇਤਿਹਾਸ ਲਿਖਵਾਇਆ। ਅੰਗਰੇਜ਼ ਹਕੂਮਤ ਵੱਲੋਂ ਇਕੱਤਰ ਕੀਤੀ ਗਈ ਜਾਣਕਾਰੀ ਵਿਚ ਜੋ ਤੱਥ ਉਭਰ ਕੇ ਸਾਹਮਣੇ ਆਏ, ਉਨ੍ਹਾਂ ਵਿਚ ਮੁਢਲਾ ਤੱਥ ਸਿੱਖ ਜੀਵਨ-ਜਾਚ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ 'ਤੇ ਆਧਾਰਿਤ ਸੀ। ਇਸ ਨੂੰ ਜਾਣਨ ਤੋਂ ਬਾਅਦ ਹੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਅੰਗਰੇਜ਼ ਹਕੂਮਤ ਨੇ ਉਨ੍ਹਾਂ ਮਹੰਤਾਂ ਦੇ ਹੱਥਾਂ ਵਿਚ ਦਿੱਤਾ ਜੋ ਨਸ਼ਈ ਤੇ ਵਿਭਚਾਰੀ ਸਨ। ਇਨ੍ਹਾਂ ਮਹੰਤਾਂ ਦੇ ਹੱਥੋਂ ਗੁਰਧਾਮਾਂ ਨੂੰ ਅਜ਼ਾਦ ਕਰਵਾਉਣ ਲਈ ਕੌਮੀ ਜੁਝਾਰੂਆਂ ਨੇ ਗੁਰਦੁਆਰਾ ਸੁਧਾਰ ਲਹਿਰ ਅਰੰਭ ਕੀਤੀ। ਗੁਰਦੁਆਰਾ ਸੁਧਾਰ ਲਹਿਰ ਅਧੀਨ ਸਭ ਤੋਂ ਪਹਿਲਾਂ ਪੰਥ ਦੁਆਰਾ ਗੁਰਦੁਆਰਾ ਚੁਬਾਰਾ ਸਾਹਿਬ 'ਬਾਬੇ ਦੀ ਬੇਰ' ਸਿਆਲਕੋਟ ਦਾ ਪ੍ਰਬੰਧ ਮਹੰਤਾਂ ਕੋਲੋਂ ਸ਼ਾਂਤੀਪੂਰਨ ਹਾਸਲ ਕੀਤਾ ਗਿਆ। ਇਸ ਪਿੱਛੋਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲਿਆਉਣ ਲਈ ਸਿੱਖ ਸੰਗਤ ਨੂੰ ਸ਼ਾਂਤਮਈ ਰਹਿੰਦਿਆਂ ਹੋਇਆਂ ਵੀ ਮਹੰਤਾਂ ਦੀ ਗੁੰਡਾਗਰਦੀ ਕਾਰਨ ਦੋ ਸਿੰਘ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਭਾਈ ਹੁਕਮ ਸਿੰਘ ਵਸਾਊਕੋਟ ਸ਼ਹੀਦ ਹੋ ਗਏ। ਇਹ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਸਨ। ਇਸ ਉਪਰੰਤ ਸਿੱਖ ਸੰਗਤ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਅੱਯਾਸ਼ ਮਹੰਤਾਂ ਕੋਲੋਂ ਗੁਰਦੁਆਰਿਆਂ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲਿਆਉਣ ਦਾ ਫ਼ੈਸਲਾ ਕੀਤਾ। ਇਸੇ ਤਹਿਤ ਹੀ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਆਪਣੇ ਸ਼ਹੀਦੀ ਜਥੇ ਸਮੇਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਮਹੰਤ ਨਰੈਣ ਦਾਸ ਦੇ ਹੱਥਾਂ ਵਿੱਚੋਂ ਮੁਕਤ ਕਰਵਾਉਣ ਲਈ ਗਏ ਤੇ ਮਹੰਤਾਂ ਨੇ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਆਪਣੇ ਗੁੰਡਿਆਂ ਨਾਲ ਰਲ ਕੇ ਵਹਿਸ਼ੀਆਨਾ ਢੰਗ ਤਰੀਕਿਆਂ ਨਾਲ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਤੇ ਉਨ੍ਹਾਂ ਦੇ ਸਾਥੀ ਗੁਰੂ-ਪਿਆਰੇ ਸਿੱਖਾਂ ਦਾ ਵਹਿਸ਼ੀਆਨਾ ਢੰਗ ਨਾਲ ਕਤਲ-ਏ-ਆਮ ਕੀਤਾ ਜਿਸ ਨੂੰ ਪੰਥ ਨੇ 'ਸਾਕਾ ਨਨਕਾਣਾ ਸਾਹਿਬ' ਦਾ ਨਾਮ ਦੇ ਕੇ ਸਿੱਖ ਤਵਾਰੀਖ਼ ਵਿਚ ਦਰਜ ਕੀਤਾ। ਇਸ ਖ਼ੂਨੀ ਸਾਕੇ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ, ਕੌਮ ਵਿਚ ਭਾਰੀ ਰੋਸ ਤੇ ਜੋਸ਼ ਪੈਦਾ ਹੋਇਆ।

੨੩ ਫਰਵਰੀ ਨੂੰ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕੀਤਾ ਗਿਆ। ਜਥੇਦਾਰ ਸ. ਕਰਤਾਰ ਸਿੰਘ ਜੀ ਝੱਬਰ ੨੨੦੦ ਤਿਆਰ-ਬਰ-ਤਿਆਰ ਸਿੰਘਾਂ ਦੇ ਜਥੇ ਸਮੇਤ ਸ੍ਰੀ ਨਨਕਾਣਾ ਸਾਹਿਬ ਸਮੇਤ ਪੁੱਜ ਗਏ। ਇਸ ਜਥੇ ਨੂੰ ਦਬਾਉਣ ਦੀ ਸਰਕਾਰੀ ਕੋਸ਼ਿਸ਼ ਨਾਕਾਮ ਰਹੀ। ਸਿੰਘਾਂ ਦੇ ਜਜ਼ਬੇ ਤੇ ਜੋਸ਼ ਅੱਗੇ ਝੁਕਦਿਆਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀਆਂ ਚਾਬੀਆਂ ਸਿੱਖ ਪੰਥ ਨੂੰ ਸੌਂਪ ਦਿੱਤੀਆਂ। ਇਸ ਤਰ੍ਹਾਂ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜਥੇ ਦੀਆਂ ਸ਼ਹੀਦੀਆਂ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਦੁਰਾਚਾਰੀ ਮਹੰਤਾਂ ਤੋਂ ਅਜ਼ਾਦ ਕਰਵਾ ਦਿੱਤਾ।

੫ ਮਾਰਚ, ੧੯੨੧ ਈ. ਨੂੰ ਇਸ ਸਾਕੇ ਵਿਚ ਸ਼ਹੀਦ ਹੋਏ ਗੁਰਮੁਖ ਪਿਆਰਿਆਂ ਦੀ ਯਾਦ ਵਿਚ ਸ਼ਹੀਦੀ ਦਿਵਸ ਸ੍ਰੀ ਨਨਕਾਣਾ ਸਾਹਿਬ ਵਿਖੇ ਮਨਾਇਆ ਗਿਆ। ਇਸ ਸਾਕੇ ਨੇ ਸਿੱਖ ਕੌਮ ਨੂੰ ਏਕਤਾ, ਗੰਭੀਰਤਾ ਅਤੇ ਸਵੈ-ਪੜਚੋਲ ਕਰਨ ਲਈ ਹਲੂਣਾ ਦਿੱਤਾ। ਪੰਥਕ ਆਗੂਆਂ ਵੱਲੋਂ ਇਸ ਸਾਕੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦਗਾਰ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਤਾਂ ਕਿ ਇਸ ਸਾਕੇ ਦੀ ਸਦੀਵੀ ਯਾਦ ਸਿੱਖਾਂ ਦੇ ਦਿਲਾਂ ਵਿਚ ਜਿਊਂਦੀ ਰਹੇ। ਇਸ ਪ੍ਰਥਾਇ ਸਭ ਤੋਂ ਪਹਿਲਾ ਕਾਰਜ ਸ਼ਹੀਦ ਸਿੰਘਾਂ ਦੇ ਪਰਵਾਰਾਂ ਦੀ ਆਰਥਿਕ ਮਦਦ, ਸ਼ਹੀਦ ਸਿੰਘਾਂ ਦਾ ਜੀਵਨ ਇਤਿਹਾਸ ਲਿਖਵਾਉਣਾ ਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਨ ਹਿੱਤ ਗੁਰਸਿੱਖ ਪ੍ਰਚਾਰਕ ਤੇ ਗ੍ਰੰਥੀ ਤਿਆਰ ਕਰਨ ਲਈ ਸਿੱਖ ਮਿਸ਼ਨਰੀ ਕਾਲਜ ਖੋਲ੍ਹਣ ਲਈ ਮਤੇ ਪਾਸ ਕੀਤੇ ਗਏ। ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ੨੫੦੦੦ ਰੁਪਏ ਦੇ ਲਗਪਗ ਸ਼ਹੀਦੀ ਫੰਡ ਇਕੱਠਾ ਕੀਤਾ ਗਿਆ। ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਅਤੇ ਗੁਰਮਤਿ ਰਹਿਤ ਮਰਯਾਦਾ ਦੀ ਨਿਰੋਲ ਸਥਾਪਤੀ ਲਈ ਸਿੱਖ ਕੌਮ ਦੇ ਤਤਕਾਲੀ ਆਗੂਆਂ ਤੇ ਸੁਹਿਰਦ ਸਿੱਖ ਵਿਦਵਾਨਾਂ ਨੇ ਗੁਰਮਤਿ ਦੇ ਗਾਡੀ ਰਾਹ 'ਤੇ ਚੱਲਣ ਅਤੇ ਦ੍ਰਿੜ੍ਹ ਇਰਾਦੇ ਵਾਲੇ ਮਿਸ਼ਨਰੀ ਪ੍ਰਚਾਰਕ ਪੈਦਾ ਕਰਨ ਦਾ ਵਿਚਾਰ ਬਣਾਇਆ। ਸ. ਨਰੈਣ ਸਿੰਘ ਜੀ ਬਰਿਸਟਰ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਮੈਨੇਜਰ ਨਿਯੁਕਤ ਕਰ ਕੇ ਪ੍ਰਬੰਧ ਦੀ ਸਮੁੱਚੀ ਜ਼ਿੰਮੇਵਾਰੀ ਸੌਂਪੀ ਗਈ।

ਸਿੱਖ ਪੰਥ ਦੇ ਪ੍ਰਚਾਰ-ਪ੍ਰਸਾਰ ਨੂੰ ਮੁੱਖ ਰੱਖ ਕੇ ੧੯੨੨ ਈ. ਵਿਚ 'ਸਿੱਖ ਮਿਸ਼ਨਰੀ ਸੁਸਾਇਟੀ' ਸ੍ਰੀ ਨਨਕਾਣਾ ਸਾਹਿਬ ਵਿਖੇ ਕਾਇਮ ਕੀਤੀ ਗਈ। ਸਰਦਾਰ ਉੱਤਮ ਸਿੰਘ ਜੀ ਨੂੰ ਮਿਸ਼ਨਰੀ ਸੁਸਾਇਟੀ ਦੇ ਸਕੱਤਰ ਵਜੋਂ ਨਿਯੁਕਤ ਕੀਤਾ ਗਿਆ। ਇਸ ਸੁਸਾਇਟੀ ਵਿਚ ਲਗਪਗ ੩੦ ਪ੍ਰਚਾਰਕ ਤੇ ਰਾਗੀ-ਢਾਡੀ ਜਥੇ ਦੇ ਰੂਪ ਵਿਚ ਸੇਵਾ ਵਜੋਂ ਭਰਤੀ ਕੀਤੇ ਗਏ। ਜਿਨ੍ਹਾਂ ਨੇ ਸਿੱਖ ਪੰਥ ਦੇ ਪ੍ਰਚਾਰ-ਪ੍ਰਸਾਰ ਵਿਚ ਵੱਡਾ ਯੋਗਦਾਨ ਪਾਇਆ। ਇਨ੍ਹਾਂ ਸਿੱਖ ਪ੍ਰਚਾਰਕਾਂ ਨੇ ਸਿੱਖ ਧਰਮ ਵਿਚ ਫੈਲੀਆਂ ਕੁਰੀਤੀਆਂ ਤੋਂ ਸਿੱਖ ਸੰਗਤ ਨੂੰ ਜਾਗਰੂਕ ਕਰਨ ਦੇ ਸਿਰਤੋੜ ਉਪਰਾਲੇ ਕੀਤੇ। ਇਸ ਨੂੰ ਸਿੱਖ ਜਾਗ੍ਰਿਤੀ ਦਾ ਸਮਾਂ ਕਿਹਾ ਜਾ ਸਕਦਾ ਹੈ। ਇਵੇਂ ਮਿਸ਼ਨਰੀ ਸੁਸਾਇਟੀ ਵੱਲੋਂ ੧੯੨੨ ਈ. ਵਿਚ ੩੫੦੦੦ ਰੁਪਏ ਇਕੱਤਰ ਕਰ ਕੇ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਦੇ ਨੇੜੇ ਇਕ ਇਮਾਰਤ ਖਰੀਦੀ ਗਈ ਜੋ ਕਿ

ਪਹਿਲਾਂ ਆਰੀਆ ਸਮਾਜੀ ਸਕੂਲ ਦੇ ਲੜਕਿਆਂ ਦਾ ਹੋਸਟਲ ਸੀ। ਖਾਲਸਾ ਕਾਲਜ ਦੇ ਨੇੜੇ ਮਿਸ਼ਨਰੀ ਕਾਲਜ ਖੋਲ੍ਹਣ ਦਾ ਮੁੱਖ ਮਕਸਦ ਖਾਲਸਾ ਕਾਲਜ ਦੇ ਵਿਦਵਾਨ ਪ੍ਰੋਫ਼ੈਸਰ ਸਾਹਿਬਾਨ ਦੀ ਵਿਦਵਤਾ ਤੋਂ ਵੱਧ ਤੋਂ ਵੱਧ ਲਾਭ ਲੈਣਾ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੩੦ ਮਾਰਚ, ੧੯੨੨ ਈ. ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸਥਾਪਿਤ ਕਰਨ ਦਾ ਮਤਾ ਪਾਸ ਕੀਤਾ। ਬਾਵਾ ਹਰਿਕ੍ਰਿਸ਼ਨ ਸਿੰਘ ਜੀ ਨੂੰ ਮਿਸ਼ਨਰੀ ਕਾਲਜ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਬਾਵਾ ਹਰਿਕ੍ਰਿਸ਼ਨ ਸਿੰਘ ਜੀ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਦੇ ਪ੍ਰਿੰਸੀਪਲ ਸਨ ਤੇ ਨਾਲ-ਨਾਲ ਖਾਲਸਾ ਉਪਦੇਸ਼ਕ ਵਿਦਿਆਲਾ, ਘਰਜਾਖ ਵੀ ਚਲਾ ਰਹੇ ਸਨ। ਜੂਨ, ੧੯੨੨ ਨੂੰ ਪ੍ਰੋ. ਸਾਹਿਬ ਸਿੰਘ (ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੂੰ ਸਿੱਖ ਮਿਸ਼ਨਰੀ ਸੁਸਾਇਟੀ ਦਾ ਇੰਚਾਰਜ ਲਗਾ ਦਿੱਤਾ ਗਿਆ ਤੇ ਮਿਸ਼ਨਰੀ ਕਾਲਜ ਲਈ ਸਕੀਮ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਸਮੇਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ਿਆਦਾ ਅਧਿਕਾਰੀ ਤੇ ਸਿਰਕੱਢ ਸਿੱਖ ਆਗੂ ਗੁਰਦੁਆਰਾ ਸੁਧਾਰ ਲਹਿਰ ਅਧੀਨ ਚੱਲ ਰਹੇ ਮੋਰਚਿਆਂ ਦੌਰਾਨ ਅੰਗਰੇਜ਼ ਹਕੂਮਤ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਸਨ। ਇਹ ਗ੍ਰਿਫ਼ਤਾਰੀਆਂ ਤੇ ਜੇਲ੍ਹ ਯਾਤਰਾ ਦਾ ਘੋਲ ਕਾਫ਼ੀ ਲੰਮਾ ਸਮਾਂ ਚੱਲਦਾ ਗਿਆ ਜਿਸ ਕਰਕੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ਼ੁਰੂ ਕਰਨ ਦਾ ਕੰਮ ਲਟਕਦਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਧਰਮ ਦੇ ਪ੍ਰਚਾਰ ਦਾ ਘੇਰਾ ਵਿਸ਼ਾਲ ਕਰਨ ਲਈ ਤਤਪਰ ਸੀ। ਇਸ ਸਮੇਂ ਈਸਾਈ ਮਿਸ਼ਨਰੀ ਤੇ ਸਨਾਤਨੀ ਧਰਮ ਦੇ ਪ੍ਰਚਾਰਕਾਂ ਵੱਲੋਂ ਆਪੋ-ਆਪਣੇ ਮਤ ਦਾ ਪ੍ਰਚਾਰ ਬਹੁਤ ਜ਼ੋਰਾਂ ਨਾਲ ਕੀਤਾ ਜਾ ਰਿਹਾ ਸੀ। ਇਨ੍ਹਾਂ ਦੇ ਮੁਕਾਬਲੇ ਵਿਚ ਸਿੱਖ ਧਰਮ ਦੇ ਪ੍ਰਚਾਰਕ ਤਿਆਰ ਕਰਨੇ ਤਤਕਾਲੀ ਸਮੇਂ ਦੀ ਵੱਡੀ ਲੋੜ ਸੀ। ਬੇਸ਼ੱਕ ਅੰਗਰੇਜ਼ ਹਕੂਮਤ ਨੇ ਸਿੱਖ ਕੌਮ ਨੂੰ ਕਈ ਤਰ੍ਹਾਂ ਦੀਆਂ ਸਾਜ਼ਿਸ਼ਾਂ ਵਿਚ ਉਲਝਾਈ ਰੱਖਿਆ ਪ੍ਰੰਤੂ ਫਿਰ ਵੀ ਕੌਮ ਦੇ ਸੂਝਵਾਨ ਆਗੂਆਂ ਨੇ ਸਿੱਖ ਪ੍ਰਚਾਰ ਮਿਸ਼ਨ ਦਾ ਮੁਢਲਾ ਕੇਂਦਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਖੋਲਣ ਵਿਚ ਕਾਮਯਾਬੀ ਹਾਸਲ ਕੀਤੀ।

ਅਖੀਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਤੰਬਰ ੧੯੨੭ ਤੋਂ ਮਿਸ਼ਨਰੀ ਕਾਲਜ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ੦੧ ਅਕਤੂਬਰ, ੧੯੨੭ ਈ. ਨੂੰ ਕਾਲਜ ਅਰੰਭ ਕਰਨ ਸਬੰਧੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਬੰਧਕੀ ਬੋਰਡ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਦੇ ਕੁਝ ਮੈਂਬਰ ਸਾਹਿਬਾਨ ਵੱਲੋਂ ਦਸਵੀਂ ਪਾਸ ਉਮੀਦਵਾਰਾਂ ਦੀ ਚੋਣ ਕੀਤੀ ਗਈ। ਇਨ੍ਹਾਂ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੇ ਨਾਮ— ੧. ਗਿ. ਸੋਹਣ ਸਿੰਘ ਜੀ 'ਡੋਰਾ' ੨. ਗਿ. ਭਜਨ ਸਿੰਘ ਜੀ ੩. ਗਿ. ਈਸ਼ਰ ਸਿੰਘ ਬੰਸਾਲੀ ੪. ਸ. ਸਰਦੂਲ ਸਿੰਘ ਜੀ 'ਗਾਲਿਬ' ੫. ਗਿ. ਬਾਦਲ ਸਿੰਘ ਜੀ 'ਗੰਡੀਵਿੰਡ' ੬. ਗਿ. ਗੁਰਬਚਨ ਸਿੰਘ ਜੀ ੭. ਗਿ. ਧਰਮ ਸਿੰਘ ਜੀ

ਦੋ ਵਿਦਿਆਰਥੀ ਸ. ਈਸ਼ਰ ਸਿੰਘ ਮਝੈਲ ਅਤੇ ਸ. ਹਰਚਰਨ ਸਿੰਘ ਹੁਡਿਆਰਾ ਨੂੰ ਬਿਨ੍ਹਾਂ ਮੁਕਾਬਲਾ ਭਰਤੀ ਕੀਤਾ ਗਿਆ। ਇਸ ਕੋਰਸ ਦਾ ਕੋਈ ਖ਼ਰਚਾ ਨਹੀਂ ਰੱਖਿਆ ਗਿਆ, ਹਰ ਇਕ ਵਿਦਿਆਰਥੀ ਨੂੰ ੨੦ ਰੁਪਏ ਮਾਸਿਕ ਵਜ਼ੀਫ਼ਾ ਮੁਕੱਰਰ ਕੀਤਾ ਗਿਆ। ਵਜ਼ੀਫ਼ੇ ਤੋਂ ਬਿਨਾਂ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਵੀ ਤਜਵੀਜ਼ ਰੱਖੀ ਗਈ। ਤਰਨ ਤਾਰਨ ਨਿਵਾਸੀ ਪ੍ਰਸਿੱਧ ਵਿਦਵਾਨ ਸ. ਗੰਗਾ ਸਿੰਘ ਜੀ ਦੀ ਨਿਯੁਕਤੀ ਕਾਲਜ ਦੇ ਪਹਿਲੇ ਪ੍ਰਿੰਸੀਪਲ ਵਜੋਂ ਕੀਤੀ ਗਈ।

ਕਾਲਜ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਮਿਸ਼ਨਰੀ ਕਾਲਜ ਦੀ ਸੱਤ ਮੈਂਬਰੀ ਕੌਂਸਲ ਸਥਾਪਿਤ ਕਰ ਕੇ ਪ੍ਰਬੰਧਕੀ ਬੋਰਡ ਬਣਾਇਆ ਗਿਆ। ਇਸ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਤੇ ਕਾਲਜ ਦੇ ਮੈਂਬਰ ਇੰਚਾਰਜ ਮਾਸਟਰ ਤਾਰਾ ਸਿੰਘ ਜੀ ਨੂੰ ਲਗਾਇਆ ਗਿਆ। ਹੇਠ ਲਿਖੀਆਂ ਪੰਥ-ਪ੍ਰਸਿੱਧ ਪੰਜ ਸ਼ਖ਼ਸੀਅਤਾਂ ਨੂੰ ਬੋਰਡ ਦੇ ਮੈਂਬਰਾਂ ਵਜੋਂ ਚੁਣਿਆ ਗਿਆ:-

੧. ਸ. ਤੇਜਾ ਸਿੰਘ ਜੀ ਭੁੱਚਰ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ੨. ਗਿਆਨੀ ਸ਼ੇਰ ਸਿੰਘ ਜੀ ੩. ਪ੍ਰੋਫ਼ੈਸਰ ਜੋਧ ਸਿੰਘ ਜੀ ਖਾਲਸਾ ਕਾਲਜ ੪. ਪ੍ਰੋ. ਤੇਜਾ ਸਿੰਘ ਜੀ ਖਾਲਸਾ ਕਾਲਜ ੫. ਪ੍ਰਿੰ. ਗੰਗਾ ਸਿੰਘ ਜੀ ੬. ਪ੍ਰਧਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ।

ਮਿਸ਼ਨਰੀ ਕਾਲਜ ਨੂੰ ਚਲਾਉਣ ਲਈ ਹੋਣ ਵਾਲੇ ਸਾਰੇ ਖ਼ਰਚੇ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਪ੍ਰਬੰਧਕ ਕਮੇਟੀ ਕਰ ਰਹੀ ਸੀ। ਸਟਾਫ਼ ਦੀਆਂ ਤਨਖਾਹਾਂ ਤੇ ਵਿਦਿਆਰਥੀਆਂ ਦੇ ਵਜ਼ੀਫ਼ੇ ਵੀ ਨਨਕਾਣਾ ਸਾਹਿਬ ਅਸਟੇਟ ਵੱਲੋਂ ਦਿੱਤੇ ਜਾਂਦੇ ਸਨ। ਅਕਤੂਬਰ ੧੯੨੭ ਤੋਂ ਦੇਸ਼ ਦੀ ਵੰਡ (੧੯੪੭ ਈ.) ਤਕ ਮਿਸ਼ਨਰੀ ਕਾਲਜ ਦਾ ਸਮੁੱਚਾ ਖ਼ਰਚਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਕਮੇਟੀ ਵੱਲੋਂ ਕੀਤਾ ਜਾਂਦਾ ਸੀ। ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਲ ਮਾਇਆ ਦੇ ਸਾਧਨਾਂ ਦੀ ਕਾਫ਼ੀ ਘਾਟ ਸੀ। ਇਸ ਸਮੇਂ ਕਮੇਟੀ ਕਾਲਜ ਦਾ ਖ਼ਰਚਾ ਚੁੱਕਣ ਦੇ ਸਮਰੱਥ ਨਹੀਂ ਸੀ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਸਥਾਪਤੀਆਂ ਤੋਂ ਹੀ ਅੰਗਰੇਜ਼ ਸਰਕਾਰ ਦੇ ਜਬਰ ਦੇ ਖ਼ਿਲਾਫ਼ ਲਗਾਤਾਰ ਮੋਰਚਿਆਂ ਤੇ ਗ੍ਰਿਫ਼ਤਾਰੀਆਂ ਵਿਚ ਉਲਝੀ ਹੋਈ ਸੀ। ਇਸ ਲਈ ਜ਼ਿਆਦਾ ਮਾਇਆ ਇਸ ਪਾਸੇ ਖ਼ਰਚ ਹੋ ਰਹੀ ਸੀ।

ਪਹਿਲੇ ਸੈਸ਼ਨ ਵਿਚ ਮਿਸ਼ਨਰੀ (ਪ੍ਰਚਾਰਕ) ਦਾਖ਼ਲ ਕੀਤੇ ਜਾ ਚੁੱਕੇ ਸਨ। ਕਾਲਜ ਦੇ ਪ੍ਰਬੰਧਕੀ ਬੋਰਡ ਵੱਲੋਂ ਦੋ-ਸਾਲਾ ਕੋਰਸ ਦਾ ਸਿਲੇਬਸ (ਪਾਠ ਕ੍ਰਮ) ਤਿਆਰ ਕੀਤਾ ਗਿਆ। ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਤੇ ਅਰਥ-ਬੋਧ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵਈਏ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਸਬੰਧੀ ਵਿਸ਼ੇਸ਼ ਵਿਚਾਰ-ਚਰਚਾ **ਪਹਿਲੇ ਪਰਚੇ** ਦਾ ਸਿਲੇਬਸ ਸੀ, **ਦੂਜਾ ਪਰਚਾ**-ਸੰਸਾਰ ਦੇ ਪ੍ਰਮੁੱਖ ਧਰਮਾਂ ਦੀ ਜਾਣ-ਪਛਾਣ, **ਪਰਚਾ ਤੀਜਾ**-ਸਿੱਖ ਕੌਮ

ਦਾ ਇਤਿਹਾਸ, **ਪਰਚਾ ਚੌਥਾ**-ਪੁਰਾਤਨ ਸਿੱਖ ਗ੍ਰੰਥਾਂ ਦਾ ਅਧਿਐਨ, **ਪਰਚਾ ਪੰਜਵਾਂ**-ਗੁਰਮਤਿ ਫ਼ਲਸਫ਼ਾ, **ਪਰਚਾ ਛੇਵਾਂ**- ਸਿੱਖ ਰਹਿਤ ਮਰਯਾਦਾ ਤੇ ਸੰਸਕਾਰ ਵਿਧੀ।

ਇਨ੍ਹਾਂ ਛੇ ਪਰਚਿਆਂ ਤੋਂ ਇਲਾਵਾ ਵਿਦਿਆਰਥੀਆਂ ਨੂੰ ਕਥਾ, ਵਖਿਆਨ ਅਤੇ ਕਿਸੇ ਵੀ ਤਤਕਾਲੀ ਮੁੱਦੇ ਜਾਂ ਵਿਸ਼ੇ ਉੱਪਰ ਵਿਚਾਰ-ਚਰਚਾ ਦੀ ਪ੍ਰੀਖਿਆ ਵੀ ਲਈ ਜਾਂਦੀ ਸੀ ਜਿਸ ਨੂੰ ਪਾਸ ਕਰਨਾ ਹਰੇਕ ਵਿਦਿਆਰਥੀ ਲਈ ਲਾਜ਼ਮੀ ਕੀਤਾ ਗਿਆ ਸੀ। ਇਸ ਦੇ ਨਾਲ ਦੇਵਨਾਗਰੀ ਤੇ ਅਰਬੀ ਭਾਸ਼ਾਵਾਂ ਵਿਚ ਵਿਦਿਆਰਥੀਆਂ ਤੋਂ ਲੇਖ ਲਿਖਵਾ ਕੇ ਦੂਜੀਆਂ ਭਾਸ਼ਾਵਾਂ ਦੀ ਵੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਸੀ। ਸਿੱਖ ਵਿਦਵਾਨ ਮਿਸ਼ਨਰੀ ਕੋਰਸ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਹਰ ਪੱਖ ਤੋਂ ਪ੍ਰਪੱਕ ਕਰਨਾ ਚਾਹੁੰਦੇ ਸਨ।

ਮਿਸ਼ਨਰੀ ਕਾਲਜ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਚੋਣ ੦੧ ਅਕਤੂਬਰ ਨੂੰ ਹੋ ਚੁਕੀ ਸੀ। ਕਾਲਜ ਦੀ ਅਰੰਭਤਾ ਲਈ ੨ ਅਕਤੂਬਰ, ੧੯੨੭ ਈ. ਸਵੇਰ ਵੇਲੇ ਅਖੰਡ ਪਾਠ ਸਾਹਿਬ ਦਾ ਭੋਗ ਪਾਉਣ ਉਪਰੰਤ ਕੀਰਤਨੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ, ਪ੍ਰਿੰ. ਗੰਗਾ ਸਿੰਘ ਜੀ ਨੇ ਕਥਾ-ਵਿਚਾਰ ਕੀਤੀ। ਇਸ ਮੌਕੇ ਬਾਬਾ ਖੜਕ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਖਾਲਸਾ ਕਾਲਜ, ਪ੍ਰੋ. ਜੋਧ ਸਿੰਘ ਜੀ, ਸ. ਮੋਹਨ ਸਿੰਘ ਜੀ ਵੈਦ, ਗਿਆਨੀ ਸ਼ੇਰ ਸਿੰਘ ਜੀ, ਪ੍ਰੋ. ਤਾਰਨ ਸਿੰਘ ਜੀ ਆਦਿ ਸਿੱਖ ਆਗੂਆਂ ਵੱਲੋਂ ਮਿਸ਼ਨਰੀ ਕਾਲਜ ਨੂੰ ਖੋਲ੍ਹਣ ਦੇ ਆਸ਼ੇ ਸਬੰਧੀ ਤਕਰੀਰਾਂ ਪੇਸ਼ ਕੀਤੀਆਂ ਗਈਆਂ। ਗਿ. ਸ਼ੇਰ ਸਿੰਘ ਜੀ ਨੇ ਅਰਦਾਸ ਕੀਤੀ ਤੇ ਬਾਬਾ ਖੜਕ ਸਿੰਘ ਜੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਅਰੰਭਤਾ ਦੀ ਰਸਮ ਅਦਾ ਕੀਤੀ। ਇਸ ਤਰ੍ਹਾਂ ੨ ਅਕਤੂਬਰ, ੧੯੨੭ ਈ. ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਦੋ-ਸਾਲਾ ਪ੍ਰਚਾਰਕ ਕੋਰਸ ਦਾ ਪਹਿਲਾ ਸੈਸ਼ਨ ਅਰੰਭ ਕੀਤਾ ਗਿਆ। ਕਾਲਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਈ ਗੁਰਸਿੱਖਾਂ ਤੇ ਪੰਥਕ ਆਗੂਆਂ ਨੇ ਮਾਇਆ ਭੇਟ ਕੀਤੀ। ਇਸ ਮੌਕੇ ਬਾਬਾ ਖੜਕ ਸਿੰਘ ਜੀ ਨੇ ੭੦੦੦ ਰੁਪਏ ਕਾਲਜ ਨੂੰ ਭੇਟਾ ਕੀਤੇ ਸਨ।

ਕਾਲਜ ਵਿਚ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਪ੍ਰਿੰ. ਗੰਗਾ ਸਿੰਘ ਜੀ ਤੋਂ ਇਲਾਵਾ ਗਿ. ਸ਼ੇਰ ਸਿੰਘ ਜੀ, ਪੰਡਤ ਕਰਤਾਰ ਸਿੰਘ ਜੀ ਦਾਖ਼ਾ ਤੇ ਗਿ. ਕਰਤਾਰ ਸਿੰਘ ਜੀ (ਮਨੀ ਮਾਜਰਾ) ਨੂੰ ਨਿਯੁਕਤ ਕੀਤਾ ਗਿਆ। ਕਾਲਜ ਦੀ ਪੜ੍ਹਾਈ ਸਵੇਰੇ ੪:੦੦ ਵਜੇ ਤੋਂ ਹੀ ਸ਼ੁਰੂ ਹੋ ਜਾਂਦੀ ਸੀ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ ਨਿੱਤਨੇਮ, ਕੀਰਤਨ, ਕਥਾ ਤੇ ਅਰਦਾਸ ਕਾਲਜ ਦੇ ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਦੀ ਮਰਯਾਦਾ ਸੀ। ਕਥਾ ਸਿਖਲਾਈ ਦਾ ਪੀਰੀਅਡ ਵੀ ਗੁਰਦੁਆਰਾ ਸਾਹਿਬ ਸਵੇਰੇ ਹੀ ਲੱਗ ਜਾਂਦਾ ਸੀ। ਸਵੇਰੇ ੧੦:੦੦ ਵਜੇ ਤੋਂ ਦੁਪਹਿਰ ੦੧:੦੦ ਵਜੇ ਤਕ ਕਾਲਜ ਦੀ ਪੜ੍ਹਾਈ ਹੁੰਦੀ ਤੇ ਫਿਰ ਦੁਪਹਿਰ ਦਾ ਲੰਗਰ ਛਕਣ ਤੋਂ ਬਾਅਦ ਅਰਾਮ ਕੀਤਾ ਜਾਂਦਾ ਸੀ। ਸ਼ਾਮ ਨੂੰ ਫਿਰ ਗੁਰਬਾਣੀ ਕੰਠ ਕਰ ਕੇ ਅਰਥਾਂ ਸਹਿਤ ਲਿਖਣ ਦਾ ਪੀਰੀਅਡ ਗੁਰਦੁਆਰਾ ਸਾਹਿਬ ਵਿਖੇ ਲਗਾਉਣ ਉਪਰੰਤ 'ਸੋ ਦਰੁ' ਦੀ ਚੌਕੀ ਹੁੰਦੀ। ਇਸ ਸਮੇਂ ਵੀ ਕੋਈ ਵਿਸ਼ਾ

ਲੈ ਕੇ ਵਿਦਿਆਰਥੀਆਂ ਵੱਲੋਂ ਲੈਕਚਰ ਕੀਤਾ ਜਾਂਦਾ। ਇਹ ਹਰ ਇਕ ਦਿਨ ਦੀ ਪ੍ਰਕਿਰਿਆ ਸੀ। ਗੁਰਦੁਆਰਾ ਸਾਹਿਬ ਦੀ ਹਾਜ਼ਰੀ ਹਰ ਵਿਦਿਆਰਥੀ ਲਈ ਜ਼ਰੂਰੀ ਸੀ। ਅਵੇਸਲੇ ਵਿਦਿਆਰਥੀਆਂ ਲਈ ਕਾਲਜ ਵਿਚ ਕੋਈ ਟਿਕਾਣਾ ਨਹੀ ਹੀ। ਪ੍ਰਿੰ. ਗੰਗਾ ਸਿੰਘ ਜੀ ਤੇ ਉਨ੍ਹਾਂ ਦੇ ਸਹਿਯੋਗੀ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਗੁਰਮਤਿ ਮਰਯਾਦਾ ਵਿਚ ਪੂਰੀ ਤਰ੍ਹਾਂ ਪ੍ਰਪੱਕ ਕਰਨ ਹਿੱਤ ਪੂਰੀ ਮਿਹਨਤ ਤੇ ਦ੍ਰਿੜ੍ਹਤਾ ਨਾਲ ਪੜ੍ਹਾਈ ਕਰਵਾਈ ਜਾਂਦੀ ਰਹੀ। ਕਾਲਜ ਦੀ ਇਕ ਵਾਲੀਵਾਲ ਟੀਮ ਵੀ ਬਣਾਈ ਗਈ ਸੀ, ਜੋ ਸਟੇਟ ਲੈਵਲ (ਰਾਜ ਪੱਧਰ) 'ਤੇ ਖੇਡਣ ਜਾਂਦੀ ਰਹੀ, ਪ੍ਰਿੰ. ਗੰਗਾ ਸਿੰਘ ਇਸ ਟੀਮ ਦੇ ਕੋਚ ਸਨ। ਇਸ ਟੀਮ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਖੇਡਿਆ ਕਰਦੇ ਸਨ।

ਦੋ ਸਾਲ ਦਾ ਕੋਰਸ ਪੂਰਾ ਹੋਣ ਉਪਰੰਤ ਪਹਿਲੇ ਬੈਚ ਦੇ ਵਿਦਿਆਰਥੀ ਚੰਗੇ ਕਥਾ-ਵਾਚਕ ਤੇ ਵਧੀਆ ਬੁਲਾਰੇ ਬਣ ਕੇ ਸਿੱਖ ਪੰਥ ਦੀ ਸੇਵਾ ਲਈ ਤਿਆਰ ਹੋ ਚੁੱਕੇ ਸਨ। ਇਨ੍ਹਾਂ ਪ੍ਰਚਾਰ ਹਿੱਤ ਤਿਆਰ ਪ੍ਰਚਾਰਕ ਸਿੰਘਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਸਥਾਨਾਂ ਉੱਪਰ ਪ੍ਰਚਾਰ ਲਈ ਭੇਜਿਆ ਗਿਆ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਦੋ ਮਿਸ਼ਨ 'ਸਿੱਖ ਮਿਸ਼ਨ ਹਾਪੜ' ਤੇ 'ਸਿੱਖ ਮਿਸ਼ਨ ਕਾਂਗੜਾ' ਅਰੰਭ ਕਰਨ ਦੀ ਪ੍ਰਵਾਨਗੀ ਲਈ। ਕਾਲਜ ਦੇ ਵਿਦਿਆਰਥੀ ਗਿ. ਬਾਦਲ ਸਿੰਘ 'ਗੰਡੀਵਿੰਡ' ਨੂੰ ਹਾਪੜ ਮਿਸ਼ਨ ਦਾ ਮੁਖੀ ਨਿਯਤ ਕੀਤਾ। ਸ. ਸਰਦੂਲ ਸਿੰਘ ਗਾਲਿਬ ਨੂੰ 'ਸਿੱਖ ਮਿਸ਼ਨ ਕਾਂਗੜਾ' ਵਿਚ ਭੇਜਿਆ ਗਿਆ। ਗਿ. ਗੁਰਬਚਨ ਸਿੰਘ ਜੀ ਨੂੰ ਆਗਰਾ ਵਿਖੇ ਪ੍ਰਚਾਰ ਕਰਨ ਲਈ ਭੇਜਿਆ ਗਿਆ। ਇਨ੍ਹਾਂ ਪਹਿਲੇ ਬੈਚ ਦੇ ਮਿਸ਼ਨਰੀ ਪ੍ਰਚਾਰਕਾਂ ਨੇ ਭਾਰਤ ਦੇ ਹਰ ਹਿੱਸੇ ਵਿਚ ਪਹੁੰਚ ਕੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਜਿਸ ਮਿਹਨਤ, ਲਗਨ, ਦ੍ਰਿੜ੍ਹਤਾ, ਦਲੇਰੀ ਤੇ ਪਰਉਪਕਾਰੀ ਭਾਵਨਾ ਨਾਲ ਕੰਮ ਕੀਤਾ ਉਸ ਨਾਲ ਸਿੱਖ ਮਿਸ਼ਨਰੀ ਕੌਮੀ ਜਜ਼ਬੇ ਦੇ ਪ੍ਰਤੀਕ ਵਜੋਂ ਉਭਰ ਕੇ ਸੰਸਾਰ ਦੇ ਸਾਹਮਣੇ ਆਏ। ਮਿਸ਼ਨਰੀ ਸ਼ਬਦ ਕੇਵਲ ਕਿਸੇ ਖਾਸ ਧਰਮ ਦੇ ਸਮਰਪਿਤ ਪ੍ਰਚਾਰਕ ਦੀ ਪਹਿਚਾਣ ਤਕ ਸੀਮਤ ਨਾ ਰਹਿ ਕੇ ਵਿਸ਼ਾਲ ਅਰਥ ਗ੍ਰਹਿਣ ਕਰਦਿਆਂ ਇਕ ਮਿਸਾਲੀ ਵਿਅਕਤਿਤਵ ਵਾਲੇ ਧਾਰਮਿਕ ਪ੍ਰਚਾਰਕ ਦੀ ਖਿਆਤੀ ਬਣ ਗਿਆ।

ਅਗਲਾ ਬੈਚ ੧੯੩੦ ਈ. ਵਿਚ ਅਰੰਭ ਕੀਤਾ ਗਿਆ। ਇਸ ਦੂਸਰੇ ਬੈਚ ਵਿਚ ਪ੍ਰਚਾਰਕ ਕੋਰਸ ਦੇ ਨਾਲ-ਨਾਲ ਦੋ ਸਾਲਾ ਗ੍ਰੰਥੀ ਕੋਰਸ ਵੀ ਸ਼ੁਰੂ ਕੀਤਾ ਗਿਆ। ਗ੍ਰੰਥੀ ਕਲਾਸ ਦਾ ਪਾਠਕ੍ਰਮ (ਸਿਲੇਬਸ) ਵੱਖਰਾ ਤਿਆਰ ਕੀਤਾ ਗਿਆ। ੧੯੩੦ ਈ. ਵਿਚ ਦੋ ਕਲਾਸਾਂ ਲਈ ਲਗਪਗ ੨੦ ਵਿਦਿਆਰਥੀਆਂ ਦੀ ਭਰਤੀ ਕੀਤੀ ਗਈ। ਮਿਸ਼ਨਰੀ ਪ੍ਰਚਾਰਕ ਕਲਾਸ ਵਿਚ ਸ. ਅਮਰ ਸਿੰਘ ਦੁਸਾਂਝ, ਸ. ਅਜੀਤ ਸਿੰਘ ਜੀ ਅੰਬਾਲਵੀ, ਗਿ. ਲਾਲ ਸਿੰਘ (ਦਉਧਰ), ਸ. ਸਾਧੂ ਸਿੰਘ ਭੌਰਾ ਪ੍ਰਮੁੱਖ ਸਨ। ਇਵੇਂ ਕਾਲਜ ਦਾ ਅਗਲਾ ਬੈਚ ਰਵਾਂ ਹੋਇਆ। ਸਮਾਂ ਬਹੁਤਾ ਸੁਖਾਵਾਂ ਨਹੀਂ

ਸੀ, ਚਾਰ-ਚੁਫੇਰੇ ਵਿਦਰੋਹ ਤੇ ਐਜ਼ੀਟੇਸ਼ਨ ਹੋ ਰਹੀਆਂ ਸਨ। ਮਜ਼ਹਬ ਦੇ ਨਾਮ ਹੇਠ ਫਿਰਕਾਪ੍ਰਸਤੀ ਦਾ ਸਾਰੇ ਪਾਸੇ ਬੋਲਬਾਲਾ ਸੀ।

ਦੇਸ਼ ਵਿਚ ਧਰਮੀ ਫ਼ਸਾਦ ਬਹੁਤ ਜ਼ਿਆਦਾ ਹੋ ਰਹੇ ਸਨ। ਮਿਸ਼ਨਰੀ ਕਾਲਜ ਦੇ ਵਿਦਿਆਰਥੀ ਸਿੱਖ ਪੰਥ ਲਈ ਵੱਖ-ਵੱਖ ਮੋਰਚਿਆਂ ਵਿਚ ਵੱਧ-ਚੜ੍ਹ ਕੇ ਹਿੱਸਾ ਪਾ ਰਹੇ ਸਨ। ਇਸ ਸਮੇਂ ਤਕ ਕਾਲਜ ਧਾਰਮਿਕ ਤੇ ਰਾਜਸੀ ਖੇਤਰ ਵਿਚ ਚੋਖਾ ਨਾਮਣਾ ਖੱਟ ਚੁੱਕਾ ਸੀ।

੧੩ ਅਪ੍ਰੈਲ, ੧੯੩੬ ਈ. 'ਸਰਬ ਹਿੰਦ ਸਿੱਖ ਮਿਸ਼ਨ' ਦੀ ਸਥਾਪਨਾ ਮਿਸ਼ਨਰੀ ਕਾਲਜ ਵਿਖੇ ਕੀਤੀ ਗਈ। ਇਸ ਮਿਸ਼ਨ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ 'ਗੁਰਮਤਿ ਪ੍ਰਚਾਰ ਕਾਨਫਰੰਸ' ਕੀਤੀਆਂ ਗਈਆਂ। ਸਰਬ ਹਿੰਦ ਸਿੱਖ ਮਿਸ਼ਨ ਨੂੰ ਮਿਸ਼ਨਰੀ ਕਾਲਜ ਦਾ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਅਪ੍ਰੈਲ ੧੯੩੬ ਈ. ਵਿਚ ਸਰਬ ਸਿੱਖ ਮਿਸ਼ਨ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਕਾਨਫਰੰਸ ਕੀਤੀ ਗਈ ਜਿਸ ਵਿਚ ਡਾ. ਭੀਮ ਰਾਓ ਅੰਬੇਦਕਰ ਨੇ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ। ਇਸ ਕਾਨਫਰੰਸ ਦਾ ਮੁੱਖ ਵਿਸ਼ਾ "ਅਛੂਤਾਂ ਅੰਦਰ ਗੁਰਮਤਿ ਪ੍ਰਚਾਰ" ਸੀ। ਡਾ. ਅੰਬੇਦਕਰ ਅਛੂਤ ਜਾਤੀਆਂ ਦੇ ਸਿਰਕੱਢ ਲੀਡਰ ਸਨ। ਉਨ੍ਹਾਂ ਨੇ ਸਿੱਖੀ ਮਾਰਗ ਅਪਣਾਉਣ ਦਾ ਆਪਣਾ ਇਰਾਦਾ ਪ੍ਰਗਟ ਕੀਤਾ। ਡਾ. ਸਾਹਿਬ ਨੇ ਪਹਿਲੇ ਦਿਨ ਮਿਸ਼ਨਰੀ ਕਾਲਜ ਪਹੁੰਚ ਕੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਹ ਅੰਗਰੇਜ਼ੀ ਵਿਚ ਲੈਕਚਰ ਕਰਦੇ ਸਨ ਤੇ ਉਨ੍ਹਾਂ ਦੇ ਲੈਕਚਰ ਦਾ ਤਰਜਮਾ ਪ੍ਰਿੰਸੀਪਲ ਬਾਵਾ ਹਰਿਕ੍ਰਿਸ਼ਨ ਸਿੰਘ ਜੀ ਸ਼ੁਧ ਟਕਸਾਲੀ ਪੰਜਾਬੀ ਬੋਲੀ ਵਿਚ ਕਰਦੇ ਸਨ। ਮਿਸ਼ਨਰੀ ਕਾਲਜ ਤੋਂ ਪ੍ਰਭਾਵਿਤ ਹੋ ਕੇ ਡਾਕਟਰ ਅੰਬੇਦਕਰ ਮਹਾਰਾਸ਼ਟਰ ਨੇ ਮਾਲਾਬਾਰ ਖੇਤਰ ਦੇ ੨੫ ਵਿਦਿਆਰਥੀਆਂ ਨੂੰ ਧਾਰਮਿਕ ਵਿੱਦਿਆ ਪ੍ਰਾਪਤੀ ਲਈ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਦਾਖ਼ਲ ਕਰਵਾਇਆ। ਸਿੱਖ ਕੌਮ ਨੇ ਇਨ੍ਹਾਂ ਮਾਲਾਬਾਰੀ ਵਿਦਿਆਰਥੀਆਂ ਦੀ ਖੁਲ੍ਹੇ ਦਿਲ ਨਾਲ ਆਰਥਿਕ ਮਦਦ ਕੀਤੀ। ਇਨ੍ਹਾਂ ਮਾਲਾਬਾਰੀ ਸਿਖਿਆਰਥੀਆਂ ਨੇ ਪ੍ਰਿੰ. ਗੰਗਾ ਸਿੰਘ ਜੀ ਦੀ ਰਹਿਨੁਮਾਈ ਹੇਠ ਦੋ ਸਾਲਾ ਕੋਰਸ ਪਾਸ ਕਰ ਕੇ ਮਹਾਰਾਸ਼ਟਰ ਦੇ ਇਲਾਕੇ ਵਿਚ ਪਛੜੀਆਂ ਸ਼੍ਰੇਣੀਆਂ ਵਿਚ ਪ੍ਰਚਾਰ ਕੀਤਾ। ਇਸ ਸਮੇਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਸੰਸਾਰ ਪੱਧਰ 'ਤੇ ਉਚੇਰਾ ਮੁਕਾਮ ਹਾਸਲ ਕਰ ਚੁੱਕਾ ਸੀ।

ਕਾਲਜ ਆਪਣੇ ਮੁਢਲੇ ਦੌਰ ਤੋਂ ਹੀ ਅਕਾਲੀ ਦਲ ਦਾ ਗੜ੍ਹ ਬਣ ਗਿਆ। ਅਕਾਲੀ ਦਲ ਵੱਲੋਂ ਪੰਥਕ ਇੱਕਤ੍ਰਤਾਵਾਂ ਕਾਲਜ ਵਿਖੇ ਹੋਣ ਲੱਗੀਆਂ। ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਦਾ ਦਫ਼ਤਰ ਕਾਲਜ ਵਿਚ ਸਥਿਤ ਸੀ। ਕਾਲਜ ਵਿਚ ਟਾਹਲੀ ਦੇ ਥੱਲੇ ਇਕ ਮੰਜਾ ਡੱਠਾ ਹੁੰਦਾ ਸੀ ਜਿਸ ਦੇ ਆਸ-ਪਾਸ ਕੁਰਸੀਆਂ ਰੱਖੀਆਂ ਹੋਈਆਂ ਸਨ। ਇਹ ਅਕਾਲੀ ਦਲ ਦਾ ਮੁਢਲਾ ਦਫਤਰ ਸੀ ਜਿੱਥੇ ਅਕਾਲੀ ਆਗੂ ਪੰਥਕ ਵਿਚਾਰਾਂ ਹਿੱਤ ਜੁੜ ਬੈਠਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਲਾਨਾ ਇਜਲਾਸ ਹੋਣ

ਲੱਗੇ। ਇਵੇਂ ਮਿਸ਼ਨਰੀ ਕਾਲਜ ਅਕਾਲੀ ਦਲ ਦਾ ਮੁੱਖ ਸੈਂਟਰ ਬਣ ਗਿਆ।

ਸੰਨ ੧੯੪੧ ਈ. ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਹਫ਼ਤਾਵਾਰੀ ਉਰਦੂ ਅਖ਼ਬਾਰ 'ਅਜੀਤ' ਛਾਪਿਆ ਗਿਆ। ਇਸ ਦੇ ਮੁੱਖ ਸੰਪਾਦਕ ਵਜੋਂ ਸ. ਲਾਲ ਸਿੰਘ ਕਮਲਾ ਅਕਾਲੀ ਨੂੰ ਨਿਯੁਕਤ ਕੀਤਾ ਗਿਆ। ਇਹ ਅਖ਼ਬਾਰ ਮਾਸਟਰ ਤਾਰਾ ਸਿੰਘ ਜੀ ਵੱਲੋਂ ਸ਼ੁਰੂ ਕੀਤਾ ਗਿਆ ਸੀ। ਇਹ ਅਖ਼ਬਾਰ 'ਚੌਵਰਕੀ' ਵਿਚ ਛਪਦਾ ਰਿਹਾ। ਇਸ ਅਖ਼ਬਾਰ ਤੋਂ ਪਹਿਲਾਂ 'ਅਕਾਲੀ ਪੱਤ੍ਰਿਕਾ' ਵੀ ਛਪ ਰਿਹਾ ਸੀ ਜਿਸ ਨੂੰ ਛਾਪਣ ਦੀ ਜ਼ਿੰਮੇਵਾਰੀ ਮਾਸਟਰ ਤਾਰਾ ਸਿੰਘ ਜੀ ਨੇ ਮਿਸ਼ਨਰੀ ਕਾਲਜ ਦੇ ਵਿਦਿਆਰਥੀ ਸ. ਅਮਰ ਸਿੰਘ ਜੀ ਦੁਸਾਂਝ ਤੇ ਸ. ਅਜੀਤ ਸਿੰਘ ਜੀ ਅੰਬਾਲਵੀ ਨੂੰ ਦਿੱਤੀ ਹੋਈ ਸੀ। ਇਹ ਅਖ਼ਬਾਰ ਪਹਿਲਾਂ ਅੰਮ੍ਰਿਤਸਰ ਤੇ ਫਿਰ ਲਾਹੌਰ ਤੋਂ ਛਪਦੀ ਰਹੀ। ਇਹ ਦੋਵੇਂ ਅਖਬਾਰਾਂ ਅਕਾਲੀ ਦਲ ਵੱਲੋਂ ਧਾਰਮਿਕ ਤੇ ਰਾਜਨੀਤਿਕ ਪੱਧਰ 'ਤੇ ਪੰਜਾਬੀ ਵਿਚ ਛਾਪੀਆਂ ਜਾਂਦੀਆਂ ਸਨ।

ਇਵੇਂ ਸਿੱਖ ਧਰਮ ਦੇ ਪ੍ਰਸਾਰ ਵਿਚ ਪੱਤਰਕਾਰੀ ਦੇ ਖੇਤਰ ਵਿਚ ਅਤੇ ਵਿਦਵਾਨ ਲੇਖਕ ਪੈਦਾ ਕਰਨ ਵਿਚ ਵੀ ਇਸ ਕਾਲਜ ਦੀ ਅਹਿਮ ਭੂਮਿਕਾ ਰਹੀ ਹੈ। ਫਿਰਕੂ ਫ਼ਸਾਦਾਂ ਕਾਰਨ ਕੁਝ ਸਮਾਂ ਕਾਲਜ ਬੰਦ ਰਿਹਾ। ੧੯੪੧ ਤੋਂ ੧੯੪੩ ਈ. ਕਾਲਜ ਦੇ ਨਵੇਂ ਦਾਖ਼ਲੇ ਸਮੇਂ ਗ੍ਰੈਜੂਏਟ ਕਲਾਸ ਸ਼ੁਰੂ ਕੀਤੀ ਗਈ। ਇਸ ਵਿਚ ਦਸ ਬੀ. ਏ. ਪਾਸ ਵਿਦਿਆਰਥੀ ਦਾਖ਼ਲ ਕੀਤੇ ਗਏ। ਗਿ. ਕਰਤਾਰ ਸਿੰਘ ਜੀ ਦੀ ਪ੍ਰੇਰਨਾ ਸਦਕਾ (ਡਾ.) ਸਾਧੂ ਸਿੰਘ ਹਮਦਰਦ ਜੋ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚ ਮੁਲਾਜ਼ਮ ਸਨ, ਨੂੰ ਪ੍ਰੇਰ ਕੇ ਮਿਸ਼ਨਰੀ ਕਾਲਜ ਵਿਚ ਗ੍ਰੈਜੂਏਟ ਕਲਾਸ ਵਿਚ ਦਾਖ਼ਲ ਕਰਵਾ ਦਿੱਤਾ। ਸ. ਸਾਧੂ ਸਿੰਘ ਹਮਦਰਦ ਜੀ ਨੇ ਲੰਮਾ ਸਮਾਂ 'ਅਜੀਤ' ਅਖ਼ਬਾਰ ਦੇ ਉਪ ਸੰਪਾਦਕ ਤੇ ਮੁੱਖ ਸੰਪਾਦਕ ਵਜੋਂ ਸੇਵਾ ਨਿਭਾਈ। ਇਸ ਗ੍ਰੈਜੂਏਟ ਕਲਾਸ ਦਾ ਮਿਸ਼ਨਰੀ ਕੋਰਸ ਅਰੰਭ ਕਰਨ ਦਾ ਮਕਸਦ ਵਿਦੇਸ਼ਾਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਾ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ੪੫ ਰੁਪਏ ਮਾਸਿਕ ਵਜ਼ੀਫ਼ਾ ਦਿੱਤਾ ਜਾਂਦਾ ਸੀ। ਜ਼ਿਕਰਯੋਗ ਹੈ ਕਿ ਉਸ ਸਮੇਂ ਆਮ ਮੁਲਾਜ਼ਮ ਦੀ ਤਨਖਾਹ ੧੫ ਤੋਂ ੨੦ ਰੁਪਏ ਸੀ। ਮਿਸ਼ਨਰੀ ਪ੍ਰਚਾਰਕਾਂ ਦਾ ਵਜ਼ੀਫ਼ਾ ਉਨ੍ਹਾਂ ਦੇ ਮਾਣ-ਸਨਮਾਨ ਵਜੋਂ ਉਨ੍ਹਾਂ ਦੀਆਂ ਵਾਜਬ ਆਰਥਿਕ ਲੋੜਾਂ ਦੀ ਪੂਰਤੀ ਕਰਨ ਹਿੱਤ ਦਿੱਤਾ ਜਾਂਦਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਹਿੱਤ ਕਰੋੜਾਂ ਰੁਪਏ ਮਿਸ਼ਨਰੀ ਕਾਲਜਾਂ ਵਿਚ ਸੁਹਿਰਦ ਪ੍ਰਚਾਰਕ ਤੇ ਰਾਗੀ ਤੇ ਗ੍ਰੰਥੀ ਸਿੰਘ ਤਿਆਰ ਕਰਨ ਪ੍ਰਥਾਏ ਖ਼ਰਚ ਕੀਤੇ ਜਾਂਦੇ ਹਨ।

੧੯੪੭ ਤੋਂ ੧੯੫੪ ਈ. ਦੇ ਸਮੇਂ ਦੌਰਾਨ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਆਏ ਪਰਵਾਰਾਂ ਲਈ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਬਿਲਡਿੰਗ ਨੂੰ ਰੀਫਿਊਜ਼ੀ ਕੈਂਪ ਵਜੋਂ ਵਰਤਿਆ ਗਿਆ ਜਿਸ ਕਰਕੇ ਕਾਲਜ ਵਿਚ ਦਾਖ਼ਲਾ ਨਾ ਕੀਤਾ ਜਾ ਸਕਿਆ। ਕਾਲਜ ਦੇ ਵਿਦਿਆਰਥੀ ਸ. ਈਸ਼ਰ ਸਿੰਘ ਮਝੈਲ (ਕਾਲਜ

ਦੇ ਪਹਿਲੇ ਬੈਚ ਦੇ ਵਿਦਿਆਰਥੀ ਸਨ) ਜੋ ੧੮ ਜਨਵਰੀ, ੧੯੫੪ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਤਾਂ ਉਨ੍ਹਾਂ ਨੇ ਪ੍ਰੋ. ਸਾਹਿਬ ਸਿੰਘ ਜੀ ਨੂੰ ਕਾਲਜ ਦੇ ਨਵੇਂ ਪ੍ਰਿੰਸੀਪਲ ਵਜੋਂ ਨਿਯੁਕਤ ਕਰ ਕੇ ਕਾਲਜ ਮੁੜ ਅਰੰਭ ਕਰਨ ਦਾ ਫ਼ੈਸਲਾ ਕੀਤਾ। ੧ ਅਪ੍ਰੈਲ, ੧੯੫੪ ਈ. ਦੇ ਦਾਖ਼ਲੇ ਸਮੇਂ ਕਾਲਜ ਵਿਚ ਰਾਗੀ ਜਮਾਤ ਦਾ ਦਾਖ਼ਲਾ ਵੀ ਕੀਤਾ ਗਿਆ। ੧੯੫੪ ਈ. ਤੋਂ ਕਾਲਜ ਵਿਚ ਪ੍ਰਚਾਰਕ, ਗ੍ਰੰਥੀ, ਰਾਗੀ ਤੇ ਤਬਲਾ-ਵਾਦਕ ਦਾ ਦੋ-ਸਾਲਾ ਕੋਰਸ ਅਰੰਭ ਕਰ ਕੇ ਲਗਪਗ ੫੦ ਵਿਦਿਆਰਥੀ ਦਾਖ਼ਲ ਕੀਤੇ ਗਏ। ਗੁਰਮਤਿ ਸੰਗੀਤ ਦੇ ਪਹਿਲੇ ਉਸਤਾਦ ਸ. ਰਾਜਿੰਦਰ ਸਿੰਘ ਜੀ ਤੇ ਉਸਤਾਦ ਸ. ਸਾਧੂ ਸਿੰਘ ਜੀ (ਤਬਲਾ ਵਾਦਕ) ਸਨ। ਉਸਤਾਦ ਸ. ਅਵਤਾਰ ਸਿੰਘ ਜੀ 'ਨਾਜ਼' ਗੁਰਮਤਿ ਸੰਗੀਤ ਕੋਰਸ ਦੇ ਪਹਿਲੇ ਬੈਚ ਦੇ ਵਿਦਿਆਰਥੀ ਸਨ, ਜਿਨ੍ਹਾਂ ਨੇ ਬਹੁਤ ਲੰਮਾ ਸਮਾਂ ਕਾਲਜ ਵਿਖੇ ਰਾਗੀ ਜਮਾਤ ਨੂੰ ਰਾਗ ਵਿੱਦਿਆ ਦੇ ਕੇ ਅਣਗਿਣਤ ਗੁਰੂ-ਘਰ ਦੇ ਕੀਰਤਨੀਏ ਸਿੱਖ ਪੰਥ ਦੀ ਸੇਵਾ ਹਿੱਤ ਤਿਆਰ ਕਰ ਕੇ ਵੱਡੀ ਸੇਵਾ ਕੀਤੀ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਚਾਰਕਾਂ ਤੋਂ ਪ੍ਰਭਾਵਿਤ ਹੋ ਕੇ ਮਲੇਸ਼ੀਆ ਤੋਂ ੭ ਵਿਦਿਆਰਥੀ ਕਾਲਜ ਵਿਖੇ ਦਾਖ਼ਲ ਹੋਏ। ਇਨ੍ਹਾਂ ਵਿੱਚੋਂ ੨ ਜੋੜਿਆਂ ਨੇ ਜੋ ਕਿ ਪਤੀ-ਪਤਨੀ ਸਨ, ਕਾਲਜ ਵਿਖੇ ਪ੍ਰਚਾਰਕ ਦਾ ਕੋਰਸ ਬਿਨਾਂ ਵਜ਼ੀਫ਼ਾ ਲੈਣ ਤੋਂ ਕੀਤਾ। ਇਹ ਕਾਲਜ ਤੋਂ ਬਾਹਰ ਮਕਾਨ ਕਿਰਾਏ ਪੁਰ ਲੈ ਕੇ ਰਹਿੰਦੇ ਸਨ। ਸੋ ਇਸ ਤਰ੍ਹਾਂ ਦੋ ਸਿੱਖ ਬੀਬੀਆਂ ਨੇ ਵੀ ਮਿਸ਼ਨਰੀ ਕਾਲਜ ਵਿੱਚੋਂ ਪ੍ਰਚਾਰਕ ਦਾ ਕੋਰਸ ਕਰ ਕੇ ਸਿੱਖ ਪੰਥ ਦੀ ਸੇਵਾ ਵੱਖ-ਵੱਖ ਦੇਸ਼ਾਂ ਵਿਚ ਕੀਤੀ।

ਪ੍ਰਿੰ. ਗੰਗਾ ਸਿੰਘ ਜੀ ਤੋਂ ਬਾਅਦ ਪ੍ਰਿੰ. ਧਰਮਾਨੰਤ ਸਿੰਘ ਜੀ, ਪ੍ਰਿੰ. ਸਾਹਿਬ ਸਿੰਘ ਜੀ, ਪ੍ਰਿੰ. ਹਰਿਭਜਨ ਸਿੰਘ ਜੀ ਅਤੇ ਪ੍ਰਿੰ. ਤਾਰਨ ਸਿੰਘ ਜੀ, ਪ੍ਰਿੰ. ਪ੍ਰਕਾਸ਼ ਸਿੰਘ, ਪ੍ਰਿੰ. ਲਾਭ ਸਿੰਘ ਆਦਿ ਪੰਥ-ਪ੍ਰਸਿੱਧ ਸਿੱਖ ਵਿਦਵਾਨਾਂ ਨੇ ਕਾਲਜ ਦੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ। ਗਿਆਨੀ ਕਰਤਾਰ ਸਿੰਘ ਦਾਖ਼ਾ, ਗਿ. ਲਾਲ ਸਿੰਘ (ਚੇਅਰਮੈਨ ਪਬਲਿਕ ਸਰਵਿਸ ਕਮਿਸ਼ਨ), ਪ੍ਰਿੰ. ਜੋਧ ਸਿੰਘ ਜੀ, ਪ੍ਰਿੰ. ਤੇਜਾ ਸਿੰਘ ਜੀ, ਪ੍ਰਿੰ. ਬਾਵਾ ਹਰਕ੍ਰਿਸ਼ਨ ਸਿੰਘ ਜੀ, ਗਿ. ਗੁਰਮੁਖ ਸਿੰਘ ਮੁਸਾਫ਼ਿਰ, ਪ੍ਰਿੰ. ਸ਼ੇਰ ਸਿੰਘ ਜੀ, ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ. ਹਰਿਭਜਨ ਸਿੰਘ, ਪ੍ਰੋ. ਸੁਖਵੰਤ ਸਿੰਘ, ਪ੍ਰੋ. ਡਾ. ਰੂਪ ਸਿੰਘ, ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ, ਪ੍ਰੋ. ਸੁਖਦੇਵ ਸਿੰਘ, ਪ੍ਰੋ. ਵਰਿਆਮ ਸਿੰਘ ਆਦਿ ਸਿੱਖ ਵਿਦਵਾਨਾਂ ਨੇ ਕਾਲਜ ਵਿਖੇ ਪ੍ਰੋਫ਼ੈਸਰ ਵਜੋਂ ਸੇਵਾਵਾਂ ਨਿਭਾਈਆਂ।

ਇਸ ਕਾਲਜ ਤੋਂ ਸਿੱਖਿਆ ਪ੍ਰਾਪਤ ਮਿਸ਼ਨਰੀ ਪ੍ਰਚਾਰਕਾਂ ਨੇ ਸਿੱਖ ਧਰਮ ਦੀ ਸੇਵਾ ਵਿਚ ਵੱਖ-ਵੱਖ ਅਹੁਦਿਆਂ ਉੱਪਰ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ। ਗਿ. ਸਾਧੂ ਸਿੰਘ ਜੀ ਭੌਰਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿ. ਸਾਹਿਬ ਸਿੰਘ ਜੀ, ਸਿੰਘ ਸਾਹਿਬ ਗਿ. ਸੋਹਨ ਸਿੰਘ ਜੀ, ਸਿੰਘ ਸਾਹਿਬ ਗਿ. ਗੁਰਬਚਨ ਸਿੰਘ ਜੀ ਨੇ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਵਜੋਂ ਸੇਵਾਵਾਂ ਨਿਭਾਈਆਂ। ਸਿੰਘ ਸਾਹਿਬ ਗਿ. ਗਿਆਨੀ ਸ਼ਰਮ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿਆਨੀ ਮਨਜੀਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿ. ਕੇਵਲ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵਜੋਂ ਸੇਵਾਵਾਂ ਨਿਭਾਈਆਂ ਹਨ। ਗਿ. ਬਾਦਲ ਸਿੰਘ ਜੀ, ਗਿ. ਫੌਜਾ ਸਿੰਘ, ਗਿ. ਈਸ਼ਰ ਸਿੰਘ ਬਸਾਲੀ, ਗਿ. ਗੁਰਬਖ਼ਸ਼ ਸਿੰਘ, ਸ. ਅਮਰ ਸਿੰਘ ਦੁਸਾਂਝ, ਗਿ. ਹਰਚਰਨ ਸਿੰਘ ਹੁਡਿਆਰਾ, ਗਿ. ਕੇਹਰ ਸਿੰਘ ਜੀ ਬੈਰਾਗੀ, ਗਿ. ਜੰਗ ਸਿੰਘ, ਗਿ. ਸ਼ੰਕਰ ਸਿੰਘ, ਗਿ. ਗਹਿਲ ਸਿੰਘ ਜੀ ਭਲਾਈ, ਗਿ. ਸਾਹਿਬ ਸਿੰਘ 'ਚਮਕ', ਗਿ. ਮਨਜੀਤ ਸਿੰਘ 'ਦਾਦਰ', ਗਿ. ਗੁਰਬਚਨ ਸਿੰਘ 'ਚਾਂਦ', ਗਿ. ਨਿਰੰਜਨ ਸਿੰਘ 'ਯੂ. ਕੇ., ਗਿ. ਤ੍ਰਿਵੇਦੀ ਸਿੰਘ 'ਯੂ. ਕੇ., ਗਿ. ਅਨੂਪ ਸਿੰਘ ਜੀ ਯੂ. ਐਸ. ਏ., ਗਿ. ਗੁਰਮੁਖ ਸਿੰਘ ਹਾਂਗਕਾਂਗ, ਭਾਈ ਗੁਰਦਾਸ ਸਿੰਘ, ਗਿ. ਤਾਰਾ ਸਿੰਘ ਕਨੇਡਾ ਆਦਿ ਨੇ ਪ੍ਰਚਾਰਕ ਵਜੋਂ ਸਿੱਖ ਧਰਮ ਦੇ ਪ੍ਰਚਾਰ ਹਿੱਤ ਸੇਵਾਵਾਂ ਨਿਭਾਈਆਂ ਹਨ। ਇਸ ਤੋਂ ਇਲਾਵਾ ਕਾਲਜ ਪੜ੍ਹੇ ਵਿਦਿਆਰਥੀਆਂ ਨੇ ਭਾਰਤੀ ਫੌਜ ਵਿਚ ਧਾਰਮਿਕ ਅਧਿਆਪਕ/ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਇਨ੍ਹਾਂ ਵਿਚ ਕੈਪਟਨ ਸੋਹਣ ਸਿੰਘ ਡੋਰਾ, ਸ. ਅਮੋਲਕ ਸਿੰਘ, ਸ. ਕੇਵਲ ਸਿੰਘ ਦੁਸਾਂਝ, ਸ. ਤਿਰਲੋਚਨ ਸਿੰਘ ਲੱਖੂਵਾਲ, ਗਿ. ਹਰਜਾਪ ਸਿੰਘ, ਸ. ਰਾਜਿੰਦਰ ਸਿੰਘ ਪੁਣਛੀ, ਸੂਬੇਦਾਰ ਲਖਵਿੰਦਰ ਸਿੰਘ ਠਰੂ, ਸੂਬੇਦਾਰ ਦਮੋਦਰ ਸਿੰਘ, ਸੂਬੇਦਾਰ ਮੁਖਤਾਰ ਸਿੰਘ ਗੱਗੋਬੂਆ, ਸੂਬੇਦਾਰ ਸੁਖਰਾਜ ਸਿੰਘ ਤਾਮਕੋਟ, ਸੂਬੇਦਾਰ ਸਤਵਿੰਦਰ ਸਿੰਘ 'ਜੋਗਰ' ਆਦਿ ਪ੍ਰਮੁੱਖ ਹਨ। ਗਿ. ਪ੍ਰੀਤਮ ਸਿੰਘ ਸਰਲੀ ਅਜ਼ਾਦ ਹਿੰਦ ਫ਼ੌਜ ਵਿਚ ਸੇਵਾ ਨਿਭਾਈ। ਗਿਆਨੀ ਅਜੀਤ ਸਿੰਘ ਅੰਬਾਲਵੀ ਨੇ 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਵਜੋਂ ਕੰਮ ਕੀਤਾ।

ਇਸ ਕਾਲਜ ਦੇ ਕੁਝ ਵਿਦਿਆਰਥੀ ਦੇਸ਼ ਵਿਚ ਵੱਖ-ਵੱਖ ਉੱਚ ਅਹੁਦਿਆਂ 'ਤੇ ਬਿਰਾਜਮਾਨ ਰਹੇ। ਗਿ. ਜ਼ੈਲ ਸਿੰਘ ਰਾਸ਼ਟਰਪਤੀ ਭਾਰਤ, ਗਿ. ਲਾਲ ਸਿੰਘ (ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਡਾਇਰੈਕਟਰ ਭਾਸ਼ਾ ਵਿਭਾਗ ਤੇ ਹੋਰ ਉੱਚ-ਪਦਵੀਆਂ ਉੱਪਰ ਤਾਇਨਾਤ ਰਹੇ)। ਜਥੇਦਾਰ ਈਸ਼ਰ ਸਿੰਘ ਮਝੈਲ, ਗਿ. ਅਮਰ ਸਿੰਘ ਦੁਸਾਂਝ ਆਦਿ ਨੇ ਪੰਜਾਬ ਵਜ਼ਾਰਤ ਵਿਚ ਮੰਤਰੀ ਵਜੋਂ ਸੇਵਾ ਕੀਤੀ।

ਡਾ. ਬਲਕਾਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਕੇਹਰ ਸਿੰਘ ਪੰਜਾਬ ਸਰਕਾਰ, ਪ੍ਰੋ. ਕੁਲਵੰਤ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਪ੍ਰੋ. ਹਰਿਭਜਨ ਸਿੰਘ ਜੀ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਸ. ਗੁਰਬਖ਼ਸ਼ ਸਿੰਘ ਇਨਫਰਮੇਸ਼ਨ ਅਫ਼ਸਰ, ਗਿ. ਭਰਪੂਰ ਸਿੰਘ ਜੀ ਮੀਤ ਸਕੱਤਰ, ਪ੍ਰੋ. ਜਗਜੀਤ ਸਿੰਘ ਠੀਕਰੀਵਾਲ ਗੁਰਮਤਿ ਕਾਲਜ ਪਟਿਆਲਾ।

ਗੁਰਮਤਿ ਸੰਗੀਤ ਕਲਾਸ ਵਿਚ ਕੋਰਸ ਕਰਨ ਉਪਰੰਤ ਰਾਗੀ ਦੇ ਰੂਪ ਵਿਚ

ਵੱਖ-ਵੱਖ ਧਰਮ ਸਥਾਨਾਂ ਪੁਰ ਸੇਵਾਵਾਂ ਨਿਭਾਈਆਂ। ਇਨ੍ਹਾਂ ਰਾਗੀ ਸਿੰਘਾਂ ਵਿਚ ਪ੍ਰਿੰ. ਬਲਦੇਵ ਸਿੰਘ 'ਦਿੱਲੀ ਵਾਲੇ', ਭਾਈ ਸਤਿਨਾਮ ਸਿੰਘ 'ਸੇਠੀ', ਭਾਈ ਹਰਦਿੱਤ ਸਿੰਘ ਜੀ ਪੁਣਛ, ਭਾਈ ਗੁਲਾਬ ਸਿੰਘ ਜੀ, ਗਿ. ਅਜੀਤ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਮਨਮੋਹਨ ਸਿੰਘ ਰਕਾਬ ਗੰਜ, ਗਿ. ਸੰਤੋਖ ਸਿੰਘ ਅਸਟ੍ਰੇਲੀਆ, ਭਾਈ ਜੰਗ ਸਿੰਘ, ਭਾਈ ਜਨਕ ਸਿੰਘ ਕਨੇਡਾ, ਭਾਈ ਸੁਰਜੀਤ ਸਿੰਘ ਸੇਵਾਪੰਥੀ (ਰੋਹਤਕ), ਭਾਈ ਅਮਰ ਸਿੰਘ, ਪ੍ਰਿੰ. ਬਲਦੇਵ ਸਿੰਘ, ਭਾਈ ਹਰਨਾਮ ਸਿੰਘ, ਭਾਈ ਨਿਰਮਲ ਸਿੰਘ ਜੀ ਖਾਲਸਾ, ਭਾਈ ਸੁਰਿੰਦਰ ਸਿੰਘ 'ਜੋਧਪੁਰੀ' ਭਾਈ ਹਰਜਿੰਦਰ ਸਿੰਘ 'ਸ੍ਰੀ ਨਗਰ ਵਾਲੇ' ਆਦਿ ਤੋਂ ਇਲਾਵਾ ਬਹੁਤ ਸਾਰੇ ਰਾਗੀ ਜਥੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸੇਵਾ ਨਿਭਾ ਰਹੇ ਹਨ।

ਤਬਲਾ ਵਾਦਕ ਵਜੋਂ ਭਾਈ ਜੋਗਿੰਦਰ ਸਿੰਘ ਪੁਣਛ, ਭਾਈ ਮਦਨ ਸਿੰਘ ਦਿੱਲੀ, ਭਾਈ ਤ੍ਰਿਲੋਕ ਸਿੰਘ ਨਿਊਯਾਰਕ, ਭਾਈ ਜਗਤ ਸਿੰਘ, ਭਾਈ ਪ੍ਰੀਤਮ ਸਿੰਘ ਆਦਿ ਮੁੱਢਲੇ ਤਬਲਾ ਵਾਦਕ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਹਿੱਤ ਪੰਜਾਬ ਅਤੇ ਬਾਹਰਲੇ ਸੂਬਿਆਂ ਵਿਚ ਮਿਸ਼ਨਰੀ ਕਾਲਜ, ਗੁਰਮਤਿ ਇੰਸਟੀਚਿਊਟ, ਗੁਰਮਤਿ ਵਿਦਿਆਲੇ ਚਲਾਏ ਜਾ ਰਹੇ ਹਨ। ਜਿਨ੍ਹਾਂ ਵਿਚ ਪ੍ਰਿੰਸੀਪਲ, ਪ੍ਰੋਫ਼ੈਸਰ, ਧਾਰਮਿਕ ਅਧਿਆਪਕ, ਗੁਰਮਤਿ ਸੰਗੀਤ ਅਧਿਆਪਕ, ਤਬਲਾ ਵਾਦਕ ਵਜੋਂ ਸੇਵਾਵਾ ਨਿਭਾਉਣ ਵਾਲੇ ਜ਼ਿਆਦਾਤਰ ਮਿਸ਼ਨਰੀ ਕਾਲਜ ਤੋਂ ਪੜ੍ਹੇ ਵਿਦਿਆਰਥੀ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਧਰਮ ਪ੍ਰਚਾਰ ਕਮੇਟੀ) ਦੇ ਮੁਢਲੇ ਸਮੇਂ ਤੋਂ ਅਜੋਕੇ ਸਮੇਂ ਤਕ ਹੈੱਡ ਪ੍ਰਚਾਰਕ ਵਜੋਂ ਸੇਵਾ ਕਰਨ ਵਾਲੇ ਜ਼ਿਆਦਾ ਪ੍ਰਚਾਰਕ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀ ਰਹੇ ਹਨ। ਕਈ ਸਿੱਖ ਮਿਸ਼ਨਾਂ ਦੇ ਇੰਚਾਰਜ ਵਜੋਂ ਵੀ ਕਾਰਜਸ਼ੀਲ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਮੁਢਲੀ ਪ੍ਰਚਾਰਕ ਸੰਸਥਾ ਵੱਲੋਂ ਲਗਪਗ ਇਕ ਸਦੀ ਤੋਂ ਸਿੱਖ ਪੰਥ ਦੇ ਪ੍ਰਚਾਰ-ਪ੍ਰਸਾਰ ਹੇਤ ਵਡਮੁੱਲਾ ਯੋਗਦਾਨ ਪਾ ਰਹੀ ਹੈ। ਅਜੋਕੇ ਦੌਰ ਵਿਚ ਕਾਲਜ ਵੱਲੋਂ ਆਧੁਨਿਕ ਸਾਧਨਾਂ ਰਾਹੀਂ ਧਰਮ-ਪ੍ਰਚਾਰ ਦੇ ਖੇਤਰ ਵਿਚ ਨਵੀਆਂ ਪੁਲਾਘਾਂ ਪੁੱਟੀਆਂ ਜਾ ਰਹੀਆਂ ਹਨ। ਕਾਲਜ ਵੱਲੋਂ ਕਈ ਨਵੀਆਂ ਮੁਹਿੰਮਾਂ ਰਾਹੀਂ ਸਿੱਖ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਲਈ ਯਤਨ ਕੀਤੇ ਜਾ ਰਹੇ ਹਨ।

ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਇਸ ਪਲੇਠੀ ਸੰਸਥਾ ਨੇ ਪਿਛਲੇ ਲਗਪਗ ੯ ਦਹਾਕਿਆਂ ਤੋਂ ਅਣਗਿਣਤ ਹੀਰੇ ਤਰਾਸ਼ ਕੇ ਪੰਥ ਦੀ ਝੋਲੀ ਪਾਏ ਹਨ। ਇਹ ਸੰਸਥਾ ਮੌਜੂਦਾ ਦੌਰ ਵਿਚ ਵੀ ਆਪਣੀ ਵਿਰਾਸਤ ਤੇ ਗੌਰਵ ਤੋਂ ਸੇਧਤ ਹੋ ਕਿ ਦਿਨ-ਰਾਤ ਪੰਥ ਪ੍ਰਚਾਰ ਲਈ ਤਤਪਰ ਕਾਰਜਸ਼ੀਲ ਹੈ। ■

# ਸੰਤ ਫ਼ਤਿਹ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ, ਬੁੱਢਾ ਜੌਹੜ, ਸ੍ਰੀ ਗੰਗਾਨਗਰ (ਰਾਜਸਥਾਨ)

*-ਸ. ਜਸਵੀਰ ਸਿੰਘ ਧੂਰਾ**

ਬੁੱਢਾ ਜੌਹੜ ਉਹ ਮੁਕੱਦਸ ਅਸਥਾਨ ਹੈ ਜਿੱਥੇ ੧੭ਵੀਂ ਸਦੀ ਦੇ ਸਿੰਘਾਂ ਨੇ ਜਥੇਦਾਰ ਬਾਬਾ ਬੁੱਢਾ ਸਿੰਘ ਦੀ ਅਗਵਾਈ ਵਿਚ ਮੁਗ਼ਲ ਹਕੂਮਤ ਨਾਲ ਟੱਕਰ ਲੈਣ ਲਈ ਰਾਜਸਥਾਨ ਦੀ ਬੀਕਾਨੇਰ ਰਿਆਸਤ ਦੇ ਜੌਹੜ (ਛੱਪੜ, ਟੋਭਾ, ਕੱਚਾ-ਤਾਲ) ਇਲਾਕੇ ਨੂੰ ਚੁਣਿਆ। ਜਥੇਦਾਰ ਬਾਬਾ ਬੁੱਢਾ ਸਿੰਘ ਦੇ ਨਾਮ ਕਰਕੇ ਹੀ ਇਸ ਅਸਥਾਨ ਦਾ ਨਾਮ ਜੌਹੜ ਤੋਂ 'ਬੁੱਢਾ ਜੌਹੜ' ਪੈ ਗਿਆ। ਭਾਈ ਬਲਾਕਾ ਸਿੰਘ ਨੇ ਪਾਪੀ ਮੱਸੇ ਰੰਘੜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਚ ਸ਼ਰਾਬਾਂ ਦੇ ਦੌਰ ਅਤੇ ਵੇਸਵਾ ਦੇ ਨਾਚ ਕਰਵਾ ਕੇ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰਨ ਦੀ ਖ਼ਬਰ ਸਿੰਘਾਂ ਨੂੰ ਦਿੱਤੀ। ਜਥੇਦਾਰ ਬਾਬਾ ਬੁੱਢਾ ਸਿੰਘ ਜੀ ਨੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਦੀ ਪਾਪੀ ਮੱਸੇ ਰੰਘੜ ਨੂੰ ਸੋਧਾ ਲਾਉਣ ਦੀ ਸੇਵਾ ਲਗਾਈ। ਇਹ ਦੋਵੇਂ ਸਿੰਘ ਇਸੇ ਅਸਥਾਨ ਤੋਂ ਅਰਦਾਸ ਕਰ ਕੇ ਗਏ ਅਤੇ ਉਸ ਦਾ ਸਿਰ ਵੱਢ ਕੇ ਮੁੜ ਇਸ ਅਸਥਾਨ ਪੁਰ ਲਿਆ ਕੇ ਸਿੱਖ ਸੰਗਤ ਦੇ ਹਵਾਲੇ ਕੀਤਾ ਗਿਆ। ਖਾਲਸੇ ਨੇ ਪਾਪੀ ਮੱਸੇ ਰੰਘੜ ਦੇ ਸਿਰ ਨਾਲ ਖਿੱਦੋ-ਖੂੰਡੀ ਖੇਡੀ। ਇਨ੍ਹਾਂ ਕਾਰਨਾਂ ਕਰਕੇ ਇਹ ਅਸਥਾਨ ਇਤਿਹਾਸ ਵਿਚ ਆਪਣਾ ਅਹਿਮ ਥਾਂ ਰੱਖਦਾ ਹੈ। ਸੰਤ ਫ਼ਤਿਹ ਸਿੰਘ (ਤਤਕਾਲੀ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ) ਅਤੇ ਸੰਤ ਚੰਨਣ ਸਿੰਘ (ਤਤਕਾਲੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ), ਵੱਲੋਂ ਸੰਗਤ ਦੇ ਸਹਿਯੋਗ ਨਾਲ ਇਸ ਅਸਥਾਨ ਪੁਰ ਗੁਰਦੁਆਰਾ ਸਾਹਿਬ ਦੀ ਇਮਾਰਤ ਅਤੇ ਸਰੋਵਰ ਦਾ ਨਿਰਮਾਣ ਕਰਵਾਇਆ ਗਿਆ।

ਸੰਤ ਫ਼ਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਵੱਲੋਂ ਇਸ ਅਸਥਾਨ 'ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਮੱਸਿਆ ਦੀ ਰਾਤ ਨੂੰ ਮਹੀਨਾਵਾਰੀ ਦੀਵਾਨ ਸਜਾਇਆ ਜਾਂਦਾ ਸੀ ਅਤੇ ਸਮੇਂ-ਸਮੇਂ 'ਤੇ ਅੰਮ੍ਰਿਤ-ਸੰਚਾਰ ਕਰਵਾਇਆ ਜਾਂਦਾ ਸੀ ਜੋ ਕਿ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਲਗਾਤਾਰ ਵਰਤਮਾਨ ਸਮੇਂ ਤਕ ਜਾਰੀ ਹੈ। ਇਸ ਦੌਰਾਨ ਧਰਮ ਪ੍ਰਚਾਰ ਕਮੇਟੀ ਵੱਲੋਂ

** ਇਚਾਰਜ, ਸੰਤ ਫਤਿਹ ਸਿੰਘ ਚੰਨਣ ਸਿੰਘ ਸਿਖ ਮਿਸ਼ਨਰੀ ਕਾਲਜ, ਬੁੱਢਾ ਜੌਹੜ, ਸ੍ਰੀ ਗੰਗਾਨਗਰ, ਰਾਜਸਥਾਨ। ਮੋ: ੯੯੫੫੯੭੭੨੯੦*

ਅੰਮ੍ਰਿਤ-ਅਭਿਲਾਖੀਆਂ ਨੂੰ ਭੇਟਾ ਰਹਿਤ ਕਕਾਰ ਵੀ ਦਿੱਤੇ ਜਾਂਦੇ ਹਨ। ਇਹ ਇਲਾਕਾ ਸਿੱਖੀ ਤੋਂ ਬਹੁਤ ਹੀ ਪੱਛੜਿਆ ਹੋਇਆ ਸੀ ਇਸ ਕਰਕੇ ਆਪ ਜੀ ਨੇ ਪਿੰਡ-ਪਿੰਡ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਆਪ ਦੀ ਦਿਲੀ ਇੱਛਾ ਸੀ ਕਿ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਸੁਹਿਰਦ ਗ੍ਰੰਥੀ, ਪ੍ਰਚਾਰਕ ਅਤੇ ਰਾਗੀ ਜਥੇ ਇਸ ਅਸਥਾਨ ਤੋਂ ਵਿੱਦਿਆ ਹਾਸਲ ਕਰ ਕੇ ਸੰਸਾਰ ਭਰ ਵਿਚ ਗੁਰਮਤਿ ਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨ। ਇਸ ਲਈ ਆਪ ਜੀ ਦੀ ਇਹ ਵੀ ਕਾਮਨਾ ਸੀ ਕਿ ਇਸ ਅਸਥਾਨ ਪੁਰ ਗੁਰਮਤਿ ਕਾਲਜ ਦਾ ਨਿਰਮਾਣ ਹੋਵੇ।

ਅਕਾਲ ਪੁਰਖ ਦੀ ਕਿਰਪਾ ਸਦਕਾ ਅਤੇ ਉਸ ਸਮੇਂ ਦੇ ਸ਼ਹੀਦ ਨਗਰ ਗੁਰਦੁਆਰਾ ਸਾਹਿਬ ਬੁੱਢਾ ਜੌਹੜ ਦੇ ਮੌਜੂਦਾ ਪ੍ਰਧਾਨ ਬਾਬਾ ਨੱਥਾ ਸਿੰਘ ਜੀ ਅਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਸੰਨ ੧੯੭੨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਕਿਰਪਾਲ ਸਿੰਘ ਛੇਰੇਵਾਲ ਦੀ ਪ੍ਰੇਰਨਾ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਮਿਲ ਕੇ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਸਾਹਿਬਾਨ ਦੀ ਹੋਈ ਇਕੱਤਰਤਾ ਵਿਚ ਗੁਰਦੁਆਰਾ ਸ਼ਹੀਦ ਨਗਰ ਬੁੱਢਾ ਜੌਹੜ ਵਿਖੇ ਗੁਰਮਤਿ ਕਾਲਜ ਖੋਲਣ ਦੀ ਮੰਗ ਰੱਖੀ ਗਈ ਜਿਸ ਨੂੰ ਸਰਬ-ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਬਾਬਾ ਨੱਥਾ ਸਿੰਘ ਜੀ ਦੇ ਕਹਿਣ ’ਤੇ ਇਹ ਵੀ ਫ਼ੈਸਲਾ ਹੋਇਆ ਕਿ ਕਾਲਜ ਦਾ ਨਾਮ ਸੰਤ ਫ਼ਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਦੇ ਨਾਮ ’ਤੇ ਰੱਖਿਆ ਜਾਵੇ ਜੋ ਪ੍ਰਵਾਨ ਹੋਇਆ, ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਕਾਲਜ ਦੀ ਬਿਲਡਿੰਗ, ਹੋਸਟਲ, ਸਟਾਫ਼ ਲਈ ਰਿਹਾਇਸ਼ੀ ਕਮਰੇ ਅਤੇ ਬਿਜਲੀ, ਪਾਣੀ ਦੀ ਮੁਫ਼ਤ ਸਹੂਲਤ ਸ਼ਹੀਦ ਨਗਰ ਗੁਰਦੁਆਰਾ ਸਾਹਿਬ ਬੁੱਢਾ ਜੌਹੜ ਵੱਲੋਂ ਦੇਣ ਸੰਬੰਧੀ ਸਹਿਮਤੀ ਹੋਈ।

ਗੁਰਮਤਿ ਕਾਲਜ ‘ਸੰਤ ਫ਼ਤਿਹ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ ਬੁੱਢਾ ਜੌਹੜ’ ਦੇ ਨਾਮ ’ਤੇ ਨਵੰਬਰ ੧੯੭੩ ਈ. ਨੂੰ ਕਾਲਜ ਦੀ ਇਮਾਰਤ ਬਣ ਕੇ ਤਿਆਰ ਹੋ ਗਈ ਸੀ ਤੇ ਉਸੇ ਸਾਲ ਵਿਚ ਦੋ-ਸਾਲਾ ਗ੍ਰੰਥੀ, ਪ੍ਰਚਾਰਕ, ਸੰਗੀਤ ਤੇ ਤਬਲਾ ਵਾਦਕ ਆਦਿ ਸ਼੍ਰੇਣੀਆਂ ਵਿਚ ਕੋਰਸ ਸ਼ੁਰੂ ਕਰ ਦਿੱਤਾ ਗਿਆ। ਇਹ ਕਾਲਜ ੧੯੭੩ ਈ. ਤੋਂ ਲੈ ਕੇ ੨੦੧੨ ਈ. ਤਕ ੩੯ ਸਾਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅਧੀਨ ਚੱਲਦਾ ਰਿਹਾ, ਉਪਰੰਤ ਸੰਨ ੨੦੧੨ ਵਿਚ ਇਸ ਕਾਲਜ ਨੂੰ ਤਿੰਨ ਸਾਲਾ ਕੋਰਸ ਵਿਚ ਤਬਦੀਲ ਕਰ ਦਿੱਤਾ ਗਿਆ। ਮੌਜੂਦਾ ਸਮੇਂ ਵਿਚ ਇਹ ਕਾਲਜ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੇ

ਬਰਾਬਰ ਕਰ ਦਿੱਤਾ ਗਿਆ। ਇਸ ਸਮੇਂ ਕਾਲਜ ਵਿਖੇ ਚੌਥਾ ਤਿੰਨ ਸਾਲਾ ਬੈਚ ਚੱਲ ਰਿਹਾ ਹੈ। ਇਹ ਕਾਲਜ ਰਾਜਸਥਾਨ ਦੇ ਜ਼ਿਲ੍ਹਾ ਸ੍ਰੀ ਗੰਗਾਨਗਰ ਦੀ ਰਾਇਸਿੰਘ ਨਗਰ ਤਹਿਸੀਲ ਦੇ ਪਿੰਡ ਡਾਬਲਾ ਤੋਂ ਪੂਰਬ ਦਿਸ਼ਾ ਵੱਲ ਨੂੰ ਇੱਕ ਕਿਲੋਮੀਟਰ ਦੂਰ ਬੁੱਢਾ ਜੌਹੜ ਵਿਖੇ ਸਥਿਤ ਹੈ ਜੋ ਕਿ ਸ੍ਰੀ ਗੰਗਾਨਗਰ ਤੋਂ ੬੦ ਕਿਲੋਮੀਟਰ ਦੂਰ ਹੈ।

ਸੰਨ ੨੦੦੭-੨੦੦੯ ਈ. ਦੇ ਸਮੇਂ ਅੰਦਰ ਸ. ਪਰਮਜੀਤ ਸਿੰਘ ੧੪ ਪੀ.ਐਸ. (ਏ.) ਵੱਲੋਂ ਯੂ.ਐਸ.ਏ. ਅਤੇ ਕੈਨੇਡਾ ਦੀ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਚਾਰ-ਦਿਵਾਰੀ ਦੇ ਅੰਦਰ ਦੋ ਮੰਜਲਾ ਇਮਾਰਤ ਤਿਆਰ ਕਰਵਾਈ ਗਈ, ਜੋ ਗਿਆਨੀ ਗੁਰਬਚਨ ਸਿੰਘ ਜੀ (ਤਤਕਾਲੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ) ਅਤੇ ਮਾਣਯੋਗ ਸ. ਅਵਤਾਰ ਸਿੰਘ, ਤਤਕਾਲੀ ਪ੍ਰਧਾਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀ ਹਾਜ਼ਰੀ ਵਿਚ ਮਿਤੀ ੨੫ ਫਰਵਰੀ, ੨੦੦੯ ਈ. ਨੂੰ ਸ. ਪਰਮਜੀਤ ਸਿੰਘ ੧੪ ਪੀ.ਐਸ. (ਏ) ਵੱਲੋਂ ਇਹ ਇਮਾਰਤ ਵਿਦਿਆਰਥੀਆਂ ਦੇ ਕਾਲਜ ਤੇ ਹੋਸਟਲ ਵਜੋਂ ਸੰਤ ਫ਼ਤਿਹ ਸਿੰਘ ਸੰਤ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ ਬੁੱਢਾ ਜੌਹੜ ਦੇ ਨਾਮ ਸਮਰਪਿਤ ਕੀਤੀ ਗਈ।

ਇਸ ਕਾਲਜ ਵਿੱਚੋਂ ਹਜ਼ਾਰਾਂ ਵਿਦਿਆਰਥੀ ਗੁਰਮਤਿ ਦੀ ਵਿੱਦਿਆ ਹਾਸਿਲ ਕਰ ਕੇ ਸਿੱਖੀ ਦੀ ਮਹਿਕ ਦੇਸ਼ਾਂ-ਵਿਦੇਸ਼ਾਂ ਵਿਚ ਫੈਲਾ ਰਹੇ ਹਨ ਅਤੇ ਕਾਲਜ ਦੇ ਵਿਦਿਆਰਥੀ ਵੱਖ-ਵੱਖ ਗੁਰਦੁਆਰਾ ਸਾਹਿਬਾਨ, ਸਕੂਲਾਂ ਅਤੇ ਕਾਲਜਾਂ ਅੰਦਰ ਗੁਰਮਤਿ ਦੀਆਂ ਕਲਾਸਾਂ ਅਤੇ ਕੈਂਪ ਲਗਾ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਹਨ ਅਤੇ ਪੰਜਾਬੀ ਸਿਖਾਉਂਦੇ ਹਨ। ਇਸ ਕਾਲਜ ਦੇ ਪੜ੍ਹੇ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ ਵਿਚ ਧਾਰਮਿਕ ਅਧਿਆਪਕ ਅਤੇ ਧਰਮ ਪ੍ਰਚਾਰ ਦੇ ਖੇਤਰ ਵਿਚ ਗ੍ਰੰਥੀ, ਪ੍ਰਚਾਰਕ ਅਤੇ ਰਾਗੀ ਜਥੇ ਵਜੋਂ ਪੰਥ ਦੇ ਵੱਖ-ਵੱਖ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਖੇ ਸੇਵਾ ਨਿਭਾ ਰਹੇ ਹਨ।

ਇਹ ਅਸਥਾਨ ਗੁਰਮਤਿ ਪ੍ਰਚਾਰ ਕੇਂਦਰ ਰਾਜਸਥਾਨ (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ) ਦਾ ਹੈੱਡ ਕੁਆਰਟਰ ਹੋਣ ਕਰਕੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਿਹਾ ਹੈ। ਗੁਰਮਤਿ ਪ੍ਰਚਾਰ ਕੇਂਦਰ ਵਿਖੇ ਮੌਜੂਦਾ ਸਮੇਂ ਅੰਦਰ ਤਿੰਨ ਪ੍ਰਚਾਰਕ, ਇੱਕ ਢਾਡੀ ਜਥਾ, ਇੱਕ ਕਵੀਸ਼ਰੀ ਜਥਾ ਅਤੇ ਪੰਜ ਵਲੰਟੀਅਰਜ਼ (ਪ੍ਰਚਾਰਕਾਂ) ਵੱਲੋਂ ਪ੍ਰਚਾਰ ਮੁਹਿੰਮਾਂ ਚਲਾ ਕੇ ਸਿੱਖੀ ਦੇ ਪ੍ਰਚਾਰ ਲਈ ਪਿੰਡਾਂ-ਨਗਰਾਂ ਸ਼ਹਿਰਾਂ ਵਿਚ ਗੁਰਮਤਿ ਸਿਖਲਾਈ, ਦਸਤਾਰ ਸਿਖਲਾਈ, ਗ੍ਰੰਥੀ ਸਿੱਖਿਆ ਕੈਂਪ, ਅੰਮ੍ਰਿਤ-ਸੰਚਾਰ ਅਤੇ ਗੁਰਮਤਿ ਸਮਾਗਮ ਆਦਿ ਕੀਤੇ ਤੇ ਕਰਵਾਏ ਜਾਂਦੇ ਹਨ ਜਿਸ ਤੋਂ ਵੱਡੀ ਗਿਣਤੀ ਵਿਚ ਸੰਗਤ ਲਾਹਾ ਪ੍ਰਾਪਤ ਕਰ ਰਹੀ ਹੈ। ਜਿਸ ਨਾਲ ਪੰਜਾਬ ਤੋਂ ਬਾਹਰੀ ਰਾਜਾਂ ਵਿਚ ਵੀ ਸਿੱਖੀ ਦੀ ਚੜ੍ਹਦੀ ਕਲਾ ਹੋ ਰਹੀ ਹੈ।

■

# ਸ਼ਹੀਦ ਸੰਗੀਤ ਵਿਦਿਆਲਾ, ਬਾਦੀਆਂ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ

*-ਸ. ਹਰਜਿੰਦਰ ਸਿੰਘ**

ਸ਼ਹੀਦ ਸੰਗੀਤ ਵਿਦਿਆਲਾ, ਪਿੰਡ ਬਾਦੀਆਂ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਸਥਿਤ ਹੈ। ਸ਼ਹੀਦ ਸੰਗੀਤ ਵਿਦਿਆਲਾ ਗਿਆਨੀ ਹਰਚਰਨ ਸਿੰਘ ਹੁਡਿਆਰਾ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਅੰਮ੍ਰਿਤਸਰ ਸਾਹਿਬ ਨੇ ਉਸ ਸਮੇਂ ਦੇ ਮੌਜੂਦ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਤੋਂ ਮੰਗ ਕਰ ਕੇ ਸ਼ੁਰੂ ਕੀਤਾ ਸੀ। ਇਸ ਵਿਦਿਆਲੇ ਦੀ ਸ਼ੁਰੂਆਤ ਜਨਵਰੀ ੧੯੮੫ ਈ. ਵਿਚ ਹੋਈ। ਇਸ ਵਿਦਿਆਲੇ ਦਾ ਨਾਮ ਪਿੰਡ ਬਾਦੀਆਂ ਦੇ ਪੰਜ ਸ਼ਹੀਦਾਂ ਦੇ ਨਾਮ 'ਤੇ ਰੱਖਿਆ ਗਿਆ ਜੋ ਕਿ ੧੯੧੯ ਤੋਂ ਲੈ ਕੇ ੧੯੮੪ ਈ. ਤਕ ਦੇ ਸਮੇਂ ਦੌਰਾਨ ਸ਼ਹੀਦ ਹੋਏ ਸਨ। ਪੰਜ ਸਿੰਘਾਂ ਦੇ ਸ਼ਹੀਦ ਹੋਣ ਕਾਰਨ ਇਸ ਵਿਦਿਆਲੇ ਦਾ ਨਾਮ ਸ਼ਹੀਦ ਸੰਗੀਤ ਵਿਦਿਆਲਾ ਰੱਖਿਆ ਗਿਆ। ਇਨ੍ਹਾਂ ਪੰਜ ਸ਼ਹੀਦ ਸਿੰਘਾਂ ਦਾ ਨਾਮ ਹੇਠ ਲਿਖੇ ਅਨੁਸਾਰ ਹੈ:-

੧. ਭਾਈ ਭਾਗ ਸਿੰਘ ਜੀ (ਮੁਲਤਾਨ ਜੇਲ੍ਹ) ੨. ਭਾਈ ਨਾਜਰ ਸਿੰਘ ਜੀ (ਜਲ੍ਹਿਆਂਵਾਲਾ ਬਾਗ਼) ੩. ਭਾਈ ਚੰਨਣ ਸਿੰਘ ਜੀ (ਦਿੱਲੀ) ੪. ਗਿਆਨੀ ਰੂੜ ਸਿੰਘ ਜੀ (ਜਲ੍ਹਿਆਂਵਾਲਾ ਬਾਗ਼) ੫. ਗਿਆਨੀ ਅਵਤਾਰ ਸਿੰਘ ਜੀ।

ਇਸ ਵਿਦਿਆਲੇ ਵਿਚ ਵੱਖ-ਵੱਖ ਸਮੇਂ ਦੌਰਾਨ ਬਹੁਤ ਹੀ ਉੱਘੇ ਤੇ ਨਾਮਵਰ ਵਿਦਵਾਨਾਂ ਨੇ ਇਸ ਵਿਦਿਆਲੇ ਵਿਚ ਆ ਕੇ ਸਿਖਿਆਰਥੀਆਂ ਨੂੰ ਵਿੱਦਿਆ ਹਾਸਿਲ ਕਰਵਾਈ ਅਤੇ ਬਹੁਤ ਸਾਰੇ ਸਿਖਿਆਰਥੀ ਇਸ ਵਿਦਿਆਲੇ ਤੋਂ ਸਿੱਖਿਆ ਪ੍ਰਾਪਤ ਕਰ ਕੇ ਵੱਖ-ਵੱਖ ਸਥਾਨਾਂ, ਦੇਸ਼ਾਂ-ਵਿਦੇਸ਼ਾਂ ਵਿਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

ਇਸ ਵਿਦਿਆਲੇ ਦੇ ਸ਼ੁਰੂਆਤੀ ਸਮੇਂ ਦੌਰਾਨ ਲਗਪਗ ੧੯੮੫ ਈ. ਵਿਚ ਸਭ ਤੋਂ ਪਹਿਲਾਂ ਡਿਊਟੀ ਨਿਭਾਉਣ ਵਾਲੇ ਸਟਾਫ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

੧. ਭਾਈ ਅਮਰਜੀਤ ਸਿੰਘ ਚਾਕਰ, ਰਾਗੀ ੨. ਭਾਈ ਸੁਖਦੇਵ ਸਿੰਘ, ਰਾਗੀ ੩. ਭਾਈ ਕਰਤਾਰ ਸਿੰਘ ਵਡਾਲੀ, ਜੋੜੀਵਾਲਾ ੪. ਗਿਆਨੀ ਗੁਰਬਚਨ ਸਿੰਘ ਮਿਸ਼ਨਰੀ।

ਇਸ ਰਾਗੀ ਜਥੇ ਦੇ ਤਬਦੀਲ ਹੋਣ ਤੋਂ ਬਾਅਦ ਅਕਤੂਬਰ ੧੯੮੭ ਈ. ਵਿਚ

** ਇੰਚਾਰਜ, ਸ਼ਹੀਦ ਸੰਗੀਤ ਵਿਦਿਆਲਾ, ਪਿੰਡ ਬਾਦੀਆਂ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ। ਮੋ. ੬੨੩੯੧-੮੭੭੪੦*

ਸਟਾਫ਼ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

੧. ਗਿਆਨੀ ਗੁਰਬਚਨ ਸਿੰਘ ਮਿਸ਼ਨਰੀ, (ਇੰਚਾਰਜ) ੨. ਭਾਈ ਨਿਰਮਲ ਸਿੰਘ ਖਾਲਸਾ (ਰਾਗੀ) ੩. ਭਾਈ ਹਰਬੰਸ ਸਿੰਘ (ਜੋੜੀਵਾਲਾ)

ਗਿਆਨੀ ਗੁਰਬਚਨ ਸਿੰਘ ਮਿਸ਼ਨਰੀ ੧੯੯੧ ਈ. ਵਿਚ ਇਸ ਵਿਦਿਆਲੇ ਤੋਂ ਰਲੀਵ ਹੋ ਗਏ। ਉਨ੍ਹਾਂ ਤੋਂ ਬਾਅਦ ਸਟਾਫ ਦਾ ਵੇਰਵਾ:-

੧. ਭਾਈ ਸਮੇਰ ਸਿੰਘ (ਜੋੜੀਵਾਲਾ)

੨. ਭਾਈ ਹਰਚੰਦ ਸਿੰਘ (ਸੰਗੀਤ ਟੀਚਰ)

ਅਗਸਤ ੧੯੯੪ ਈ. ਵਿਚ ਸਟਾਫ ਦਾ ਵੇਰਵਾ:-

੧. ਭਾਈ ਸਮੇਰ ਸਿੰਘ (ਇੰਚਾਰਜ) ੨. ਭਾਈ ਇੰਦਰਜੀਤ ਸਿੰਘ (ਸੰਗੀਤ ਟੀਚਰ) ੩. ਭਾਈ ਬਲਵਿੰਦਰ ਸਿੰਘ ਸੇਵਾਦਾਰ (ਲਾਂਗਰੀ)

ਅਕਤੂਬਰ ੧੯੯੪ ਈ. ਵਿਚ ਭਾਈ ਸਮੇਰ ਸਿੰਘ ਇੰਚਾਰਜ ਇਸ ਵਿਦਿਆਲੇ ਤੋਂ ਰਲੀਵ ਹੋ ਗਏ ਅਤੇ ਭਾਈ ਇੰਦਰਜੀਤ ਸਿੰਘ ਜੀ ਨੇ ਇੰਚਾਰਜ ਦੀ ਸੇਵਾ ਨਿਭਾਈ। ਲਗਪਗ ੧੯੯੫ ਈ. ਵਿਚ ਭਾਈ ਇੰਦਰਜੀਤ ਸਿੰਘ (ਇੰਚਾਰਜ) ਇਸ ਵਿਦਿਆਲੇ ਤੋਂ ਰਲੀਵ ਹੋ ਗਏ।

ਇਹ ਵਿਦਿਆਲਾ ਕਾਫੀ ਸਮਾਂ ਬੰਦ ਰਹਿਣ ਤੋਂ ਬਾਅਦ ਲਗਪਗ ੨੦੦੪ ਈ. ਵਿਚ ਫਿਰ ਤੋਂ ਸ਼ੁਰੂ ਹੋਇਆ। ਉਸ ਸਮੇਂ ਦੌਰਾਨ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਸ੍ਰੀ ਮੁਕਤਸਰ ਸਾਹਿਬ ਤੋਂ ਵੱਖ-ਵੱਖ ਰਾਗੀ ਜਥਿਆਂ ਨੇ ਆ ਕੇ ਸਿਖਿਆਰਥੀਆਂ ਨੂੰ ਸਿੱਖਿਆ ਹਾਸਿਲ ਕਰਵਾਈ।

ਸੰਨ ੨੦੦੬ ਤੋਂ ਭਾਈ ਗੁਰਤੇਜ ਸਿੰਘ ਮੱਲ੍ਹਣ (ਸੰਗੀਤ ਟੀਚਰ) ਭਾਈ ਗੁਰਪ੍ਰੀਤ ਸਿੰਘ ਸ੍ਰੀ ਮੁਕਤਸਰ ਸਾਹਿਬ (ਤਬਲਾ ਵਾਦਕ) ਸੰਨ ੨੦੧੦ ਈ. ਤਕ ਸੇਵਾਵਾਂ ਨਿਭਾਉਂਦੇ ਰਹੇ।

ਦਸੰਬਰ ੨੦੧੨ ਤੋਂ ਲੈ ਕੇ ਹੁਣ ਤਕ ਭਾਈ ਹਰਜਿੰਦਰ ਸਿੰਘ ਜੀ (ਲੇਖਕ) ਸੰਗੀਤ ਅਧਿਆਪਕ ਦੇ ਨਾਲ-ਨਾਲ ਇੰਚਾਰਜ ਦੀ ਵੀ ਸੇਵਾ ਨਿਭਾ ਰਹੇ ਹਨ। ਇਹ ਵਿਦਿਆਲਾ ਸ. ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ, ਧਰਮ ਪ੍ਰਚਾਰ ਕਮੇਟੀ ਦੀ ਦੇਖ-ਰੇਖ ਹੇਠਾਂ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ। ਇਸ ਵਿਦਿਆਲੇ ਵਿਚ ਸੰਗੀਤ ਕਲਾਸ, ਤਬਲਾ ਕਲਾਸ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਾਈਆਂ ਜਾਂਦੀਆਂ ਹਨ।

ਇਸ ਵਿਦਿਆਲੇ ਵਿਚ ਦਸਵੀਂ ਅਤੇ ਬਾਰ੍ਹਵੀਂ ਪਾਸ ਵਿਦਿਆਰਥੀ ਦਾਖ਼ਲ ਕੀਤੇ ਜਾਂਦੇ ਹਨ। ਇਸ ਵਿਦਿਆਲੇ ਵਿਚ ਸਾਰੀ ਵਿੱਦਿਆ ਮੁਫਤ ਦਿੱਤੀ ਜਾਂਦੀ ਹੈ, ਜਿਸ ਦਾ ਖਰਚ ਧਰਮ ਪ੍ਰਚਾਰ ਕਮੇਟੀ ਵੱਲੋਂ ਕੀਤਾ ਜਾਂਦਾ ਹੈ ।

# ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ

*-ਭਾਈ ਰਵਿੰਦਰ ਸਿੰਘ ਖਾਲਸਾ**

ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਵੱਡੇ ਯਤਨ ਕੀਤੇ ਜਾ ਰਹੇ ਹਨ। ਧਰਮ ਪ੍ਰਚਾਰ ਕਮੇਟੀ ਇਕ ਬਹੁਤ ਵੱਡਾ ਵਿਭਾਗ ਹੈ ਜਿਸ ਦੇ ਤਹਿਤ ਹਰ ਪਿੰਡ ਤੇ ਹਰ ਨਗਰ ਦੀ ਨੁੱਕਰ ਤਕ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਦਰ ਦੇ ਪ੍ਰਚਾਰਕ, ਰਾਗੀ, ਢਾਡੀ, ਗੁਰੂ ਨਾਨਕ ਸਾਹਿਬ ਦਾ ਸੰਦੇਸ਼ਾ ਪਹੁੰਚਾਉਣ ਲਈ ਯਤਨਸ਼ੀਲ ਹਨ। ਇਸੇ ਮਕਸਦ ਲਈ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਨ ਅਤੇ ਉਨ੍ਹਾਂ ਨੂੰ ਗੁਰਮਤਿ ਦੀ ਸਿਖਲਾਈ ਦੇਣ ਲਈ ਵੱਖ-ਵੱਖ ਥਾਵਾਂ ਉੱਤੇ ਮਿਸ਼ਨਰੀ ਕਾਲਜ, ਵਿਦਿਆਲੇ ਅਤੇ ਗੁਰਮਤਿ ਇੰਸਟੀਚਿਊਟ ਖੋਲੇ ਗਏ ਹਨ। ਜਿੱਥੋਂ ਸਿੱਖਿਆ ਪ੍ਰਾਪਤ ਕਰ ਕੇ ਵਿਦਿਆਰਥੀ ਆਪਣੇ ਪੈਰਾਂ 'ਤੇ ਖੜੇ ਹੁੰਦੇ ਹਨ ਅਤੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਆਪਣਾ ਹਿੱਸਾ ਪਾਉਂਦੇ ਹਨ।

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਇਨ੍ਹਾਂ ਅਦਾਰਿਆਂ ਵਿੱਚੋਂ ਇੱਕ ਨਾਮ ਹੈ— 'ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ (ਬਠਿੰਡਾ) ਦਾ।' ਇਸ ਅਦਾਰੇ ਬਾਰੇ ਵਿਚਾਰ-ਚਰਚਾ ਕਰਨ ਤੋਂ ਪਹਿਲਾਂ ਮੈਂ ਇਸ ਨਗਰ ਦੇ ਇਤਿਹਾਸਿਕ ਪਿਛੋਕੜ ਬਾਰੇ ਸੰਖੇਪ ਜਾਣਕਾਰੀ ਦੇਣਾ ਜ਼ਰੂਰੀ ਸਮਝਦਾ ਹਾਂ।

ਸਿੱਖ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਤਲਵੰਡੀ ਸਾਬੋ ਉਹ ਪਵਿੱਤਰ ਧਰਤੀ ਹੈ ਜਿੱਥੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਚਰਨ ਪਏ ਹਨ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇੱਕ ਮਹੀਨਾ ਤਲਵੰਡੀ ਨਗਰ ਵਿਚ ਰਹੇ ਸਨ। ਇਤਿਹਾਸ ਦੇ ਪੰਨਿਆਂ 'ਤੇ ਅੰਕਿਤ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜਾ, ਦੀਨਾ-ਕਾਂਗੜ ਅਤੇ ਸ੍ਰੀ ਮੁਕਤਸਰ ਦੀ ਜੰਗ ਫਤਿਹ ਕਰਨ ਤੋਂ ਬਾਅਦ ੧੭੦੫ ਈ. ਵਿਚ ਤਲਵੰਡੀ ਸਾਬੋ ਪਹੁੰਚੇ ਸਨ ਅਤੇ ਇਹ ਉਹੋ ਹੀ ਨਗਰ ਹੈ ਜਿੱਥੇ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਗੁਰੂ

**ਪ੍ਰਿੰਸੀਪਲ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ, ਦਮਦਮਾ ਸਾਹਿਬ, ਬਠਿੰਡਾ। ਮੋ. +੯੧੯੫੫੫੦੧੯੫੨੪*

ਜੀ ਨੂੰ ਪੁੱਛਿਆ ਕਿ ਸਾਹਿਬਜ਼ਾਦੇ ਕਿੱਧਰੇ ਨਜ਼ਰ ਨਹੀਂ ਆਉਂਦੇ! ਤਾਂ ਕਲਗੀਧਰ ਪਾਤਸ਼ਾਹ ਨੇ ਸੰਗਤ ਵੱਲ ਇਸ਼ਾਰਾ ਕਰ ਕੇ ਆਖਿਆ ਸੀ:

*ਇਨ ਪੁਤ੍ਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।*
*ਚਾਰ ਮੂਏ ਤੋਂ ਕਿਆ ਹੁਆ, ਜੀਵਤ ਕਈ ਹਜ਼ਾਰ ॥*

ਇਤਿਹਾਸਿਕ ਸ੍ਰੋਤਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਨਰ-ਸੰਪਾਦਨ ਕੀਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਆਦਿ ਗ੍ਰੰਥ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਦਰਜ ਕੀਤੀ, ਜਿੱਥੇ ਅੱਜਕਲ੍ਹ ਗੁਰਦੁਆਰਾ ਲਿਖਣਸਰ ਸਾਹਿਬ ਸੁਸ਼ੋਭਿਤ ਹੈ। ਇਸ ਪਾਵਨ ਬੀੜ ਦੀ ਸੰਪੂਰਨਤਾ ਤੋਂ ਬਾਅਦ ਗੁਰੂ ਜੀ ਨੇ ਬਚੀ ਹੋਈ ਸਿਆਹੀ ਤੇ ਲਿਖਾਈ ਵਾਲੀਆਂ ਕਲਮਾਂ ਲਿਖਣਸਰ ਸਰੋਵਰ ਵਿਚ ਪਵਾ ਦਿੱਤੀਆਂ। ਸੰਗਤ ਨੇ ਇਸ ਦਾ ਕਾਰਨ ਪੁੱਛਿਆ, ਤਾਂ ਗੁਰੂ ਜੀ ਨੇ ਫੁਰਮਾਇਆ- "ਇਹ ਗੁਰੂ ਕਾਸ਼ੀ ਅਸਥਾਪਨ ਕੀਤੀ ਹੈ, ਇੱਥੇ ਵੱਡੇ-ਵੱਡੇ ਵਿਦਵਾਨ, ਲਿਖਾਰੀ, ਗਿਆਨੀ ਤੇ ਵਿਚਾਰਵਾਨ ਪੈਦਾ ਹੋਵਣਗੇ।"

*ਹੋਇ ਦਮਦਮਾ ਗੁਰ ਕੀ ਕਾਸ਼ੀ।*
*ਲੇਖਕ ਬਨਹਿਂ ਪਢਹਿਂ ਸਿਖ ਰਾਸੀ।* *(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਗੁਰੂ ਸਾਹਿਬ ਦੀ ਇਸੇ ਚਰਨ-ਛੋਹ ਪ੍ਰਾਪਤ ਧਰਤੀ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਸੁਸ਼ੋਭਿਤ ਹੈ। ਤਖ਼ਤ ਸਾਹਿਬ ਤੋਂ ਕੋਈ ੫੦੦ ਮੀਟਰ ਦੀ ਦੂਰੀ 'ਤੇ ਸਥਿਤ ਹੈ- 'ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ'। ਜਿਸ ਦਾ ਨੀਂਹ-ਪੱਥਰ ੨੪ ਫਰਵਰੀ, ੧੯੯੧ ਈ. ਨੂੰ ਪੰਜ ਪਿਆਰਿਆਂ ਵੱਲੋਂ ਰੱਖਿਆ ਗਿਆ। ਛਾਂ-ਦਾਰ ਅਤੇ ਫ਼ਲਦਾਰ ਰੁੱਖਾਂ 'ਚ ਘਿਰਿਆ ਇਹ ਇੰਸਟੀਚਿਊਟ 'ਜੰਗਲ 'ਚ ਮੰਗਲ' ਕਰਨ ਵਾਲੀ ਕਹਾਵਤ ਨੂੰ ਸਹੀ ਸਿੱਧ ਕਰਦਾ ਹੈ। ਇੱਥੇ ਵਿਦਿਆਰਥੀਆਂ ਵੱਲੋਂ ਜਦੋਂ ਰੱਬੀ ਬਾਣੀ ਦੀਆਂ ਇਲਾਹੀ ਧੁਨਾਂ ਅਲਾਪੀਆਂ ਜਾਂਦੀਆਂ ਹਨ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਇੱਥੋਂ ਦੇ ਫੁੱਲ-ਬੂਟੇ ਆਦਿ ਵੀ ਕਿਸੇ ਵਿਸਮਾਦੀ ਧੁਨ ਵਿਚ ਝੂਮ ਰਹੇ ਹੋਣ। ਇੱਥੋਂ ਦਾ ਵਾਤਾਵਰਨ ਬਹੁਤ ਹੀ ਸੁਹਾਵਣਾ ਅਤੇ ਮਨਮੋਹਕ ਹੈ। ਇੱਥੇ ਵਿੱਦਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀ ਆਪਣੇ ਆਪ ਨੂੰ ਪ੍ਰਕਿਰਤੀ ਦੀ ਗੋਦ ਵਿਚ ਬੈਠਾ ਮਹਿਸੂਸ ਕਰਦੇ ਹਨ। ਇਸ ਅਦਾਰੇ ਦੇ ਪਹਿਲੇ ਪ੍ਰਿੰਸੀਪਲ ਹੋਣ ਦਾ ਮਾਣ ਡਾ. ਦਵਿੰਦਰ ਸਿੰਘ 'ਵਿਦਿਆਰਥੀ' ਨੂੰ ਪ੍ਰਾਪਤ ਹੈ। ਇਸ ਉਪਰੰਤ ੪ ਸਤੰਬਰ, ੧੯੯੨ ਈ. ਨੂੰ ਪ੍ਰਿੰਸੀਪਲ ਲਾਭ ਸਿੰਘ ਜੀ ਨੇ ਇਹ ਜ਼ਿੰਮੇਵਾਰੀ ਸੰਭਾਲੀ ਅਤੇ ਇੰਸਟੀਚਿਊਟ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਦਿਨ-ਰਾਤ ਮਿਹਨਤ ਕੀਤੀ। ਉਨ੍ਹਾਂ ਤੋਂ ਬਾਅਦ ੧੩ ਜੂਨ, ੧੯੯੮ ਈ. ਨੂੰ ਡਾ. ਅਮਰਜੀਤ ਸਿੰਘ ਜੀ ਨੇ ਇਸ ਅਦਾਰੇ ਦਾ ਚਾਰਜ ਸੰਭਾਲਿਆ ਅਤੇ ਉਨ੍ਹਾਂ

ਨੇ ਤਕਰੀਬਨ ੧੯ ਸਾਲ ਲੰਮਾ ਸਮਾਂ ਸੇਵਾ ਨਿਭਾਈ। ਇਸ ਸਮੇਂ ਦੌਰਾਨ ਉਨ੍ਹਾਂ ਨੇ ਇੰਸਟੀਚਿਊਟ ਨੂੰ ਤਰੱਕੀ ਦੇ ਰਾਹ 'ਤੇ ਲਿਆਂਦਾ ਅਤੇ ਵਿਦਿਆਰਥੀਆਂ ਦੀ ਨਾਟਕ ਟੀਮ ਤਿਆਰ ਕਰ ਕੇ ਪਿੰਡਾਂ-ਨਗਰਾਂ ਵਿਚ ਇਤਿਹਾਸਿਕ ਨਾਟਕ ਖੇਡੇ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਕਈ ਨੌਜਵਾਨ ਸਿੱਖੀ ਵਿਰਸੇ ਨਾਲ ਜੁੜੇ। ਡਾ. ਅਮਰਜੀਤ ਸਿੰਘ ਤੋਂ ਬਾਅਦ ਡਾ. ਗੁਰਵੀਰ ਸਿੰਘ ਅਤੇ ਸ. ਅਮਰਜੀਤ ਸਿੰਘ ਟੋਹਾਣਾ (ਕਾਰਜਕਾਰੀ) ਨੇ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ ਅਤੇ ਮੌਜੂਦਾ ਸਮੇਂ ਦਾਸ (ਰਵਿੰਦਰ ਸਿੰਘ) ਇਹ ਸੇਵਾ ਨਿਭਾਅ ਰਿਹਾ ਹੈ।

ਇੰਸਟੀਚਿਊਟ ਵਿਚ ਤਿੰਨ ਸਾਲਾ ਗੁਰਮਤਿ ਕੋਰਸ ਕਰਵਾਇਆ ਜਾਂਦਾ ਹੈ ਜਿੱਥੇ ਕਿ ਕਥਾ, ਕੀਰਤਨ ਅਤੇ ਤਬਲਾ ਕਲਾਸਾਂ ਲੱਗਦੀਆਂ ਹਨ ਅਤੇ ਆਪੋ-ਆਪਣੇ ਵਿਸ਼ੇ ਵਿਚ ਮਾਹਰ ਅਧਿਆਪਕ ਵਿਦਿਆਰਥੀਆਂ ਨੂੰ ਸਿਖਲਾਈ ਦਿੰਦੇ ਹਨ। ਤਿੰਨ-ਸਾਲ ਵਿਦਿਆਰਥੀਆਂ ਦਾ ਹੋਸਟਲ ਵਿਚ ਰਹਿਣਾ ਜ਼ਰੂਰੀ ਹੈ। ਸਾਰੀ ਪੜ੍ਹਾਈ ਮੁਫ਼ਤ ਕਰਵਾਈ ਜਾਂਦੀ ਹੈ ਅਤੇ ਪੰਦਰਾਂ ਸੌ ਰੁਪਏ ਮਹੀਨਾ ਹਰ ਵਿਦਿਆਰਥੀ ਨੂੰ ਵਜੀਫਾ ਵੀ ਦਿੱਤਾ ਜਾਂਦਾ ਹੈ। ਉਚੇਰੀ ਵਿੱਦਿਆ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸੀ.ਸੀ ਰਾਹੀਂ ਬੀ.ਏ. ਵੀ ਕਰਵਾਈ ਜਾਂਦੀ ਹੈ। ਤਿੰਨ ਸਾਲਾ ਕੋਰਸ ਕਰਨ ਉਪਰੰਤ ਯੋਗ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ (ਧਰਮ ਪ੍ਰਚਾਰ ਕਮੇਟੀ) ਵੱਲੋਂ ਪਹਿਲ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ।

ਭਾਵੇਂ ਇਸ ਇੰਸਟੀਚਿਊਟ ਦੀ ਸਥਾਪਨਾ ਨੂੰ ਹਾਲੇ ੩੩ ਕੁ ਸਾਲ ਦਾ ਹੀ ਸਮਾਂ ਹੋਇਆ ਹੈ ਪਰ ਇੱਥੋਂ ਸਿਖਲਾਈ ਪ੍ਰਾਪਤ ਕਰ ਕੇ ਅਹਿਮ ਤੇ ਪੰਥਕ ਅਹੁਦਿਆਂ 'ਤੇ ਬੈਠੇ ਵਿਦਿਆਰਥੀਆਂ ਦੀ ਸੂਚੀ ਬਹੁਤ ਲੰਮੀ ਹੈ ਜੋ ਅੱਜ ਨਾਮਵਰ ਸ਼ਖ਼ਸੀਅਤਾਂ ਵਜੋਂ ਜਾਣੇ ਜਾਂਦੇ ਹਨ। ਕੁਝ ਕੁ ਦੇ ਨਾਮ ਇਸ ਪ੍ਰਕਾਰ ਹਨ :-

ਗਿਆਨੀ ਹਰਪ੍ਰੀਤ ਸਿੰਘ ਜੀ, ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ।

ਗਿਆਨੀ ਜਗਤਾਰ ਸਿੰਘ ਜੀ, ਕਥਾਵਾਚਕ, ਤਖ਼ਤ ਸ੍ਰੀ ਦਮਦਮਾ ਸਾਹਿਬ।

ਗਿਆਨੀ ਹਰਜਿੰਦਰ ਸਿੰਘ ਜੀ, ਮੀਤ ਗ੍ਰੰਥੀ, ਤਖ਼ਤ ਸ੍ਰੀ ਦਮਦਮਾ ਸਾਹਿਬ।

ਭਾਈ ਕੇਵਲ ਸਿੰਘ, ਪੰਜ ਪਿਆਰਾ।

ਭਾਈ ਹਰਜੀਤ ਸਿੰਘ, ਪੰਜ ਪਿਆਰਾ।

ਭਾਈ ਗੁਰਪ੍ਰੀਤ ਸਿੰਘ, ਗ੍ਰੰਥੀ, ਤਖ਼ਤ ਸ੍ਰੀ ਦਮਦਮਾ ਸਾਹਿਬ।

ਭਾਈ ਗਗਨਦੀਪ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਸਤਨਾਮ ਸਿੰਘ ਕੁਹਾੜਕਾ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਕੁਲਦੀਪ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਸੁਲੱਖਣ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਹਰਪਿੰਦਰ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਗੁਰਪ੍ਰੀਤ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਜਗਜੀਤ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਸਤਨਾਮ ਸਿੰਘ, ਹਜ਼ੂਰੀ ਰਾਗੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ।

ਭਾਈ ਅਮਨਦੀਪ ਸਿੰਘ, ਹਜ਼ੂਰੀ ਰਾਗੀ, ਤਖ਼ਤ ਸ੍ਰੀ ਕੇਸਗੜ ਸਾਹਿਬ।

ਭਾਈ ਜਗਦੀਸ਼ ਸਿੰਘ, ਹਜ਼ੂਰੀ ਰਾਗੀ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ।

ਭਾਈ ਬਲਦੇਵ ਸਿੰਘ, ਹਜ਼ੂਰੀ ਰਾਗੀ, ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਸ੍ਰੀ ਅੰਮ੍ਰਿਤਸਰ।

ਭਾਈ ਗੁਰਜੀਤ ਸਿੰਘ ਬੈਂਕਾ, ਹਜ਼ੂਰੀ ਰਾਗੀ, ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਸ੍ਰੀ ਅੰਮ੍ਰਿਤਸਰ।

ਭਾਈ ਆਗਿਆਕਾਰ ਸਿੰਘ, ਹਜ਼ੂਰੀ ਰਾਗੀ, ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਸ੍ਰੀ ਅੰਮ੍ਰਿਤਸਰ।

ਭਾਈ ਦਲਜੀਤ ਸਿੰਘ, ਹਜ਼ੂਰੀ ਰਾਗੀ, ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਸ੍ਰੀ ਅੰਮ੍ਰਿਤਸਰ।

ਭਾਈ ਰਣਜੀਤ ਸਿੰਘ, ਹਜ਼ੂਰੀ ਰਾਗੀ, ਗੁਰਦੁਆਰਾ ਚਮਕੌਰ ਸਾਹਿਬ।

ਭਾਈ ਹਰਪਾਲ ਸਿੰਘ ਜੀ, ਹੈੱਡ ਗ੍ਰੰਥੀ, ਗੁਰਦੁਆਰਾ ਸ੍ਰੀ ਫਤਿਹਗੜ ਸਾਹਿਬ (ਸਰਹਿੰਦ)।

ਭਾਈ ਗੁਰਪ੍ਰੀਤ ਸਿੰਘ, ਕਥਾ-ਵਾਚਕ, ਗੁਰਦੁਆਰਾ ਜੋਤੀ ਸਰੂਪ, ਫਤਿਹਗੜ ਸਾਹਿਬ (ਸਰਹਿੰਦ)।

ਭਾਈ ਨਿਰਭੈ ਸਿੰਘ, ਪ੍ਰਚਾਰਕ, (ਇੰਚਾਰਜ, ਮਾਲਵਾ ਜ਼ੋਨ) ਤਲਵੰਡੀ ਸਾਬੋ।

ਭਾਈ ਹਰਜੀਤ ਸਿੰਘ, ਪ੍ਰਚਾਰਕ, (ਇੰਚਾਰਜ, ਮਾਝਾ ਜ਼ੋਨ) ਸੁਲਤਾਨਪੁਰ ਲੋਧੀ।

ਭਾਈ ਬਲਵਿੰਦਰ ਸਿੰਘ, ਸੁਪਰਡੈਂਟ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।

ਭਾਈ ਰਣਜੀਤ ਸਿੰਘ, ਗੁਰਦੁਆਰਾ ਇੰਸਪੈਕਟਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।

ਭਾਈ ਪ੍ਰਭਦਿਆਲ ਸਿੰਘ, ਪ੍ਰਚਾਰਕ, ਸਿੱਖ ਮਿਸ਼ਨ, ਹਾਪੁੜ।

ਭਾਈ ਸੁਰਿੰਦਰਪਾਲ ਸਿੰਘ, ਅਧਿਆਪਕ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ।

ਭਾਈ ਸੇਵਕ ਸਿੰਘ, ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਭਾਈ ਸੁਖਰਾਜ ਸਿੰਘ, ਹੈੱਡ ਮਾਸਟਰ (ਸਟੇਟ ਅਵਾਰਡੀ) ਪਿੰਡ ਧਿੰਗੜ।

ਭਾਈ ਰਣਜੀਤ ਸਿੰਘ ਰਬਾਬੀ, ਸੰਗੀਤ ਅਧਿਆਪਕ, ਸਰਕਾਰੀ ਹਾਈ ਸਕੂਲ, ਮੋਹਾਲੀ।

ਇੰਸਟੀਚਿਊਟ ਦੀ ਨਾਟਕ ਟੀਮ ਜਿਸ ਨੇ 'ਸਿੰਘ ਸੂਰਮੇ' ਨਾਟਕ ਦੁਆਰਾ ਨੌਜਵਾਨਾਂ ਨੂੰ ਸਿੱਖੀ ਸਰੂਪ ਵੱਲ ਪ੍ਰੇਰਿਤ ਕੀਤਾ:-

ਭਾਈ ਪਰਮਜੀਤ ਸਿੰਘ, ਭਾਈ ਅਮਰੀਕ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਦਲਜੀਤ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਸਵਿੰਦਰ ਸਿੰਘ, ਭਾਈ ਮੰਗਲ ਸਿੰਘ, ਭਾਈ ਹਰਜਿੰਦਰ ਸਿੰਘ

ਇਸ ਤੋਂ ਇਲਾਵਾ ਲੋਕਲ ਗੁਰਦੁਆਰਾ ਕਮੇਟੀਆਂ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਕੀਰਤਨ/ਕਥਾ ਦੀ ਸੇਵਾ ਨਿਭਾਅ ਰਹੇ ਸੈਂਕੜੇ ਵਿਦਿਆਰਥੀਆਂ ਦੇ ਨਾਮ ਹਨ ਜੋ ਇੱਥੋਂ ਸਿੱਖਿਆ ਪ੍ਰਾਪਤ ਕਰ ਕੇ ਆਪਣੀ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਹਨ। ਇਸ ਇੰਸਟੀਚਿਊਟ ਦੀ ਖ਼ਾਸੀਅਤ ਇਹ ਹੈ ਕਿ ਇੱਥੇ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਜਾ ਕੇ ਕਥਾ/ਕੀਰਤਨ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ ਅਤੇ ਉਨ੍ਹਾਂ ਵਿਚ ਸਟੇਜਾਂ 'ਤੇ ਬੋਲਣ ਦਾ ਆਤਮ-ਵਿਸ਼ਵਾਸ ਵਧੇਰੇ ਪ੍ਰਪੱਕ ਹੋ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਦਾ ਦਿੱਤਾ ਵਰਦਾਨ 'ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ' ਦੇ ਵਿਦਿਆਰਥੀਆਂ ਦੀ ਪ੍ਰਤਿਭਾ ਵਿੱਚੋਂ ਪ੍ਰਤੱਖ ਨਜ਼ਰੀਂ ਪੈਂਦਾ ਹੈ। ਇਸ ਅਦਾਰੇ ਵਿਚ ਦਾਖ਼ਲ ਹੋਏ ਬਿਲਕੁਲ ਅਣਜਾਣ ਵਿਦਿਆਰਥੀ ਗੁਰਦੁਆਰਾ ਲਿਖਣਸਰ ਵਿਖੇ ਪੈਂਤੀ ਲਿਖ ਕੇ ਅਤੇ ਇਸ ਅਦਾਰੇ ਵਿੱਚੋਂ ਪੜ੍ਹ ਕੇ ਲੰਮੀ-ਲੰਮੀ ਕਵਿਤਾ ਲਿਖਣ ਵਾਲੇ ਕਵੀ, ਵਿਦਵਾਨ ਅਤੇ ਰਾਗੀ ਸਿੰਘ ਬਣੇ। ਇਹ ਗੁਰੂ ਦੀਆਂ ਬਖ਼ਸ਼ਿਸ਼ਾਂ ਦੀ ਪ੍ਰਤੱਖ ਮਿਸਾਲ ਹੈ।

ਸ. ਹਰਜਿੰਦਰ ਸਿੰਘ ਜੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਸ. ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ, ਧਰਮ ਪ੍ਰਚਾਰ ਕਮੇਟੀ ਵੱਲੋਂ 'ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ' ਤਲਵੰਡੀ ਸਾਬੋ ਨੂੰ ਹੋਰ ਵੀ ਬਿਹਤਰ ਬਣਾਉਣ ਲਈ ਨਿਰੰਤਰ ਯਤਨ ਜਾਰੀ ਹਨ। ਮੈਂ ਇਸ ਦਾ ਬਤੌਰ ਪ੍ਰਮੁੱਖ ਸੇਵਾਦਾਰ ਹੋਣ ਦੇ ਨਾਤੇ ਇਸ ਅਦਾਰੇ ਨੂੰ ਦਿਨ-ਦੁੱਗਣੀ ਰਾਤ ਚੌਗੁਣੀ ਤਰੱਕੀ ਦੇ ਰਾਹ 'ਤੇ ਲਿਜਾਣ ਲਈ ਯਤਨਸ਼ੀਲ ਹਾਂ। ■

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ

*-ਸ. ਸੁਖਵਿੰਦਰ ਸਿੰਘ ਸਾਗਰ**

**ਸਥਾਪਨਾ**

ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੰਨ ੧੯੯੯ ਵਿਚ ਖਾਲਸਾ ਪੰਥ ਦੇ ੩੦੦-ਸਾਲਾ ਸਿਰਜਣਾ ਦਿਵਸ ਨੂੰ ਸਮਰਪਿਤ ਖ਼ਾਲਸੇ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮੂਹ ਸਿੱਖ ਜਗਤ ਦੇ ਸਹਿਯੋਗ ਨਾਲ ਮਨਾਉਣ ਦਾ ਵੱਡਾ ਫੈਸਲਾ ਕੀਤਾ ਗਿਆ। ਖਾਲਸੇ ਦੇ ਸਿਰਜਣਾ ਦਿਵਸ ਨੂੰ ਸਮਰਪਿਤ ਉਲੀਕੇ ਗਏ ਪ੍ਰੋਗਰਾਮਾਂ ਵਿਚ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਕੀਤੀ ਗਈ ਕੀਰਤਨ ਪਰੰਪਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਰਵਾਇਤੀ ਸਾਜ਼-ਰਬਾਬ, ਦਿਲਰੁਬਾ, ਸਿਰੰਦਾ ਤੇ ਤਾਨਪੁਰਾ ਆਦਿ ਤੰਤੀ ਸਾਜ਼ਾਂ ਦੁਆਰਾ ਕੀਰਤਨ ਸਿਖਲਾਈ ਕਰਵਾਉਣ ਵਾਲਾ ਇਕ ਵਿਸ਼ੇਸ਼ ਗੁਰਮਤਿ ਸੰਗੀਤ ਦਾ ਅਦਾਰਾ ਖੋਲਣ ਦਾ ਫੈਸਲਾ ਲਿਆ ਗਿਆ। ਵਾਰਡ ਨੰਬਰ ੦੨, ਮੁਹੱਲਾ ਫਤਿਹਗੜ੍ਹ ਸਾਹਿਬ ਨੇੜੇ ਗੁਰਦੁਆਰਾ ਕਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਥਾਨ 'ਤੇ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਹੇਠ ਸੰਸਥਾ ਦੀ ਸਥਾਪਨਾ ਕੀਤੀ ਗਈ ।

**ਮੁੱਖ ਉਦੇਸ਼**

ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦਾ ਮੁੱਖ ਉਦੇਸ਼ ਸੀ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਹੋਈ ਗੁਰਮਤਿ ਸੰਗੀਤ ਦੀ ਪਰੰਪਰਾਗਤ ਕੀਰਤਨ ਸ਼ੈਲੀ ਨੂੰ ਤੰਤੀ ਸਾਜ਼ ਰਬਾਬ, ਸਿਰੰਦਾ, ਦਿਲਰੁਬਾ ਤੇ ਤਾਨਪੁਰੇ ਦੁਆਰਾ ਮੁੜ-ਸੁਰਜੀਤ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਖ ਰਾਗਾਂ ਤੇ ਮਿਸ਼ਰਿਤ ਰਾਗਾਂ ਅਨੁਸਾਰ ਗੁਰੂ ਸਾਹਿਬਾਨ ਵੱਲੋਂ ਬਖ਼ਸ਼ਿਸ਼ ਹੋਈ ਕੀਰਤਨ ਸ਼ੈਲੀ ਦਾ ਪ੍ਰਚਾਰ ਕਰਨਾ। ਵੱਖ-ਵੱਖ ਕੀਰਤਨ ਚੌਕੀਆਂ ਅਨੁਸਾਰ ਸ਼ੁੱਧ ਤੇ ਅਸਲ ਰੂਪ ਵਿਚ ਵਿਦਿਆਰਥੀਆਂ ਦੀ ਘਾੜ੍ਹਤ ਘੜਣਾ, ਤਾਂ ਜੋ ਟਕਸਾਲੀ ਕੀਰਤਨੀਏ ਬਣ ਸਕਣ। ਗੁਰਮਤਿ ਸੰਗੀਤ ਅਨੁਸਾਰ ਗੁਰਬਾਣੀ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਨਾ।

**ਉਦਘਾਟਨ**

ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਦਾ ਉਦਘਾਟਨ ੧੧

** ਇੰਚਾਰਜ, ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ, ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ-੧੪੦੧੧੮; ਮੋ: ੮੭੨੫੦-੦੨੦੧੫*

ਅਕਤੂਬਰ, ੧੯੯੯ ਈ. ਨੂੰ ਬੀਬੀ ਜਗੀਰ ਕੌਰ (ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਕੀਤਾ। ਉਸ ਸਮੇਂ ਦੇ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ, ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਕੇਵਲ ਸਿੰਘ, ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ, ਡਾ. ਗੁਰਬਚਨ ਸਿੰਘ ਬਚਨ, ਸਕੱਤਰ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ, ਸ. ਵਰਿਆਮ ਸਿੰਘ, ਸਕੱਤਰ, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ, ਸ. ਸਤਨਾਮ ਸਿੰਘ, ਮੈਂਬਰ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ, ਸ. ਕਰਮ ਸਿੰਘ, ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਤਰਲੋਚਨ ਸਿੰਘ, ਹੈੱਡ ਗ੍ਰੰਥੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਆਗੂ, ਇਲਾਕੇ ਦੀਆਂ ਸਭਾ-ਸੁਸਾਇਟੀਆਂ ਤੇ ਸੰਗਤ ਵੱਲੋਂ ਕੀਤਾ ਗਿਆ।

## ਦਾਖ਼ਲਾ ਤੇ ਕੋਰਸ

ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਿੰਨ ਸਾਲਾ ਕੀਰਤਨ ਗਿਆਨ ਕੋਰਸ ਤੇ ਤਬਲਾ ਗਿਆਨ ਕੋਰਸ ਦੇ ਦਾਖ਼ਲੇ ਲਈ ਗੁਰਮਤਿ ਸੰਗੀਤ ਵਿਚ ਰੁਚੀ ਰੱਖਣ ਵਾਲੇ, ਸਿੱਖ ਰਹੁ-ਰੀਤ ਦੇ ਜਾਣਕਾਰ, ਅੰਮ੍ਰਿਤਧਾਰੀ, ਬਾਰ੍ਹਵੀਂ ਜਮਾਤ ਪਾਸ ਤੇ ਉਮਰ ਹੱਦ ੨੨ ਸਾਲ ਤੀਕ ਦੇ ਵਿਦਿਆਰਥੀਆਂ ਨੂੰ ਤਿੰਨ ਸਾਲਾ ਕੋਰਸ ਕਰਵਾਇਆ ਜਾਂਦਾ ਹੈ।

## ਅਕੈਡਮੀ ਦੀ ਅਰੰਭਤਾ ਤੇ ਵਿਦਿਆਰਥੀਆਂ ਦਾ ਵੇਰਵਾ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ-ਛਾਇਆ ਹੇਠ ੧੭ ਦਸੰਬਰ, ੧੯੯੯ ਈ. ਦਿਨ ਸ਼ੁੱਕਰਵਾਰ ਨੂੰ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਤਤਕਾਲੀ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਅਕੈਡਮੀ ਦੀ ਅਰੰਭਤਾ ਤੇ ਚੜ੍ਹਦੀ ਕਲਾ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਗਈ, ਜਿਸ ਵਿਚ ਗਿਆਨੀ ਤਰਲੋਚਨ ਸਿੰਘ ਹੈੱਡ ਗ੍ਰੰਥੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਧਾਰਮਿਕ ਸ਼ਖ਼ਸੀਅਤਾਂ, ਇਲਾਕੇ ਦੀਆਂ ਸਭਾ-ਸੁਸਾਇਟੀਆਂ ਤੇ ਸੰਗਤ ਸ਼ਾਮਲ ਹੋਈ। ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਦੀਆਂ ਕਲਾਸਾਂ ਦੀ ਅਰੰਭਤਾ ੧੭ ਦਸੰਬਰ, ੧੯੯੯ ਈ. ਤੋਂ ਕੀਤੀ ਗਈ। ਪਹਿਲੇ ਅੱਠ ਸੈਸ਼ਨਾਂ ਵਿਚ ੨੩੧ ਵਿਦਿਆਰਥੀ ਸਿਖਲਾਈ ਪ੍ਰਾਪਤ ਕਰ ਕੇ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਹੋਏ ਆਪਣਾ ਤੇ ਆਪਣੇ ਪਰਵਾਰਾਂ ਦਾ ਨਿਰਬਾਹ ਕਰ ਰਹੇ ਹਨ। ਇਸ ਸਮੇਂ ਚੱਲ ਰਹੇ ਨੌਵੇਂ ਸੈਸ਼ਨ (੨੦੨੩-੨੦੨੬) ਵਿਚ ੩੨ ਵਿਦਿਆਰਥੀ ਕੀਰਤਨ ਸਿਖਲਾਈ ਹਾਸਲ ਕਰ ਰਹੇ ਹਨ। ਵੇਰਵਾ ਇਸ ਪ੍ਰਕਾਰ ਹੈ:-

| ਲੜੀ. ਨੰ | ਸੈਸ਼ਨ | ਕਲਾਸ ਵਿਦਿਆਰਥੀ ਕੀਰਤਨ | ਕਲਾਸ ਵਿਦਿਆਰਥੀ ਤਬਲਾ | ਕੁੱਲ ਵਿਦਿਆਰਥੀ |
|---|---|---|---|---|
| ੧ | ੧੯੯੯ - ੨੦੦੨ | ੧੮ | ੦੭ | ੨੫ |
| ੨ | ੨੦੦੨ - ੨੦੦੫ | ੧੯ | ੧੦ | ੨੯ |
| ੩ | ੨੦੦੫ - ੨੦੦੮ | ੨੪ | ੦੯ | ੩੩ |

| | | | | |
|---|---|---|---|---|
| ੪ | ੨੦੦੮ - ੨੦੧੧ | ੨੪ | ੧੨ | ੩੬ |
| ੫ | ੨੦੧੧ - ੨੦੧੪ | ੧੬ | ੧੦ | ੨੬ |
| ੬ | ੨੦੧੪ - ੨੦੧੭ | ੧੮ | ੦੮ | ੨੬ |
| ੭ | ੨੦੧੭ - ੨੦੨੦ | ੨੦ | ੧੦ | ੩੦ |
| ੮ | ੨੦੨੦ - ੨੦੨੩ | ੧੮ | ੦੮ | ੨੬ |
| ੯ | ੨੦੨੩- ੨੦੨੬ | ੨੧ | ੧੧ | ੩੨ |
| | ਜੋੜ | ੧੭੮ | ੮੫ | ੨੬੩ |

## ਰੋਜ਼ਾਨਾ ਦੀ ਕਾਰਜ ਵਿਧੀ

| | | | |
|---|---|---|---|
| ਜਾਗਣ ਦਾ ਸਮਾਂ | ੪:੦੦ | ਅੰਮ੍ਰਿਤ ਵੇਲਾ | |
| ਇਸ਼ਨਾਨ | ੪:੦੦-੫:੩੦ | ਅੰਮ੍ਰਿਤ ਵੇਲਾ | ਨਿੱਤਨੇਮ ਲਈ ਤਿਆਰ ਹੋਣਾ |
| ਨਿੱਤਨੇਮ | ੫:੩੦-੭:੦੦ | ਅੰਮ੍ਰਿਤ ਵੇਲਾ | ਸੰਗਤੀ ਰੂਪ ਕਲਾਸ ਵਿਚ |
| ਚਾਹ ਤੇ ਸਵਰ ਅਭਿਆਸ | ੭:੦੦-੮:੩੦ | ਸਵੇਰੇ | ਕਲਾਸ ਜਾਂ ਕਮਰੇ ਵਿਚ |
| ਕਲਾਸ ਕੀਰਤਨ /ਤਬਲਾ | ੮:੩੦-੧੦:੦੦ | ਸਵੇਰੇ | ਆਪੋ ਆਪਣੀ ਕਲਾਸ ਵਿਚ |
| ਲੰਗਰ | ੧੦:੦੦-੧੦:੪੦ | ਸਵੇਰੇ | ਪੰਗਤ ਵਿਚ |
| ਗੁਰਬਾਣੀ ਸੰਥਿਆ ਕਲਾਸ | ੧੦:੪੦-੧੨:੦੦ | ਸਵੇਰੇ | ਕਲਾਸ ਵਿਚ |
| ਤੰਤੀ ਸਾਜ ਤੇ ਥਿਊਰੀ ਕਲਾਸ | ੧੨:੦੦-੧੨:੪੦ | ਦੁਪਹਿਰ | ਕਲਾਸ ਵਿਚ |
| ਲਾਜਮੀ ਵਿਸ਼ਾ | ੧੨:੪੦-੧:੨੦ | ਦੁਪਹਿਰ | ਕਲਾਸ ਵਿਚ |
| ਆਸਾ ਦੀ ਵਾਰ ਦਾ ਕੀਰਤਨ | ੦੧:੨੦-੨:੦੦ | ਦੁਪਹਿਰ | ਕਲਾਸ ਵਿਚ |
| ਰੈਸਟ | ੨:੦੦-੩:੦੦ | ਦੁਪਹਿਰ | ਪੂਰੀ ਰੈਸਟ ਆਪੋ ਆਪਣੇ ਕਮਰੇ ਵਿਚ |
| ਦਲੀਆ/ ਚਾਵਲ ਆਦਿ | ੩:੦੦-੩:੩੦ | ਸ਼ਾਮ | ਲੋੜਾ ਵੇਲਾ |
| ਸ਼ਬਦ ਬੰਦਸ਼ਾਂ ਦੀ ਤਿਆਰੀ | ੩:੩੦-੫: ੩੦ | ਸ਼ਾਮ | ਕਲਾਸ ਵਿਚ |
| ਕਸਰਤ | ੫:੩੦-੬-੦੦ | ਸ਼ਾਮ | ਪਾਰਕ ਵਿਚ |
| ਸੋ ਦਰੁ ਰਹਰਾਸਿ ਚੌਕੀ | ੬:੦੦- ੬:੩੦ | ਸ਼ਾਮ | ਸੰਗਤੀ ਰੂਪ ਵਿਚ |
| ਕਲਾਸ ਕੀਰਤਨ/ ਤਬਲਾ | ੬:੩੦-੮:੦੦ | ਸ਼ਾਮ | ਕਲਾਸ ਰੂਮ ਵਿਚ |
| ਲੰਗਰ | ੮:੦੦-੯:੦੦ | ਰਾਤ | ਪੰਗਤ ਵਿਚ |
| ਤੰਤੀ ਸਾਜ਼ਾਂ ਦਾ ਅਭਿਆਸ | ੯: ੦੦ - ੧੦:੦੦ | ਰਾਤ | ਆਪੋ ਆਪਣਾ |
| ਵਿਸ਼ਰਾਮ ਦਾ ਸਮਾਂ | ੧੦: ੦੦ | ਰਾਤ | ਖਾਮੋਸ਼ੀ |

ਗੁਰਦੁਆਰਾ ਕਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸ਼ਾਮ ਹਰ ਰੋਜ਼ ਇੱਕ ਜਥਾ ਕੀਰਤਨ ਹਾਜ਼ਰੀ ਭਰਦਾ ਹੈ। ਸਮੇਂ-ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਰਤਨ ਸੇਵਾ ਨਿਭਾਈ ਜਾ ਰਹੀ ਹੈ। ਭਾਈ ਅਜੀਤ ਸਿੰਘ ਅਭਿਆਸੀ ਅਕੈਡਮੀ ਦੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਜ ਜੀ ਦੇ ਲੜੀਵਾਰ ਸਰੂਪ ਤੇ ਗੁਰਬਾਣੀ ਸੰਥਿਆ ਨਿਰੰਤਰ ਕਰਵਾ ਰਹੇ ਹਨ।

## ਅਕੈਡਮੀ ਦੀਆਂ ਪ੍ਰਾਪਤੀਆਂ ਤੇ ਵਿਦਿਆਰਥੀ

੧੭ ਦਸੰਬਰ, ੧੯੯੯ ਈ. ਤੋਂ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਰੰਪਰਾਗਤ ਕੀਰਤਨ ਸ਼ੈਲੀ ਅਨੁਸਾਰ ਤੰਤੀ ਸਾਜ਼ਾਂ ਦੁਆਰਾ ਕੀਰਤਨ ਸਿਖਲਾਈ ਦੇ ਕਾਰਜ ਗੁਰੂ ਕਿਰਪਾ ਨਾਲ ਸੁਚੱਜੇ ਢੰਗ ਨਾਲ ਚੱਲ ਰਹੇ ਹਨ। ਅਕੈਡਮੀ ਦੇ ਪਹਿਲੇ ਅੱਠ ਸੈਸ਼ਨਾਂ (੧੯੯੯ ਤੋਂ ੨੦੨੩ ਈ.) ਤਕ ੨੩੧ ਵਿਦਿਆਰਥੀ ਤੰਤੀ ਸਾਜ਼ਾਂ (ਤਾਨਪੁਰ, ਦਿਲਰੁਬਾ ਰਬਾਬ ਤੇ ਸਿਰੰਦਾ) ਨਾਲ ਕੀਰਤਨ ਸਿਖਲਾਈ ਪ੍ਰਾਪਤ ਕਰ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਸਿੱਖ ਪੰਥ ਦੇ ਮਹਾਨ ਤਖ਼ਤਾਂ, ਇਤਿਹਾਸਿਕ ਗੁਰ-ਅਸਥਾਨਾਂ ਤੇ ਵਿਦੇਸ਼ਾਂ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਸੇਵਾ ਨਿਭਾ ਰਹੇ ਹਨ। ਕੁਝ ਵਿਦਿਆਰਥੀ ਸੰਗੀਤ ਅਧਿਆਪਕ ਦੀਆਂ ਸੇਵਾਵਾਂ ਨਿਭਾ ਰਹੇ ਹਨ। ਵੇਰਵਾ ਹੇਠ ਲਿਖੇ ਅਨੁਸਾਰ ਹੈ:-

### ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਸੇਵਾ

#### ਜਥੇਦਾਰ ਰਾਗੀ

ਸਿੱਖ ਪੰਥ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕੈਡਮੀ ਦੇ ਵਿਦਿਆਰਥੀ ਭਾਈ ਹਰਪਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਗੁਰਮੁਖ ਸਿੰਘ,ਭਾਈ ਸਰਵਣ ਸਿੰਘ, ਭਾਈ ਜਸਪਿੰਦਰ ਸਿੰਘ, ਭਾਈ ਸੁਖਜੀਤ ਸਿੰਘ, ਭਾਈ ਹਰਜੋਤ ਸਿੰਘ, ਭਾਈ ਯਾਦਵਿੰਦਰ ਸਿੰਘ, ਭਾਈ ਨਵਜਿੰਦਰ ਸਿੰਘ, ਭਾਈ ਗੁਰਸੇਵਕ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਦੇ ਰਾਗੀ ਜਥੇ ਤੰਤੀ ਸਾਜ਼ਾਂ ਨਾਲ ਕੀਰਤਨ ਸੇਵਾ ਨਿਭਾ ਰਹੇ ਹਨ।

#### ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ ਵਾਦਕ

ਭਾਈ ਰਵਿੰਦਰ ਸਿੰਘ ਦਿਲਰੁਬਾ ਵਾਦਕ, ਭਾਈ ਮੇਹਰਬਾਨ ਸਿੰਘ ਰਬਾਬ ਵਾਦਕ, ਭਾਈ ਪਪਿੰਦਰ ਸਿੰਘ ਤਾਨਪੁਰਾ ਵਾਦਕ, ਭਾਈ ਦਲਜੀਤ ਸਿੰਘ ਦਿਲਰੁਬਾ ਵਾਦਕ, ਭਾਈ ਗੁਰਵਿੰਦਰ ਸਿੰਘ ਤਾਊਸ ਵਾਦਕ, ਭਾਈ ਹਰਪ੍ਰੀਤ ਸਿੰਘ, ਭਾਈ ਗੁਰਜੀਤ ਸਿੰਘ ਤੇ ਭਾਈ ਗੁਰਿੰਦਰਜੀਤ ਸਿੰਘ ਦਿਲਰੁਬਾ ਵਾਦਕ ਤੰਤੀ ਸਾਜ਼ਾਂ ਦੇ ਨਾਲ ਸੇਵਾ ਨਿਭਾ ਰਹੇ ਹਨ।

#### ਸਹਾਇਕ ਰਾਗੀ

ਭਾਈ ਪਰਮਿੰਦਰ ਸਿੰਘ, ਭਾਈ ਮਨਦੀਪ ਸਿੰਘ, ਭਾਈ ਗੁਰਦਿੱਤ ਸਿੰਘ, ਭਾਈ ਬਿਕਰਮਜੀਤ ਸਿੰਘ ਤੇ ਭਾਈ ਹਰਦੀਪ ਸਿੰਘ ਸੇਵਾ ਨਿਭਾ ਰਹੇ ਹਨ।

#### ਤਬਲਾ ਵਾਦਕ

ਭਾਈ ਰਣਜੀਤ ਸਿੰਘ, ਭਾਈ ਸੰਦੀਪ ਸਿੰਘ, ਭਾਈ ਸਤਵੀਰ ਸਿੰਘ, ਭਾਈ ਸਤਿੰਦਰ ਸਿੰਘ, ਭਾਈ ਸਤਵੰਤ ਸਿੰਘ, ਭਾਈ ਜਸਪਾਲ ਸਿੰਘ ਸੇਵਾ ਨਿਭਾ ਰਹੇ ਹਨ।

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਰਤਨ ਸੇਵਾ

### ਜਥੇਦਾਰ ਰਾਗੀ

ਭਾਈ ਚਾਨਣ ਸਿੰਘ, ਭਾਈ ਸਤਿੰਦਰਪਾਲ ਸਿੰਘ, ਭਾਈ ਜਗਵਿੰਦਰ ਸਿੰਘ, ਭਾਈ ਜੁਗਰਾਜ ਸਿੰਘ, ਭਾਈ ਤਜੇਸ਼ਵਰ ਸਿੰਘ, ਭਾਈ ਬਲਤੇਜ ਸਿੰਘ, ਭਾਈ ਨੌਨਿਹਾਲ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਉਪਿੰਦਰਪਾਲ ਸਿੰਘ, ਭਾਈ ਮਨਪ੍ਰੀਤ ਸਿੰਘ ਅਤੇ ਭਾਈ ਇੰਦਰਪ੍ਰੀਤ ਸਿੰਘ ਕੀਰਤਨ ਸੇਵਾ ਨਿਭਾ ਰਹੇ ਹਨ।

### ਸਹਾਇਕ ਰਾਗੀ

ਭਾਈ ਪਰਮਿੰਦਰ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਮਨਿੰਦਰ ਸਿੰਘ, ਭਾਈ ਮਨਪ੍ਰੀਤ ਸਿੰਘ ਤੇ ਭਾਈ ਕਵਲਜੀਤ ਸਿੰਘ ਸੇਵਾ ਨਿਭਾ ਰਹੇ ਹਨ।

### ਤਬਲਾ ਵਾਦਕ

ਭਾਈ ਸਰਬਜੀਤ ਸਿੰਘ, ਭਾਈ ਸੁਖਜੀਤ ਸਿੰਘ, ਭਾਈ ਜਸਪ੍ਰੀਤ ਸਿੰਘ, ਭਾਈ ਮਨਰਾਜ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਸਤਨਾਮ ਸਿੰਘ, ਭਾਈ ਲਖਵੀਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਪੰਕਜ ਸਿੰਘ, ਭਾਈ ਜੋਰਾਵਰ ਸਿੰਘ ਤੇ ਭਾਈ ਜਗਤੇਸ਼ਵਰ ਸਿੰਘ ਸੇਵਾ ਨਿਭਾ ਰਹੇ ਹਨ।

## ਪ੍ਰਮੁੱਖ ਗੁਰ-ਅਸਥਾਨਾਂ 'ਤੇ ਕੀਰਤਨ ਸੇਵਾਵਾਂ

ਭਾਈ ਸੁਖਜਿੰਦਰ ਸਿੰਘ ਜਥੇਦਾਰ ਰਾਗੀ, ਭਾਈ ਸਰਬਜੋਤ ਸਿੰਘ ਤਬਲਾ ਵਾਦਕ (ਗੁਰਦੁਆਰਾ ਬਾਬਾ ਬਕਾਲਾ ਸਾਹਿਬ), ਭਾਈ ਗੁਲਜਾਰ ਸਿੰਘ ਜਥੇਦਾਰ ਰਾਗੀ, ਭਾਈ ਦਵਿੰਦਰ ਸਿੰਘ ਤਬਲਾ ਵਾਦਕ (ਬੀੜ ਬਾਬਾ ਬੁੱਢਾ ਸਾਹਿਬ), ਭਾਈ ਪਰਦੀਪ ਸਿੰਘ ਜਥੇਦਾਰ ਰਾਗੀ (ਪਿੱਪਲੀ ਸਾਹਿਬ), ਭਾਈ ਰਾਜਵੀਰ ਸਿੰਘ ਜਥੇਦਾਰ ਰਾਗੀ, ਭਾਈ ਗੁਰਜੰਟ ਸਿੰਘ ਜਥੇਦਾਰ ਰਾਗੀ , ਭਾਈ ਗੁਰਸੇਵਕ ਸਿੰਘ ਜਥੇਦਾਰ ਰਾਗੀ, ਗੁਰਦੁਆਰਾ ਦੂਖ ਨਿਵਾਰਨ ਸਾਹਿਬ (ਪਟਿਆਲਾ), ਭਾਈ ਦਿਲਬਰ ਸਿੰਘ ਜਥੇਦਾਰ ਰਾਗੀ, ਭਾਈ ਮਨਜਿੰਦਰ ਸਿੰਘ ਸਹਾਇਕ ਰਾਗੀ, ਗੁਰਦੁਆਰਾ ਫਤਿਹਗੜ੍ਹ ਸਾਹਿਬ, ਭਾਈ ਬੱਗਾ ਸਿੰਘ ਜਥੇਦਾਰ ਰਾਗੀ, ਮਨਜਿੰਦਰ ਸਿੰਘ ਸਹਾਇਕ ਰਾਗੀ, ਭਾਈ ਗੁਰਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ ਤਬਲਾ ਵਾਦਕ, ਭਾਈ ਸਤਵਿੰਦਰ ਸਿੰਘ ਤਬਲਾ ਵਾਦਕ, ਭਾਈ ਜਸਵੰਤ ਸਿੰਘ ਤਬਲਾ ਵਾਦਕ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ (ਕਪੂਰਥਲਾ), ਭਾਈ ਮਨਜਿੰਦਰ ਸਿੰਘ ਰਬਾਬੀ ਜਥੇਦਾਰ ਰਾਗੀ, ਭਾਈ ਇੰਦਰਜੀਤ ਸਿੰਘ ਜਥੇਦਾਰ ਰਾਗੀ, ਭਾਈ ਕਰਨਜੀਤ ਸਿੰਘ ਸਹਾਇਕ ਰਾਗੀ, ਭਾਈ ਗੁਰਜੰਟ ਸਿੰਘ ਸਹਾਇਕ ਰਾਗੀ, (ਗੁਰਦੁਆਰਾ ਨਾਢਾ ਸਾਹਿਬ), ਭਾਈ ਵਿਪਨਦੀਪ ਸਿੰਘ ਜਥੇਦਾਰ ਰਾਗੀ, ਸਹਾਇਕ ਰਾਗੀ ਭਾਈ ਲਵਦੀਪ ਸਿੰਘ ਗੁਰਦੁਆਰਾ ਸਿੰਘ ਸਭਾ (ਨਕੋਦਰ), ਭਾਈ ਪ੍ਰਭਜੋਤ ਸਿੰਘ ਘੁੜਾਮ (ਪਟਿਆਲਾ), ਭਾਈ ਪ੍ਰਭਦੀਪ ਸਿੰਘ ਗੁਰਦੁਆਰਾ ਨਾਨਕ

ਦਰਬਾਰ ਅਰੌਲੀ (ਬੰਬਈ), ਭਾਈ ਬਲਵਿੰਦਰ ਸਿੰਘ ਜਥੇਦਾਰ ਰਾਗੀ, ਭਾਈ ਪਰਮਜੀਤ ਸਿੰਘ ਸਹਾਇਕ, ਭਾਈ ਜਸਪਿੰਦਰ ਸਿੰਘ ਰਬਾਬੀ, ਭਾਈ ਜੋਬਨਜੀਤ ਸਿੰਘ ਤਬਲਾ ਵਾਦਕ ਗੁਰਦੁਆਰਾ ਸ੍ਰੀ ਸੁਖਚੈਨਿਆਣਾ ਸਾਹਿਬ (ਫਗਵਾੜਾ), ਭਾਈ ਗੁਰਮੁਖ ਸਿੰਘ ਜਥੇਦਾਰ ਰਾਗੀ, ਮਨਪ੍ਰੀਤ ਸਿੰਘ ਤਬਲਾ ਵਾਦਕ ਗੁਰਦੁਆਰਾ ਚਰਨ ਕੰਵਲ ਸਾਹਿਬ (ਬੰਗਾ), ਭਾਈ ਮਨਪ੍ਰੀਤ ਸਿੰਘ ਜਥੇਦਾਰ ਰਾਗੀ, ਭਾਈ ਅੰਮ੍ਰਿਤਪਾਲ ਸਿੰਘ ਤਬਲਾ ਵਾਦਕ ਗੁਰਦੁਆਰਾ ਸਦਾਬਰਤ ਸਾਹਿਬ (ਰੋਪੜ), ਅਮਨਦੀਪ ਸਿੰਘ ਜਥੇਦਾਰ ਰਾਗੀ, ਭਾਈ ਕਰਨਜੀਤ ਸਿੰਘ ਸਹਾਇਕ ਰਾਗੀ, ਭਾਈ ਹਰਦੀਪ ਸਿੰਘ ਤਬਲਾ ਵਾਦਕ, ਗੁਰਦੁਆਰਾ ਸਿੰਘ ਸਭਾ (ਜੀਰਾ), ਭਾਈ ਮਨਿੰਦਰ ਗੁਰਦੁਆਰਾ ਭੱਠਾ ਸਾਹਿਬ (ਰੋਪੜ), ਭਾਈ ਬਲਵੀਰ ਸਿੰਘ ਜਥੇਦਾਰ ਰਾਗੀ, ਭਾਈ ਅਮਨਦੀਪ ਸਿੰਘ, ਸਹਾਇਕ ਰਾਗੀ, ਅਰਸ਼ਪ੍ਰੀਤ ਸਿੰਘ ਤਬਲਾ ਵਾਦਕ ਗੁਰਦੁਆਰਾ ਮੰਜੀ ਸਾਹਿਬ ਕੋਟਾਂ (ਲੁਧਿਆਣਾ), ਭਾਈ ਜਸ਼ਨਪ੍ਰੀਤ ਸਿੰਘ ਹੈੱਡ ਰਾਗੀ (ਈਸਟ ਅਫਰੀਕਾ), ਭਾਈ ਵੀਰਦਵਿੰਦਰ ਸਿੰਘ ਜਥੇਦਾਰ ਰਾਗੀ, ਭਾਈ ਹਰੀਦੇਵ ਸਿੰਘ ਤਬਲਾ ਵਾਦਕ ਗੁਰਦੁਆਰਾ ਸਿੰਘ ਸਭਾ ਸੈਕਟਰ ੨ ਨਯਾ ਨੰਗਲ, ਭਾਈ ਗੁਰਦਿੱਤ ਸਿੰਘ ਜਥੇਦਾਰ ਰਾਗੀ ਬੁਰਜ ਸਾਹਿਬ (ਧਾਰੀਵਾਲ), ਭਾਈ ਮਨਜਿੰਦਰ ਸਿੰਘ ਜਥੇਦਾਰ ਗੁਰਦੁਆਰਾ ਕਲਗੀਧਰ ਸਾਹਿਬ (ਅਜਨਾਲਾ), ਭਾਈ ਸਤਨਾਮ ਸਿੰਘ ਜਥੇਦਾਰ ਰਾਗੀ ਗੁਰਦੁਆਰਾ ਤੁਲਸੀਦਾਸ ਜੀ (ਮੋਗਾ), ਭਾਈ ਜਗਜੀਤ ਸਿੰਘ ਜਥੇਦਾਰ ਰਾਗੀ ਭਾਈ ਰਜਵੰਤ ਸਿੰਘ ਹੈੱਡ ਗ੍ਰੰਥੀ ਪਿੰਡ ਬੋਤੀਆਂ (ਜੀਰਾ), ਭਾਈ ਹਰਬਿੰਦਰ ਸਿੰਘ ਜਥੇਦਾਰ ਰਾਗੀ ਸ੍ਰੀ ਅੰਮ੍ਰਿਤਸਰ।

## ਬਤੌਰ ਸੰਗੀਤ ਅਧਿਆਪਕ ਵਜੋਂ ਸੇਵਾਵਾਂ ਦੇ ਰਹੇ ਵਿਦਿਆਰਥੀ

ਭਾਈ ਸੁਖਵਿੰਦਰ ਸਿੰਘ ਇੰਚਾਰਜ ਤੇ ਸੰਗੀਤ ਅਧਿਆਪਕ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ, ਭਾਈ ਜਗਦੀਪ ਸਿੰਘ, ਪ੍ਰਿੰਸੀਪਲ ਚੀਫ ਖਾਲਸਾ ਦੀਵਾਨ (ਤਰਨਤਾਰਨ), ਭਾਈ ਇਕਬਾਲ ਸਿੰਘ, ਤਬਲਾ ਅਧਿਆਪਕ ਗੁਰਮਤਿ ਸੰਗੀਤ ਅਕੈਡਮੀ (ਸ਼ੇਖੂਪੁਰਾ ਮੰਚੂਰੀ), ਭਾਈ ਬਲਜਿੰਦਰ ਸਿੰਘ, ਸੰਗੀਤ ਅਧਿਆਪਕ, ਡੇਰਾ ਬਾਬਾ ਨਾਨਕ (ਗੁਰਦਾਸਪੁਰ), ਭਾਈ ਸਿਮਰਨਜੀਤ ਸਿੰਘ ਗੁਰਦੁਆਰਾ ਨਾਨਕ ਪਿਆਉ (ਯੂ.ਪੀ.), ਭਾਈ ਜਸਪ੍ਰੀਤ ਸਿੰਘ (ਝਾਰਖੰਡ), ਭਾਈ ਚਮਕੌਰ ਸਿੰਘ, ਸੰਗੀਤ ਅਧਿਆਪਕ, ਆਦਰਸ਼ ਸੀਨੀਅਰ ਸਕੂਲ, ਬੋਹਾ (ਮਾਨਸਾ) ਭਾਈ ਜਸਕੀਰਤ ਸਿੰਘ, ਗੁਰੂਬਲ ਅਕੈਡਮੀ (ਬੁਢਲਾਡਾ), ਭਾਈ ਹਰਸ਼ਿਤ ਸਿੰਘ ਰਾਂਚੀ (ਝਾਰਖੰਡ), ਭਾਈ ਸੁਖਦੇਵ ਸਿੰਘ, ਭਾਈ ਸਤਵੀਰ ਸਿੰਘ (ਕਨੇਡਾ) ਅਤੇ ਭਾਈ ਜਗਦੀਪ ਸਿੰਘ ਆਦਿ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।

## ਪ੍ਰਤੀਯੋਗਤਾਵਾਂ ਵਿਚ ਵਿਦਿਆਰਥੀਆਂ ਦੀ ਸ਼ਮੂਲੀਅਤ

ਸਾਲ ੨੦੦੯ ਵਿਚ ਸੀਨੀਅਰ ਕੈਟਾਗਰੀ ਵਿਚ ਵਿਅਕਤੀਗਤ ਸ਼ਬਦ ਕੀਰਤਨ ਮੁਕਾਬਲੇ ਵਿਚ ਭਾਈ ਜਸਪਿੰਦਰ ਸਿੰਘ ਵਿਦਿਆਰਥੀ ਨੇ ਪੰਜਾਬੀ

ਯੂਨੀਵਰਸਿਟੀ, ਪਟਿਆਲਾ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਾਲ ੨੦੦੮ ਵਿਚ ਜਸਪਿੰਦਰ ਸਿੰਘ ਨੇ ਗਰੁੱਪ ਸ਼ਬਦ ਮੁਕਾਬਲੇ ਵਿਚ ਅਕੈਡਮੀ ਦੇ ਵਿਦਿਆਰਥੀਆਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸਾਲ ੨੦੦੯ ਵਿਚ ਅਕੈਡਮੀ ਦੇ ਵਿਦਿਆਰਥੀਆਂ ਨੇ ਗਰੁੱਪ ਸ਼ਬਦ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਅਕਤੀਗਤ ਕੀਰਤਨ ਮੁਕਾਬਲੇ ਵਿਚ ਭੁਪਿੰਦਰ ਸਿੰਘ ਵਿਦਿਆਰਥੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਾਲ ੨੦੧੦ ਵਿਚ ਵਿਅਕਤੀਗਤ ਸ਼ਬਦ ਕੀਰਤਨ ਮੁਕਾਬਲਿਆਂ ਵਿਚ ਸਰਵਣ ਸਿੰਘ ਪਹਿਲਾ ਸਥਾਨ ਪ੍ਰਾਪਤ ਕੀਤਾ। ਸਤਿੰਦਰਪਾਲ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਮਨਜਿੰਦਰ ਸਿੰਘ ਦੇ ਗਰੁੱਪ ਨੇ ਗਰੁੱਪ ਸ਼ਬਦ ਮਕਾਬਲੇ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ। ਸਾਲ ੨੦੧੩ ਵਿਚ ਵਿਅਕਤੀਗਤ ਸ਼ਬਦ ਕੀਰਤਨ ਮੁਕਾਬਲੇ ਵਿਚ ਜੁਗਰਾਜ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਤਬਲਾ ਵਾਦਨ ਸੋਲੋ ਵਿਚ ਗੁਰਜਿੰਦਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦੂਜਾ ਸਥਾਨ ਪ੍ਰਾਪਤ ਕੀਤਾ। ਗਰੁੱਪ ਕੀਰਤਨ ਪ੍ਰਤੀਯੋਗਤਾ ਵਿਚ ਲਖਵਿੰਦਰ ਸਿੰਘ ਦੇ ਗਰੁੱਪ ਨੇ ਤੀਜਾ ਸਥਾਨ ਤੇ ਜੁਗਰਾਜ ਸਿੰਘ ਗਰੁੱਪ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ।

### ਵਿਦਿਆਰਥੀਆਂ ਦੀਆਂ ਕੀਰਤਨ ਹਾਜ਼ਰੀਆਂ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਾਲ ੨੦੦੦ ਤੋਂ ਅਕੈਡਮੀ ਦੇ ਵਿਦਿਆਰਥੀ ਵੱਖ-ਵੱਖ ਜਥਿਆਂ ਦੇ ਰੂਪ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮੇਂ-ਸਮੇਂ ਕੀਰਤਨ ਹਾਜ਼ਰੀਆਂ, ਹੋਲਾ ਮਹੱਲਾ ਸਮੇਂ ਬਸੰਤ ਕੀਰਤਨ ਦਰਬਾਰ, ਵੈਸਾਖੀ ਦੇ ਸਮਾਗਮਾਂ ਤੇ ਹੋਰ ਸਲਾਨਾਂ ਸਮਾਗਮਾਂ ਵਿਚ ਕੀਰਤਨ ਹਾਜ਼ਰੀਆਂ ਭਰਦੇ ਆ ਰਹੇ ਹਨ। ਗੁਰਦੁਆਰਾ ਕਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸੰਧਿਆ ਸਮੇਂ ਦੀ ਕੀਰਤਨ ਚੌਕੀ ਵਿਚ ਰੋਜ਼ਾਨਾ ਹਾਜ਼ਰੀ ਭਰਦੇ ਆ ਰਹੇ ਹਨ।

**ਸ਼ਤਾਬਦੀਆਂ:-** ਸ਼੍ਰੋਮਣੀ ਗੁਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਦਹਾਕੇ ਵਿਚ ਮਨਾਈਆਂ ਗਈ ਸਾਰੀਆਂ ਸ਼ਤਾਬਦੀਆਂ ਵਿਚ, ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਤੇ ਹੋਰ ਗੁਰੂ ਅਸਥਾਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਦਰਬਾਰਾਂ ਵਿਚ ਹਾਜ਼ਰੀਆਂ ਭਰਦੇ ਆ ਰਹੇ ਹਨ।

**ਪੰਜਾਬੀ ਯੂਨੀਵਰਸਿਟੀ ਪਟਿਆਲਾ:-** ਗੁਰਮਤਿ ਸੰਗੀਤ ਉਤਸਵ ਵਿਚ ਵਿਦਿਆਰਥੀ ਕੀਰਤਨ ਹਾਜ਼ਰੀਆਂ ਭਰਦੇ ਆ ਰਹੇ ਹਨ।

### ਸੰਸਥਾ

ਗੁਰਮਤਿ ਸੰਗੀਤ ਅਕੈਡਮੀ ਦੇ ਨਾਮ ਦੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੜੀ ਦੂਰਦਰਸ਼ੀ ਨਾਲ ਸਥਾਪਿਤ ਕੀਤੀ। ਇਸ ਸੰਸਥਾ ਨੇ ਵਿਸ਼ਵ ਭਰ ਵਿਚ ਆਪਣੀ ਨਿਵੇਕਲੀ ਤੇ ਵਿਸ਼ੇਸ਼ ਪਹਿਚਾਣ ਬਣਾਈ। ਗੁਰਪੁਰਵਾਸੀ ਉਸਤਾਦ ਪ੍ਰੋ. ਕਰਤਾਰ ਸਿੰਘ ਜੋ ਸੰਨ ੧੯੬੦ ਤੋਂ ਆਪ ਤੰਤੀ ਸਾਜਾਂ ਨਾਲ ਕੀਰਤਨ ਕਰਦੇ

ਰਹੇ। ਉਨ੍ਹਾਂ ਦੀਆਂ ਅਧਿਆਪਨ ਖੇਤਰ ਵਿਚ ਗੁਰੂ ਨਾਨਕ ਕਾਲਜ, ਲੁਧਿਆਣਾ ਵਿਖੇ ਲੰਮਾ ਸਮਾਂ ਨਿਭਾਈਆਂ ਸੇਵਾਵਾਂ ਨੂੰ ਦੇਖਦੇ ਹੋਏ ਇਸ ਅਕੈਡਮੀ ਦੇ ਡਾਇਰੈਕਟਰ ਨਿਯੁਕਤ ਕੀਤਾ ਗਿਆ। ਪ੍ਰੋ. ਸਾਹਿਬ ਜੀ ਦਾ ਕੀਰਤਨ ਸਿਖਲਾਈ ਦਾ ਢੰਗ ਬਹੁਤ ਹੀ ਸਰਲ ਸੀ। ਸਧਾਰਨ ਤੋਂ ਸਧਾਰਨ ਵਿਦਿਆਰਥੀ ਵੀ ਕੀਰਤਨ ਵਿਚ ਮੁਹਾਰਤ ਹਾਸਲ ਕਰ ਲੈਂਦਾ। ਅਕੈਡਮੀ ਦੇ ਪਹਿਲੇ ਸੈਸ਼ਨ (ਸੰਨ ੧੯੯੯-੨੦੦੨) ਵਿਚ ਤਿਆਰ ਕੀਤੇ ਵਿਦਿਆਰਥੀਆਂ ਨੇ ਤੰਤੀ ਸਾਜ਼ਾਂ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਗੁਰ-ਅਸਥਾਨਾਂ 'ਤੇ ਕੀਰਤਨ ਸੇਵਾ ਦੀ ਅਰੰਭਤਾ ਕੀਤੀ। ਸੰਗਤ ਨੇ ਬਹੁਤ ਹੀ ਭਰਪੂਰ ਉਤਸ਼ਾਹ ਦਿੱਤਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਤੰਤੀ ਸਾਜ਼ਾਂ ਦੇ ਨਾਲ ਭਾਈ ਹਰਪਿੰਦਰ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਸੇਵਾ ਅਰੰਭਤਾ ਕੀਤੀ। ਕੁਝ ਸਮਾਂ ਪਾ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਦੇ ਨਾਲ ਕੀਰਤਨ ਕਰਨ ਸੇਵਾ ਸੌਂਪੀ ਗਈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਦੇ ਪ੍ਰਚਾਰ ਕਰਨ ਲਈ ਸੰਨ ੨੦੦੫ ਵਿਚ ਅਕੈਡਮੀ ਦੇ ਵਿਦਿਆਰਥੀ ਭਾਈ ਨਵਜਿੰਦਰ ਸਿੰਘ ਤੇ ੨੦੦੬ ਵਿਚ ਭਾਈ ਗੁਰਸੇਵਕ ਸਿੰਘ ਦਿਲਰੁਬਾ ਵਾਦਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਨਿਯੁਕਤ ਕੀਤੇ। ਸੰਨ ੨੦੦੬ ਵਿਚ ਤੰਤੀ ਸਾਜ਼ਾਂ ਦੀ ਮੁੜ ਬਹਾਲੀ ਲਈ ਕੀਰਤਨ ਦੀ ਅਰੰਭਤਾ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਜੀ ਪਾਸੋਂ ਕਰਵਾਈ ਗਈ। ਪ੍ਰੋ. ਸਾਹਿਬ ਜੀ ਨੇ ਸੈਂਕੜੇ ਹੀ ਸੰਗੀਤ ਪ੍ਰੋਫ਼ੈਸਰ, ਸੰਗੀਤ ਅਧਿਆਪਕ ਤੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਰਾਗੀ ਜਥਿਆਂ ਦਾ ਇਕ ਕਾਫਲਾ ਤਿਆਰ ਕੀਤਾ। ਜਿਸ ਨੇ ਅਲੋਪ ਹੋ ਚੁੱਕੀ ਪਰੰਪਰਾਗਤ ਕੀਰਤਨ ਸ਼ੈਲੀ ਨੂੰ ਪੁਨਰ-ਸੁਰਜੀਤ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਅਕੈਡਮੀ ਡਿਊਟੀ ਦੇ ਦੌਰਾਨ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਗੁਰਮਤਿ ਸੰਗੀਤ ਕੀਰਤਨ ਪਰੰਪਰਾ ਨੂੰ ਲਿਖਤੀ ਰੂਪ ਦੇਣ ਲਈ ਗੁਰਬਾਣੀ ਸੰਗੀਤ ਦਰਪਣ, ਗੁਰਮਤਿ ਸੰਗੀਤ ਦਰਪਣ ਭਾਗ ਪਹਿਲਾ, ਦੂਜਾ, ਤੀਜਾ, ਸ੍ਰੀ ਗੁਰੂ ਅੰਗਦ ਦੇਵ ਸੰਗੀਤ ਦਰਪਣ, ਸ੍ਰੀ ਗੁਰੂ ਤੇਗ ਬਹਾਦਰ ਸੰਗੀਤ ਦਰਪਣ ਤੇ ਭਗਤ ਬਾਣੀ ਸੰਗੀਤ ਦਰਪਣ ਛੇ ਪੁਸਤਕਾਂ ਨੂੰ ਲਿਪੀਬੱਧ ਕੀਤਾ। ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਾਣੀ ਸੰਗੀਤ ਦੇ ਪ੍ਰਬੰਧ ਤੇ ਪ੍ਰਸਾਰ ਲਈ ਬਹੁਤ ਹੀ ਵੱਡੇ ਕਾਰਜ ਕੀਤੇ ਹਨ। ਭਾਰਤ ਸਰਕਾਰ ਨੇ ਪ੍ਰੋ. ਸਾਹਿਬ ਦੇ ਗੁਰਬਾਣੀ ਸੰਗੀਤ ਨੂੰ ਸਮਰਪਿਤ ਨਿੱਗਰ ਕਾਰਜਾਂ ਦੇ ਸਦਕਾ ਨੈਸ਼ਨਲ ਐਵਾਰਡ, ਪਦਮ ਸ੍ਰੀ ਅਵਾਰਡ, ਸੰਗੀਤ ਰਤਨ ਅਵਾਰਡ, ਸ਼੍ਰੋਮਣੀ ਰਾਗੀ ਅਵਾਰਡ, ਸਿੱਖ ਲਾਈਫ ਟਾਇਮ ਐਚੀਵਮੈਂਟ ਪੁਰਸਕਾਰ, ਗੁਰਮਤਿ ਸੰਗੀਤ ਸੀਨੀਅਰ ਫੈਲੋਸ਼ਿਪ,

ਅਤੇ ਭਾਈ ਮਰਦਾਨਾ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਿਤ ਅਕੈਡਮੀ ਵੱਲੋਂ ਤੰਤੀ ਸਾਜ਼ਾਂ ਦਾ ਬਹੁਤ ਪ੍ਰਚਾਰ ਹੋਇਆ। ਪੰਥ ਦੀ ਝੋਲੀ ਵਿਚ ਬਹੁਤ ਹੀ ਸੁਰੀਲੇ ਰਾਗੀ ਜਥੇ ਪਾਏ। ਸੰਨ ੨੦੦੦ ਤੋਂ ਪ੍ਰੋ. ਸਾਹਿਬ ਕੀਰਤਨ ਸਬ-ਕਮੇਟੀ ਦੇ ਮੈਂਬਰ ਵਜੋਂ ਸੇਵਾ ਨਿਭਾਉਦੇ ਰਹੇ। ਉਨ੍ਹਾਂ ਅੰਤਿਮ ਸਵਾਸਾਂ ਤੀਕ ਗੁਰਬਾਣੀ ਸੰਗੀਤ ਦਾ ਪ੍ਰਚਾਰ ਕੀਤਾ। ਉਹ ੨ ਜਨਵਰੀ, ੨੦੨੨ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੀਆਂ ਮਹਾਨ ਸੇਵਾ ਨੂੰ ਮੁੱਖ ਰੱਖਦੇ ਹੋਏ ਅਕੈਡਮੀ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਨੇ 'ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ' ਰੱਖ ਦਿੱਤਾ ਗਿਆ। ਉਨ੍ਹਾਂ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਇਸ ਅਕੈਡਮੀ ਦੇ ਪਹਿਲੇ ਸੈਸ਼ਨ ਦੇ ਵਿਦਿਆਰਥੀ- ਭਾਈ ਸੁਖਵਿੰਦਰ ਸਿੰਘ ਬਤੌਰ ਇੰਚਾਰਜ ਤੇ ਸੰਗੀਤ ਅਧਿਆਪਕ ਤੇ ਕੀਰਤਨ ਸਬ-ਕਮੇਟੀ ਮੈਂਬਰ ਵਜੋਂ ਸੇਵਾ ਨਿਭਾ ਰਹੇ ਹਨ। ਭਾਈ ਸਤਨਾਮ ਸਿੰਘ ਧਾਰਮਿਕ ਅਧਿਆਪਕ, ਭਾਈ ਬਲਬੀਰ ਸਿੰਘ ਤਬਲਾ ਅਧਿਆਪਕ ਅਤੇ ਬੀਬੀ ਸਿਮਰਨਜੀਤ ਕੌਰ ਸੰਗੀਤ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ। ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਾਖਲ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਗੁਰੂ-ਕਾਲ ਦੀ ਕੀਰਤਨ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਤੇ ਹੋਰ ਭਾਰਤੀ ਸੰਗੀਤ ਦੇ ਪ੍ਰਚਲਿਤ ਰਾਗਾਂ ਵਿਚ ਤਕਰੀਬਨ ੩੦੦ ਸ਼ਬਦ ਬੰਦਸ਼ਾਂ ਵਿਚ ਤੰਤੀ ਸਾਜ਼ਾਂ ਦੇ ਨਾਲ ਕੀਰਤਨ ਸਿਖਲਾਈ ਕਰਵਾਈ ਜਾਂਦੀ ਹੈ। ਗੁਰਮਤਿ ਸੰਗੀਤ ਦੀ ਪਰੰਪਰਾਗਤ ਸ਼ੈਲੀ ਨੂੰ ਜੀਵਤ ਰੱਖਣ ਦਾ ਜਦੋਂ ਵੀ ਜ਼ਿਕਰ ਆਉਂਦਾ ਹੈ ਤਾਂ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਦਾ ਨਾਮ ਪਹਿਲੀ ਕਤਾਰ ਵਿਚ ਆਉਂਦਾ ਹੈ। ਹਰ ਇਕ ਕੀਰਤਨ ਵਿਦਿਆਰਥੀ, ਕੀਰਤਨ ਪ੍ਰੇਮੀ ਤਕ ਗੁਰਮਤਿ ਕੀਰਤਨ ਸ਼ੈਲੀ ਪਹੁੰਚਾਉਣ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸ. ਬਲਵਿੰਦਰ ਸਿੰਘ ਕਾਹਲਵਾ, ਸਕੱਤਰ, ਧਰਮ ਪ੍ਰਚਾਰ ਕਮੇਟੀ ਨੇ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਰਾਹੀਂ ਬਹੁਤ ਹੀ ਸ਼ਲਾਘਾਯੋਗ ਉਪਰਾਲੇ ਕੀਤੇ ਜਿਸ ਨਾਲ ਗੁਰਮਤਿ ਸੰਗੀਤ ਦੀ ਪੁਰਾਤਨ ਕੀਰਤਨ ਮਰਯਦਾ ਦੀ ਸਾਂਭ-ਸੰਭਾਲ ਦੇ ਲਈ ਮੀਲ-ਪੱਥਰ ਸਥਾਪਿਤ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੋਰਸ ਪਾਸ ਕਰ ਚੁੱਕੇ ਵਿਦਿਆਰਥੀਆਂ ਨੂੰ ਪ੍ਰਬੰਧ ਅਧੀਨ ਪ੍ਰਮੁੱਖ ਗੁਰ-ਅਸਥਾਨਾਂ 'ਤੇ ਕੀਰਤਨ ਸੇਵਾਵਾਂ ਨਿਭਾਉਣ ਲਈ ਰਾਗੀ ਜਥਿਆਂ ਦੀਆਂ ਨਿਯੁਕਤੀਆਂ ਕਰ ਕੇ ਗੁਰਬਾਣੀ ਸੰਗੀਤ ਦੇ ਪ੍ਰਚਾਰ ਤੇ ਰਾਗੀ ਜਥਿਆਂ ਨੂੰ ਕਿਰਤ ਦੇ ਵਸੀਲੇ ਪ੍ਰਦਾਨ ਕੀਤੇ ਜਾ ਰਹੇ ਹਨ। ■

# ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ (ਕਪੂਰਥਲਾ)

*-ਪ੍ਰੋ. ਸੁਰਜੀਤ ਸਿੰਘ**

ਸੁੰਦਰਤਾ ਭਰਪੂਰ, ਕੁਦਰਤ ਦੀ ਨਿੱਘੀ ਗੋਦ ਵਿਚ ਵੱਸਿਆ ਤਪਦੇ ਹਿਰਦਿਆਂ ਨੂੰ ਠਾਰਨ ਵਾਲਾ ਸ਼ਾਂਤਮਈ ਅਤੇ ਰਮਣੀਕ ਨਗਰ ਸੁਲਤਾਨਪੁਰ ਲੋਧੀ ਉਹ ਮੁਕੱਦਸ ਤੇ ਪਵਿੱਤਰ ਅਸਥਾਨ ਹੈ ਜਿੱਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਜੀਵਨ ਦੇ ਲਗਪਗ ੧੫ ਸਾਲ ਦਾ ਸਮਾਂ ਗੁਜ਼ਾਰਿਆ ਅਤੇ ਇਸ ਧਰਤੀ ਨੂੰ ਪੂਰੇ ਭਾਗ ਲਾਏ। ਇੱਥੋਂ ਹੀ ਗੁਰੂ ਸਾਹਿਬ ਨੇ ਉਦਾਸੀਆਂ ਅਰੰਭ ਕੀਤੀਆਂ ਅਤੇ ਧੁਰ ਕੀ ਬਾਣੀ 'ਮੂਲ-ਮੰਤ੍ਰ' ਦਾ ਉਚਾਰਨ ਕਰਦੇ ਹੋਏ ਗੁਰਬਾਣੀ-ਸੰਗੀਤ ਦੀ ਪਰੰਪਰਾ ਦਾ ਮੁੱਢ ਬੰਨ੍ਹਿਆ।

ਸੁਲਤਾਨਪੁਰ ਲੋਧੀ ਦੀ ਪਵਿੱਤਰ ਧਰਤੀ 'ਤੇ ਸੁਸ਼ੋਭਿਤ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਜੀ ਜਿੱਥੋਂ ਗੁਰੂ ਨਾਨਕ ਸਾਹਿਬ ਨੇ ਸਰਵ-ਪ੍ਰਥਮ ਇਲਾਹੀ ਬਾਣੀ ਦੀ ਅਰੰਭਤਾ ਕਰਦਿਆਂ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਅਰੰਭ ਕੀਤਾ, ਉਪਰੰਤ ਜਿਸ ਦਾ ਚਾਨਣ ਸਮੁੱਚੀ ਲੋਕਾਈ ਵਿਚ ਫੈਲ ਗਿਆ ਤੇ ਉਸ ਰੂਹਾਨੀਅਤ ਦੇ ਅਸਰ ਪ੍ਰਭਾਵ ਨੂੰ ਪੂਰੀ ਕਾਇਨਾਤ ਦੇ ਕਣ-ਕਣ ਨੇ ਮਹਿਸੂਸ ਕਰਦਿਆਂ ਕਬੂਲ ਕੀਤਾ।

ਸਥਾਨਕ ਮਾਣਮੱਤੇ ਇਤਿਹਾਸ ਨੂੰ ਮੁੱਖ ਰੱਖਦਿਆਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਧਰਮ ਪ੍ਰਚਾਰ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਸਭ ਤੋਂ ਪਹਿਲਾਂ ਸੰਨ ੨੦੦੩ ਵਿਚ ਗੁਰੂ ਨਾਨਕ ਸਾਹਿਬ ਦੀ ਇਸ ਪਵਿੱਤਰ ਨਗਰੀ ਸੁਲਤਾਨਪੁਰ ਲੋਧੀ ਅੰਦਰ ਸਥਿਤ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ 'ਗੁਰਮਤਿ ਟਰੇਨਿੰਗ ਇੰਸਟੀਚਿਊਟ' ਨਾਮਕ ਇਕ ਗੁਰਮਤਿ ਵਿਦਿਆਲਾ ਅਰੰਭ ਕੀਤਾ ਗਿਆ ਜਿਸ ਦੀ ਸ਼ੁਰੂਆਤ ਕੇਵਲ ਤਿੰਨ ਮਹੀਨੇ ਦੇ ਗੁਰਮਤਿ ਕੋਰਸ ਨਾਲ ਕੀਤੀ ਗਈ ਤੇ ਬਾਅਦ ਵਿਚ ਇਹੀ ਕੋਰਸ ਛੇ ਮਹੀਨੇ ਦਾ ਵੀ ਕੀਤਾ ਗਿਆ। ਉਨ੍ਹਾਂ ਤਿਮਾਹੀ ਅਤੇ ਛਿਮਾਹੀ ਕੋਰਸਾਂ ਦੌਰਾਨ ਲਗਪਗ ੨੦੦ ਦੇ ਕਰੀਬ ਸਿਖਿਆਰਥੀਆਂ ਨੇ ਗੁਰਮਤਿ ਗਿਆਨ ਪ੍ਰਾਪਤ ਕੀਤਾ ਜਿਸ ਵਿਚ ਗੁਰਬਾਣੀ ਕੀਰਤਨ, ਕਥਾ ਅਤੇ ਲੈਕਚਰ ਆਦਿ ਸੰਬੰਧੀ ਸਿਖਲਾਈ ਦਾ ਪ੍ਰਵਾਹ ਚੱਲਦਾ ਰਿਹਾ।

ਉਕਤ ਸਮੇਂ ਦੌਰਾਨ ਵਡਮੁੱਲੇ ਯਤਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਸਾਹਿਬਾਨ ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ ਅਤੇ

** ਪ੍ਰਿੰਸੀਪਲ, ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਨੇੜੇ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਜੀ, ਸੁਲਤਾਨਪੁਰ ਲੋਧੀ-੧੪੪੬੨੬ (ਕਪੂਰਥਲਾ)। ਮੋ. ੯੮੫੫੨-੦੪੯੪੭*

ਬੀਬੀ ਜਗੀਰ ਕੌਰ ਜੀ ਵੱਲੋਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਹਿਤ ਇਸ ਗੁਰਮਤਿ ਵਿਦਿਆਲੇ ਨੂੰ 'ਕਾਲਜ' ਦਾ ਰੂਪ ਦੇਣ ਲਈ ਅਨੇਕਾਂ ਸ਼ਲਾਘਾਯੋਗ ਉਪਰਾਲੇ ਕੀਤੇ ਗਏ ਜਿਸ ਦੇ ਅੰਤਰਗਤ ਸਮੁੱਚੇ ਤੌਰ 'ਤੇ ਵੱਖ-ਵੱਖ ਇਲਾਕਿਆਂ ਵਿਚ ਗੁਰਮਤਿ-ਸਿਖਲਾਈ ਕੈਂਪ ਆਦਿਕ ਵੀ ਲਗਾਏ ਗਏ।

ਸਰਬ-ਸਾਂਝੇ ਯਤਨਾਂ ਸਦਕਾ ਅਖੀਰ ੦੪ ਨਵੰਬਰ, ੨੦੦੬ ਈ. ਨੂੰ ਸ. ਅਵਤਾਰ ਸਿੰਘ ਜੀ, ਤਤਕਾਲੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਦੇ ਬਿਲਕੁਲ ਨਾਲ ਇਸ ਉਕਤ ਚੱਲ ਰਹੇ ਗੁਰਮਤਿ ਟਰੇਨਿੰਗ ਇੰਸਟੀਚਿਊਟ (ਕਾਲਜ) ਲਈ ਨਿਰਮਾਣ ਹਿਤ ਨਵੀਂ-ਨਿਵੇਕਲੀ ਇਮਾਰਤ ਦਾ ਉਦਘਾਟਨ ਕੀਤਾ ਗਿਆ, ਜਿਸ ਦੀ ਕਾਰ-ਸੇਵਾ ਸੰਤ ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਤੇ ਇਮਾਰਤ ਸੰਬੰਧੀ ਲੋੜ ਅਨੁਸਾਰ ਕਾਰਜ ਸਮੇਂ-ਸਮੇਂ ਹੁੰਦੇ ਰਹੇ ਜੋ ਕਿ ਹੁਣ ਤੀਕ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹਨ।

ਉਪਰੰਤ, ਸਾਲ ੨੦੦੭ ਵਿਚ ਇਸ ਸੰਸਥਾ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਦੇ ਨਾਮ ਨਾਲ 'ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ' ਰੱਖਿਆ ਗਿਆ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸ਼ਿੰਗਾਰਾ ਸਿੰਘ ਜੀ ਲੋਹੀਆਂ (ਗੁਰਪੁਰਵਾਸੀ) ਅਤੇ ਇਲਾਕੇ ਦੇ ਹੋਰ ਸੰਬੰਧਿਤ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਵੀ ਆਪੋ-ਆਪਣੀ ਸਮਰੱਥਾ ਅਤੇ ਨੀਤੀ ਅਨੁਸਾਰ ਬਣਦੀ ਸੁਯੋਗ ਅਤੇ ਮਹੱਤਵਪੂਰਨ ਭੂਮਿਕਾ ਨਿਭਾਈ।

ਕਾਲਜ ਦੇ ਤਿੰਨ-ਸਾਲਾ ਕੋਰਸ ਦਾ ਪਹਿਲਾ ਸੈਸ਼ਨ ਸੰਨ ੨੦੦੭ ਤੋਂ ੨੦੧੦ ਈ. ਤਕ ਸਫ਼ਲਤਾ-ਪੂਰਵਕ ਸੰਪੰਨ ਹੋਇਆ, ਜਿਸ ਵਿਚ ਪ੍ਰਚਾਰਕ, ਗੁਰਮਤਿ ਸੰਗੀਤ ਅਤੇ ਤਬਲਾ ਕਲਾਸ ਦੇ ਲਗਪਗ ੩੦ ਵਿਦਿਆਰਥੀਆਂ ਨੇ ਸਿੱਖਿਆ ਪ੍ਰਾਪਤ ਕੀਤੀ। ਇਸ ਤਰ੍ਹਾਂ ਤਿੰਨ-ਸਾਲਾ ਕੋਰਸ ਦੀ ਲੜੀ ਵਰਤਮਾਨ ਸਮੇਂ ਤੀਕ ਨਿਰੰਤਰ ਚੱਲ ਰਹੀ ਹੈ ਤੇ ਮੌਜੂਦਾ ਸਮੇਂ ਕਾਲਜ ਵਿਖੇ ਤਿੰਨਾਂ ਕਲਾਸਾਂ ਦੀਆਂ ਸੀਟਾਂ ਦੀ ਕੁੱਲ ਗਿਣਤੀ ੫੦ ਹੈ।

ਇਸ ਕਾਲਜ ਵਿੱਚੋਂ ਸਿੱਖਿਆ ਪ੍ਰਾਪਤ ਕਰ ਚੁੱਕੇ ਅਨੇਕਾਂ ਵਿਦਿਆਰਥੀ ਆਪਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੇਸ਼-ਵਿਦੇਸ਼ ਦੀਆਂ ਹੋਰ ਵਿਭਿੰਨ ਸੰਸਥਾਵਾਂ ਵਿਚ ਸਿੱਖੀ ਦੇ ਪ੍ਰਚਾਰ-ਪ੍ਰਸਾਰ ਹਿੱਤ ਵੱਖ-ਵੱਖ ਅਹੁਦਿਆਂ ਪੁਰ ਸੰਬੰਧਿਤ ਸੇਵਾਵਾਂ ਨਿਭਾਅ ਰਹੇ ਹਨ।

ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ ਵਿਖੇ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ-ਨਾਲ ਪ੍ਰਬੰਧ ਨੂੰ ਮੁੱਖ ਰੱਖਦਿਆਂ ਦਫ਼ਤਰੀ ਆਦੇਸ਼ਾਂ ਅਨੁਸਾਰ ਸਮੇਂ-ਸਮੇਂ ਨੇੜਲੇ ਗੁਰਦੁਆਰਾ ਸਾਹਿਬਾਨ ਵਿਖੇ ਨਗਰ ਕੀਰਤਨ ਦੌਰਾਨ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ, ਗਤਕਾ ਟੀਮ ਵਜੋਂ, ਵਿਭਿੰਨ ਧਾਰਮਿਕ ਗਤੀਵਿਧੀਆਂ ਸਮੇਂ ਗੁਰਬਾਣੀ-ਕੀਰਤਨ, ਕਥਾ, ਲੈੱਕਚਰ ਤੇ ਹੋਰ ਸੰਬੰਧਿਤ

ਡਿਊਟੀਆਂ/ਸੇਵਾਵਾਂ ਆਦਿ ਵੀ ਨਿਭਾਉਂਦੇ ਹਨ। ਇਸ ਦੇ ਨਾਲ-ਨਾਲ ਗੁਰਮਤਿ ਪ੍ਰਚਾਰਕਤਾ ਦੇ ਅਭਿਆਸ ਨੂੰ ਧਿਆਨ ਵਿਚ ਰੱਖਦਿਆਂ ਕੋਰਸ ਪੂਰਾ ਕਰਨ ਉਪਰੰਤ ਸੈਸ਼ਨ ਦੌਰਾਨ ਸਮੂਹ ਵਿਦਿਆਰਥੀਆਂ ਦੀ ਸਾਲਾਨਾ ਫ਼ੀਲਡ-ਟ੍ਰੇਨਿੰਗ ਵਿਸ਼ੇਸ਼ ਤੌਰ 'ਤੇ ਲਗਾਈ ਜਾਂਦੀ ਹੈ।

**ਕਾਲਜ ਵਿਖੇ ਪ੍ਰਿੰਸੀਪਲ/ਨਿਗਰਾਨ ਆਦਿ ਵਜੋਂ ਸੇਵਾ ਨਿਭਾਅ ਚੁੱਕੇ/ਰਹੇ ਅਹੁਦੇਦਾਰਾਂ ਦਾ ਵੇਰਵਾ**

ਸ. ਰੂਪ ਸਿੰਘ, ਸ. ਬਲਵਿੰਦਰ ਸਿੰਘ (ਜੌੜਾ ਸਿੰਘਾ), ਸ. ਹਰਭਜਨ ਸਿੰਘ (ਲਹਿਰੀ), ਗੁਰਭਾਗ ਸਿੰਘ ਪ੍ਰਚਾਰਕ, ਸ. ਬਲਦੇਵ ਸਿੰਘ, ਡਾ. ਜੋਗੇਸ਼ਵਰ ਸਿੰਘ, ਡਾ. ਦਲਜੀਤ ਸਿੰਘ, ਸ. ਕਰਨਬੀਰ ਸਿੰਘ, ਡਾ. ਦਲਜੀਤ ਸਿੰਘ, ਸ. ਮਨਜਿੰਦਰ ਸਿੰਘ, ਸ. ਕਰਨਬੀਰ ਸਿੰਘ, ਸ. ਦਇਆ ਸਿੰਘ ਪ੍ਰਚਾਰਕ, ਸ. ਸੁਖਦੇਵ ਸਿੰਘ, ਸ. ਦਇਆ ਸਿੰਘ ਪ੍ਰਚਾਰਕ, ਡਾ. ਜਸਵੰਤ ਸਿੰਘ, ਸ. ਸੁਰਜੀਤ ਸਿੰਘ

**ਸੈਸ਼ਨ:- (੨੦੨੨-੨੦੨੫) ਵਿਦਿਆਰਥੀਆਂ ਲਈ ਲਾਗੂ ਸਮਾਂ-ਸਾਰਣੀ ਪਹਿਲਾ ਸੈਸ਼ਨ (ਅੰਮ੍ਰਿਤ ਵੇਲਾ/ਸਵੇਰ):-**

| | |
|---|---|
| ੦੪:੦੦ ਤੋਂ ੦੫:੦੦ | ਉੱਠਣ, ਇਸ਼ਨਾਨ, ਤਿਆਰੀ |
| ੦੫:੦੦ ਤੋਂ ੦੬:੩੦ | ਨਿੱਤਨੇਮ-ਕਲਾਸ (ਕੀਰਤਨ, ਕਥਾ, ਸਿਮਰਨ...) |
| ੦੬:੩੦ ਤੋਂ ੦੮:੦੦ | ਗਤਕਾ / ਅਭਿਆਸ / ਪੜ੍ਹਾਈ |
| --------------- | ਗਤਕਾ ਕਲਾਸ- ਸਵੇਰ ੦੬:੪੫ ਤੋਂ...(ਮੰਗਲ, ਵੀਰ, ਸ਼ਨਿੱਚਰਵਾਰ) |
| ੦੮:੦੦ ਤੋਂ ੦੮:੩੦ | ਲੰਗਰ ਪਰਸ਼ਾਦਾ ਆਦਿ |
| ੦੮:੩੦ ਤੋਂ ੦੮:੪੫ | ਜਲ-ਪਾਣ / ਤਿਆਰੀ |

ਦੂਜਾ ਸੈਸ਼ਨ (ਸਵੇਰ,ਦੁਪਹਿਰ,ਸ਼ਾਮ):-

| | |
|---|---|
| ੦੮:੪੫ ਤੋਂ ੦੯:੦੦ | ਅਸੈਂਬਲੀ (ਸਮੂਹ ਸਟਾਫ਼ ਅਤੇ ਵਿਦਿਆਰਥੀ) |
| ੦੯:੦੦ ਤੋਂ ੦੧:੩੦ | ਵਿੱਦਿਅਕ ਸੈਸ਼ਨ |
| ੦੧:੩੦ ਤੋਂ ੦੨:੦੦ | ਲੰਗਰ ਪਰਸ਼ਾਦਾ ਆਦਿ |
| ੦੨:੦੦ ਤੋਂ ੦੩:੦੦ | ਅਰਾਮ (Rest) |
| ੦੩:੦੦ ਤੋਂ ੦੪:੩੦ | ਪੜ੍ਹਾਈ / ਅਭਿਆਸ (ਚਾਹ ਆਦਿ) |

ਤੀਜਾ ਸੈਸ਼ਨ (ਸ਼ਾਮ ਉਪਰੰਤ ਰਾਤ):-

| | |
|---|---|
| ੦੪:੩੦ ਤੋਂ ੦੬:੦੦ | ਗਤਕਾ / ਅਭਿਆਸ / ਪੜ੍ਹਾਈ |
| --------------- | ਗਤਕਾ ਕਲਾਸ- ਸ਼ਾਮ ੦੪:੩੦ ਤੋਂ...(ਸੋਮ, ਬੁੱਧ, ਸ਼ੁੱਕਰਵਾਰ) |
| -------------- | ਸਜਲ-ਪਾਣ / ਤਿਆਰੀ |
| ੦੬:੦੦ ਤੋਂ ੦੭:੦੦ | ਰਹਰਾਸਿ ਸਾਹਿਬ, ਆਰਤੀ...(ਨਿੱਤਨੇਮ-ਕਲਾਸ) |
| ੦੭:੦੦ ਤੋਂ ੦੭:੩੦ | ਲੰਗਰ ਪਰਸ਼ਾਦਾ ਆਦਿ |

| | |
|---|---|
| ੦੭:੩੦ ਤੋਂ ੧੦:੦੦ | ਪੜ੍ਹਾਈ / ਅਭਿਆਸ / ਰਿਆਜ਼ ਆਦਿ |
| ੧੦:੦੦ ਦਤੋਂ ੦੪:੦੦ | ਅਰਾਮ (Rest) |

ਕਾਲਜ ਵਿਖੇ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੇ ਰੋਜ਼ਾਨਾ-ਨੇਮ, ਸਮੂਹ ਸੁਘੜ ਸਟਾਫ਼ ਵੱਲੋਂ ਉਪਰੋਕਤ ਸਮਾਂ-ਸਾਰਣੀ (ਮੌਜੂਦਾ) ਅਨੁਸਾਰ ਵਿਸ਼ੇਸ਼ ਕਾਰਜ-ਵਿਧੀ ਤਹਿਤ ਨਿਯਮਾਂ ਅਨੁਸਾਰ ਅਨੁਸ਼ਾਸਨ ਦੀ ਪਾਲਣਾ ਕਰਦਿਆਂ ਕਾਇਮ ਰੱਖੇ ਜਾਂਦੇ ਹਨ। ਪ੍ਰਬੰਧ ਨੂੰ ਮੁੱਖ ਰੱਖਦਿਆਂ ਇਨ੍ਹਾਂ ਵਿਚ ਲੋੜ ਅਨੁਸਾਰ ਸਮੇਂ-ਸਮੇਂ ਬਣਦੀ ਜ਼ਰੂਰੀ ਤਬਦੀਲੀ ਵੀ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਸੰਸਥਾ ਦਾ ਸਮੁੱਚਾ ਪ੍ਰਬੰਧ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਸਾਹਿਬ ਪਾਸ ਹੈ ■

---

# ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰਾ, ਮੰਚੂਰੀ ਜ਼ਿਲ੍ਹਾ ਕਰਨਾਲ

*-ਸ. ਪ੍ਰਤਾਪ ਸਿੰਘ**

ਗੁਰਮਤਿ ਸੰਗੀਤ ਅਕੈਡਮੀ, ਸ਼ੇਖੂਪੁਰਾ ਮੰਚੂਰੀ ਪਿੰਡ ਵਿਚ ਹੈ ਜੋ ਕਿ ਤਹਿਸੀਲ ਜ਼ਿਲ੍ਹਾ ਕਰਨਾਲ, ਹਰਿਆਣਾ ਵਿਚ ਸਥਾਪਿਤ ਹੈ। ਇਸ ਅਕੈਡਮੀ ਦੀ ਸਥਾਪਨਾ ਮਿਤੀ ੦੮ ਜੂਨ, ੨੦੦੪ ਈ. ਨੂੰ ਉਸ ਸਮੇਂ ਰਹਿ ਚੁਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ (ਵਿਰਕ) ਨੇ ਪ੍ਰੋ. ਕਰਤਾਰ ਸਿੰਘ ਸ੍ਰੀ ਅਨੰਦਪੁਰ ਸਾਹਿਬ ਤੋਂ ਕਰਵਾਈ। ਇਸ ਅਕੈਡਮੀ ਵਿਚ ਦੋ ਸਾਲਾ ਤਬਲਾ ਸੰਗੀਤ ਅਤੇ ਗ੍ਰੰਥੀ ਕਲਾਸ ਦਾ ਕੋਰਸ ਚੱਲ ਰਿਹਾ ਹੈ। ਇਸ ਅਕੈਡਮੀ ਦੇ ਬਹੁਤ ਵਿਦਿਆਰਥੀ ਵੱਡੀਆਂ ਸਟੇਜਾਂ 'ਤੇ ਪੰਥ ਦੀ ਸੇਵਾ ਕਰ ਰਹੇ ਹਨ। ਉਕਤ ਅਕੈਡਮੀ ਵਿਚ ਸਾਫ-ਸੁਥਰਾ ਤੇ ਖੁੱਲਾ ਵਾਤਾਵਰਨ ਹੈ। ਅਕੈਡਮੀ ਦੀ ਵਧੀਆ ਬਿਲਡਿੰਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੱਡੇ ਹਾਲ ਵਿਚ ਕੀਤਾ ਹੋਇਆ ਹੈ। ਵਿਦਿਆਰਥੀਆਂ ਲਈ ਲੰਗਰ ਹਾਲ ਵਧੀਆ ਬਣਿਆ ਹੋਇਆ ਹੈ, ਜਿਸ ਵਿਚ ਵਧੀਆ ਲੰਗਰ ਤਿਆਰ ਹੁੰਦਾ ਹੈ। ਵਿਦਿਆਰਥੀਆਂ ਦੇ ਖੇਡਣ ਲਈ ਵੱਡਾ ਗਰਾਊਂਡ ਹੈ ਅਤੇ ਪਾਰਕਾਂ ਹਨ। ਅਕੈਡਮੀ ਦਾ ਸ਼ਾਂਤਮਈ ਵਾਤਾਵਰਨ ਹੈ। ਵਿਦਿਆਰਥੀਆਂ ਲਈ ਵਧੀਆ ਕਲਾਸ ਰੂਮ, ਹੋਸਟਲ ਅਤੇ ਸਟਾਫ ਲਈ ਵਧੀਆ ਕੁਆਰਟਰ ਹਨ। ਇਸ ਅਕੈਡਮੀ ਦੀ ਸਥਾਪਨਾ ਇਲਾਕੇ ਦੀ ਸੰਗਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਹੁਤ ਵੱਡੀ ਦੇਣ ਹੈ। ■

** ਇੰਚਾਰਜ, ਗੁਰਮਤਿ ਸੰਗੀਤ ਅਕੈਡਮੀ, ਸ਼ੇਖੂਪੁਰਾ (ਮੰਚੂਰੀ), ਜ਼ਿਲ੍ਹਾ ਕਰਨਾਲ-੧੩੨੦੩੬; ਹਰਿਆਣਾ। ਮੋ. ੯੭੧੬੨-੬੭੦੧੩, ੯੪੬੮੧-੧੭੯੧੧*

# ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਵਿਦਿਆਲਾ, ਬਰਨਾਲਾ

*-ਸ. ਪਰਮਜੀਤ ਸਿੰਘ**

*-ਸ. ਗੁਰਪਾਲ ਸਿੰਘ*

ਵਿਦਿਆਰਥੀਆਂ ਨੂੰ ਗੁਰਬਾਣੀ, ਸਿੱਖ ਇਤਿਹਾਸ, ਗੁਰਮਤਿ ਸਿਧਾਂਤ, ਕਥਾ ਕੀਰਤਨ, ਮਰਯਾਦਾ ਅਤੇ ਗੁਰਦੁਆਰਾ ਸਹਿਬਾਨ ਦੇ ਸੁਚਾਰੂ ਪ੍ਰਬੰਧਾਂ ਬਾਰੇ ਪੂਰਨ ਜਾਣਕਾਰੀ ਪ੍ਰਾਪਤ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅਨੇਕਾਂ ਮਿਸ਼ਨਰੀ ਕਾਲਜ ਅਤੇ ਗੁਰਮਤਿ ਵਿਦਿਆਲੇ ਪੰਜਾਬ ਅਤੇ ਪੰਜਾਬ ਤੋਂ ਬਾਹਰੀ ਸਟੇਟਾਂ ਵਿਚ ਖੋਲੇ ਗਏ ਹਨ। ਇਨ੍ਹਾਂ ਸੰਸਥਾਵਾਂ ਵਿੱਚੋਂ ਪੰਜਾਬ ਦੇ ਜ਼ਿਲ੍ਹਾ ਬਰਨਾਲਾ ਵਿਚ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਵਿਦਿਆਲਾ, ਬਰਨਾਲਾ ਵੀ ਸਿੱਖ ਪੰਥ ਦੀ ਨੌਜਵਾਨ ਪੜ੍ਹੀ-ਲਿਖੀ ਸਿੱਖ ਫੁਲਵਾੜੀ ਨੂੰ ਗੁਰਬਾਣੀ ਇਤਿਹਾਸ, ਗੁਰਮਤਿ ਸੰਗੀਤ, ਸਿੱਖ ਰਹਿਤ ਮਰਯਾਦਾ ਦ੍ਰਿੜ੍ਹ ਕਰਵਾਉਣ ਅਤੇ ਵਿੱਦਿਆ ਦੇਣ ਵਿਚ ਹਮੇਸ਼ਾ ਤੱਤਪਰ ਹੈ।

'ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਵਿਦਿਆਲਾ, ਬਰਨਾਲਾ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉਹ ਟਾਹਣੀ ਹੈ ਜੋ ਕਿ ਬਾਬਾ ਬੁੱਢਾ ਜੀ ਦੇ ਵਾਰਿਸ ਬਣਾਉਣ ਲਈ ੨੦੦੬ ਈ. ਤੋਂ ਕਾਰਜਸ਼ੀਲ ਹੈ। ਇਸ ਵਿਦਿਆਲੇ ਨੂੰ ਸਭ ਤੋਂ ਪਹਿਲਾਂ ਗੁਰਮਤਿ ਟ੍ਰੇਨਿੰਗ ਸੈਂਟਰ ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ ਦੇ ਨਾਂ ਹੇਠ ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ ਵਿਖੇ ੨੧ ਮਾਰਚ, ੨੦੦੬ ਈ. ਨੂੰ ਸਥਾਪਿਤ ਕੀਤਾ ਗਿਆ ਸੀ। ਇਸ ਤੋਂ ਬਾਅਦ ਇਸ ਸੰਸਥਾ ਨੂੰ ੧੬ ਜੁਲਾਈ, ੨੦੦੭ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਥਾਂ ਬਖਸ਼ੀ ਵਾਲੀ ਕੋਠੀ, ਆਈ.ਟੀ.ਆਈ. ਚੌਕ ਬਰਨਾਲਾ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਵਿਦਿਆਲਾ ਦੇ ਨਾਂ ਹੇਠ ਸ਼ੁਰੂ ਕਰ ਕੇ ਨਵੇਂ ਸੈਸ਼ਨ ਦੀ ਅਰੰਭਤਾ ਕੀਤੀ ਗਈ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਹਿਬਾਨ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਸੰਸਥਾ ਵਿਚ ਵਿਦਿਆਰਥੀਆਂ ਨੂੰ ਗ੍ਰੰਥੀ ਕੋਰਸ ਲਈ ਦੋ ਸਾਲਾ ਟ੍ਰੇਨਿੰਗ ਦਿੱਤੀ ਜਾਂਦੀ ਹੈ ਜਿਸ ਵਿਚ ਉਹ ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ, ਗੁਰਮਤਿ ਦਰਸ਼ਨ, ਸਿੱਖ ਪੁਰਾਤਨ ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਸਮੁੱਚੀ ਜਾਣਕਾਰੀ ਪ੍ਰਾਪਤ ਕਰਦੇ ਹਨ। ਵਿਦਿਆਰਥੀ ਇੱਥੋਂ ਆਪਣੀ

** ਇੰਚਾਰਜ, ਸ਼ਹੀਦ ਬਾਬਾ ਦੀਪ ਸਿੰਘ ਜੀ, ਗੁਰਮਤਿ ਵਿਦਿਆਲਾ, ਬਰਨਾਲਾ। ਮੋ. ੯੭੮੧੯੦੦੪੦੬*

ਤਾਲੀਮ ਪੂਰੀ ਕਰ ਕੇ ਰੁਜ਼ਗਾਰ ਦੇ ਨਾਲ-ਨਾਲ ਪੰਥ ਦੀ ਸੇਵਾ ਲਈ ਦੇਸ਼ਾਂ-ਵਿਦੇਸ਼ਾਂ ਵਿਚ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਸਟੇਜਾਂ 'ਤੇ ਗ੍ਰੰਥੀ ਸਹਿਬਾਨ ਦੀ ਸੇਵਾ ਨਿਭਾ ਰਹੇ ਹਨ।

ਵਿਦਿਆਰਥੀਆਂ ਨੂੰ ਰੁਟੀਨ ਅਨੁਸਾਰ ਸੇਵਾਦਾਰ ਮੁਲਾਜ਼ਮਾਂ ਵੱਲੋਂ ੪:੦੦ ਵਜੇ ਉਠਾਇਆ ਜਾਂਦਾ ਹੈ। ਸਾਰੇ ਵਿਦਿਆਰਥੀ ਇਸ਼ਨਾਨ ਕਰ ਕੇ ਗੁਰਦੁਆਰਾ ਸਹਿਬ ਅੰਦਰ ਪ੍ਰਕਾਸ਼, ਨਿੱਤਨੇਮ, ਕਥਾ ਕੀਰਤਨ, ਅਰਦਾਸ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲੈਣ ਦੀ ਸੇਵਾ ਨਿਭਾਉਂਦੇ ਹਨ। ਇਸ ਤੋਂ ਬਾਅਦ ੭:੩੦ ਵਜੇ ਚਾਹ-ਨਾਸ਼ਤਾ ਆਦਿ ਕਰ ਕੇ ੮:੦੦ ਵਜੇ ਕਲਾਸ ਲਈ ਤਿਆਰ ਹੁੰਦੇ ਹਨ। ਕਲਾਸ ਦੀ ਸ਼ੁਰੂਆਤ ਸ਼ਬਦ ਗਾਇਨ ਕਰਨ ਤੋਂ ਕੀਤੀ ਜਾਦੀ ਹੈ। ਫਿਰ ੯:੦੦ ਵਜੇ ਤੋਂ ਦੁਪਹਿਰ ੨:੦੦ ਵਜੇ ਤਕ ਵਿਦਿਆਰਥੀ ਆਪਣੀ ਨਿਰਧਾਰਿਤ ਕਲਾਸ (ਗ੍ਰੰਥੀ ਕੋਰਸ) ਵਿਚ ਸਿਲੇਬਸ ਅਨੁਸਾਰ ਆਪਣੇ ਅਧਿਆਪਕਾਂ ਪਾਸੋਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰਦੇ ਹਨ ਅਤੇ ਸੰਥਿਆ ਕਲਾਸ ਲਗਾਈ ਜਾਂਦੀ ਹੈ। ਵਿਦਿਆਰਥੀ ਦੁਪਹਿਰ ੨:੦੦ ਵਜੇ ਲੰਗਰ ਤੋਂ ਬਾਅਦ ਆਰਾਮ ਕਰਦੇ ਹਨ ਅਤੇ ਫਿਰ ਡੇਢ ਘੰਟਾ ਸਰੀਰਕ ਤੰਦਰੁਸਤੀ ਲਈ ਗਤਕਾ, ਖੇਡਾਂ ਆਦਿ ਕਰਵਾਈਆਂ ਜਾਂਦੀਆਂ ਹਨ। ਇਸ ਤੋਂ ਬਾਅਦ ਸੰਧਿਆ ਵੇਲੇ ਵਿਦਿਆਰਥੀ ਨਿੱਤਨੇਮ ਦੀ ਹਾਜ਼ਰੀ ਭਰਦੇ ਹਨ। ਫਿਰ ਗੁਰਦੁਆਰਾ ਸਾਹਿਬ ਦੀ ਸਮੁੱਚੀ ਸਮਾਪਤੀ ਤੋਂ ਬਾਅਦ ਲੰਗਰ ਅਤੇ ਇਸ ਤੋਂ ਉਪਰੰਤ ਰਾਤ ੧੦:੦੦ ਵਜੇ ਤਕ ਵਿਦਿਆਰਥੀ ਆਪਣੀ ਪੜ੍ਹਾਈ ਤੇ ਅਭਿਆਸ ਕਰਦੇ ਹਨ। ਫਿਰ ਅੰਮ੍ਰਿਤ ਵੇਲਾ ਹੋਣ ਤਕ ਅਰਾਮ ਕਰਦੇ ਹਨ।

ਇਹ ਦੋ ਸਾਲਾ ਗ੍ਰੰਥੀ ਕੋਰਸ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮਿਤਸਰ ਸਾਹਿਬ ਵੱਲੋਂ ਬਿਲਕੁਲ ਭੇਟਾ ਰਹਿਤ (ਮੁਫਤ) ਕਰਵਾਇਆ ਜਾਂਦਾ ਹੈ। ਵਿਦਿਆਰਥੀਆਂ ਤੋਂ ਰਿਹਾਇਸ਼, ਪਾਣੀ-ਬਿਜਲੀ ਆਦਿਕ ਦਾ ਕੋਈ ਖਰਚ ਨਹੀਂ ਲਿਆ ਜਾਂਦਾ, ਸਗੋਂ ੧੫੦੦ ਰੁਪਏ ਮਹੀਨਾ ਪ੍ਰਤੀ ਵਿਦਿਆਰਥੀਆਂ ਨੂੰ ਲੰਗਰ ਖਰਚ ਲਈ ਦਿੱਤਾ ਜਾਂਦਾ ਹੈ। ਗੁਰਮਤਿ ਤੋਂ ਜਾਣੂ ਹੋਣ ਲਈ ਵਿਦਿਆਰਥੀਆਂ ਲਈ ਲਾਇਬ੍ਰੇਰੀ ਵੀ ਮੌਜੂਦ ਹੈ। ਇਸ ਕਰਕੇ ਇਹ ਸੰਸਥਾ ਵਿਦਿਆਰਥੀਆਂ ਲਈ ਧਾਰਮਿਕ ਵਿੱਦਿਅਕ ਪੱਖ ਤੋਂ ਵਰਦਾਨ ਹੈ । ਜਿੱਥੋਂ ਪੜ੍ਹ ਕੇ ਵਿਦਿਆਰਥੀ ਰੁਜ਼ਗਾਰ ਦੇ ਨਾਲ-ਨਾਲ ਪੰਥ ਦੀ ਸੇਵਾ ਕਰਦੇ ਹਨ। ਮੌਜੂਦਾ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਗੁਰਮਤਿ ਵਿਦਿਅਲਿਆਂ ਦੀ ਕਾਰਜ-ਕੁਸ਼ਲਤਾ ਵਿਚ ਨਿਖਾਰ ਲਿਆਉਣ ਨਿਰੰਤਰ ਯਤਨਸ਼ੀਲ ਹਨ।

# ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ, ਡੇਰਾ ਬਾਬਾ ਨਾਨਕ

*-ਪ੍ਰਿੰ. ਰਜਿੰਦਰ ਸਿੰਘ**

ਉਦਾਸੀਆਂ (ਪ੍ਰਚਾਰ ਫੇਰੀਆਂ) ਤੋਂ ਬਾਅਦ ਗੁਰੂ ਜੀ ਨੇ ਆਪਣਾ ਟਿਕਾਣਾ ਕਰਤਾਰਪੁਰ ਸਾਹਿਬ ਵਿਖੇ ਕੀਤਾ। ਇੱਥੇ ਹੀ ਭਾਈ ਲਹਿਣਾ ਜੀ ਨੂੰ ਆਪਣਾ ਅੰਗ ਬਣਾਇਆ:

*ਅੰਗਹੁ ਅੰਗੁ ਓਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ। (ਵਾਰ: ੨੪:੫)*

ਅਜਿੱਤਾ ਰੰਧਾਵਾ ਜੀ ਗੁਰੂ ਜੀ ਦੇ ਅਨਿੰਨ ਸੇਵਕ ਸਨ। ਗੁਰੂ ਜੀ ਕਰਤਾਰਪੁਰ ਸਾਹਿਬ ਤੋਂ ਚੱਲ ਕੇ ਚੌਧਰੀ ਅਜਿੱਤੇ ਰੰਧਾਵੇ ਦੇ ਬਣਾਏ ਖੂਹ 'ਤੇ ਆਏ। ਗੁਰੂ ਜੀ ਦੇ ਆਇਆਂ ਸੰਗਤ ਵੀ ਦਰਸ਼ਨਾਂ ਲਈ ਆਉਂਦੀ ਅਤੇ ਗੁਰੂ ਜੀ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਸੁਣ ਕੇ ਨਿਹਾਲ ਹੁੰਦੀ। ਇਹ ਖੂਹ ਅੱਜਕਲ੍ਹ ਬਾਉਲੀ ਸਾਹਿਬ ਦੇ ਰੂਪ ਵਿਚ ਮੌਜੂਦ ਹੈ। ਜਿੱਥੇ ਗੁਰੂ ਜੀ ਦਾ ਸਸਕਾਰ ਕੀਤਾ ਗਿਆ ਉਸ ਅਸਥਾਨ ਨੂੰ ਰਾਵੀ ਵਿਚ ਆਉਂਦੇ ਹੜਾਂ ਨੇ ਰੋੜ ਦਿੱਤਾ।

ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਨੇ ਉੱਦਮ ਕਰ ਕੇ ਗੁਰੂ ਨਾਨਕ ਦੇਵ ਜੀ ਦਾ ਨਵਾਂ ਦੇਹਰਾ ਰਾਵੀ ਦਰਿਆ ਦੇ ਉਰਲੇ ਕੰਢੇ ਅਜਿੱਤੇ ਰੰਧਾਵੇ ਦੇ ਖੂਹ ਕੋਲ ਬਣਾਇਆ। ਬਾਬਾ ਲਖਮੀ ਦਾਸ ਜੀ ਦੇ ਸਪੁੱਤਰ ਬਾਬਾ ਧਰਮ ਦਾਸ ਜੀ ਨੇ ਉੱਥੇ ਜੋ ਨਗਰ ਵਸਾਇਆ ਉਸ ਦਾ ਨਾਂ 'ਡੇਰਾ ਬਾਬਾ ਨਾਨਕ' ਪ੍ਰਚਲਿਤ ਹੋਇਆ।

ਸੰਮਤ ੧੬੪੬ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੋਤਰੇ ਬਾਬਾ ਧਰਮ ਚੰਦ ਜੀ ਦੇ ਅਕਾਲ ਚਲਾਣੇ ਸਮੇਂ ਇੱਥੇ ਆਏ ਅਤੇ ਇਸ ਅਸਥਾਨ 'ਤੇ ਬੈਠ ਕੇ ਰੱਬੀ ਬਾਣੀ ਦਾ ਕੀਰਤਨ ਕੀਤਾ। ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਕੀਰਤਨ ਅਸਥਾਨ ਬਣਿਆ ਹੈ।

ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਚੋਲਾ (ਸਾਹਿਬ) ਵੀ ਡੇਰਾ ਬਾਬਾ ਨਾਨਕ ਵਿਖੇ ਸੁਸ਼ੋਭਿਤ ਹੈ। ਇੱਥੇ ਹਰ ਸਾਲ ੪ ਮਾਰਚ ਤੋਂ ੮ ਮਾਰਚ ਤਕ ਮੇਲਾ ਲਗਦਾ ਹੈ। ਇਕ ਪਰੰਪਰਾ ਅਨੁਸਾਰ ਹੁਸ਼ਿਆਰਪੁਰ ਦੇ ਕਸਬਾ ਖੜਿਆਲਾ ਸੈਣੀਆਂ ਤੋਂ ਸਿੱਖ ਸੰਗਤ ਇਕ ਸੰਗ ਦੇ ਰੂਪ ਵਿਚ ਪੈਦਲ ਚੱਲ ਕੇ ਗੁਰੂ ਜੀ ਦੇ ਚੋਲੇ ਦੇ ਦਰਸ਼ਨ ਕਰਨ ਆਉਂਦੀ ਹੈ।

** ਪ੍ਰਿਸੀਪਲ, ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ, ਡੇਰਾ ਬਾਬਾ ਨਾਨਕ ੧੪੩੬੦੪; ਜ਼ਿਲ੍ਹਾ ਗੁਰਦਾਸਪੁਰ। ਮੋ. ੯੫੯੨੩-੦੦੬੪੮*

ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ, ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਦਾ ਪਹਿਲਾ ਬੈਚ ੨੦੦੬ ਈ. ਵਿਚ ਅਰੰਭ ਹੋਇਆ। ਇਹ ਪਹਿਲਾ ਬੈਚ ਛੇ ਮਹੀਨੇ ਲਈ ਸ਼ੁਰੂ ਕੀਤਾ ਗਿਆ ਜੋ ਕਿ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਸਰ੍ਹਾਂ ਵਿਚ ਅਰੰਭ ਹੋਇਆ ਸੀ। ਇਸ ਵਿਚ ਸਿਖਿਆਰਥੀਆਂ ਨੂੰ ਗੁਰਬਾਣੀ ਸੰਥਿਆ ਅਤੇ ਸਿੱਖ ਧਰਮ ਦੀ ਮੁਢਲੀ ਜਾਣਕਾਰੀ ਦਿੱਤੀ ਜਾਂਦੀ ਸੀ। ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲੇ ਦਾ ਨੀਂਹ ਪੱਥਰ ਜਥੇਦਾਰ ਅਵਤਾਰ ਸਿੰਘ ਜੀ (ਤਤਕਾਲੀ ਪ੍ਰਧਾਨ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨੇ ਜਥੇਦਾਰ ਅਮਰੀਕ ਸਿੰਘ ਜੀ ਸ਼ਾਹਪੁਰ ਗੋਰਾਇਆ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਲਕਾ ਡੇਰਾ ਬਾਬਾ ਨਾਨਕ ਦੇ ਵਿਸ਼ੇਸ ਯਤਨਾਂ ਸਦਕਾ ਆਪਣੇ ਕਰ-ਕਮਲਾਂ ਨਾਲ ੬ ਮੱਘਰ ਸੰਮਤ ੫੩੯ ਮੁਤਾਬਕ ਮਿਤੀ ੧੯ ਨਵੰਬਰ, ੨੦੦੭ ਈ. ਨੂੰ ਰੱਖਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਇਹ ਵਿਦਿਆਲਾ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਨਾਨਕ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਇਸ ਪਵਿੱਤਰ ਨਗਰੀ ਵਿਚ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਬਣਾਇਆ। ਸਰਹੱਦੀ ਇਲਾਕਾ ਹੋਣ ਕਰਕੇ ਇੱਥੋਂ ਦੀ ਸਿੱਖ ਸੰਗਤ ਨੂੰ ਗੁਰਮਤਿ ਦੀ ਸਿੱਖਿਆ ਲੈਣ ਲਈ ਆਪਣੇ ਬੱਚਿਆਂ ਨੂੰ ਦੂਰ-ਦੁਰਾਡੇ ਭੇਜਣ ਵਿਚ ਕਠਿਨਾਈ ਆਉਂਦੀ ਸੀ। ਇਸ ਵਿਦਿਆਲੇ ਦੇ ਬਣਨ ਨਾਲ ਸੰਗਤ ਨੂੰ ਫਾਇਦਾ ਮਿਲਿਆ। ਧਰਮ ਪ੍ਰਚਾਰ ਕਮੇਟੀ ਦੇ ਮੌਜੂਦਾ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਦੀ ਸੁਚੱਜੀ ਅਗਵਾਈ ਵਿਚ ਇਹ ਵਿਦਿਆਲਾ ਬੜ੍ਹੇ ਸੁਚਾਰੂ ਰੂਪ ਵਿਚ ਚੱਲ ਰਿਹਾ ਹੈ।

ਇਸ ਸੰਸਥਾ ਤੋਂ ਸਿੱਖਿਆ ਪ੍ਰਾਪਤ ਕਰ ਚੁੱਕੇ ਬਹੁਤ ਸਾਰੇ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਬਤੌਰ ਪ੍ਰਚਾਰਕ, ਗ੍ਰੰਥੀ ਅਤੇ ਧਾਰਮਿਕ ਅਧਿਆਪਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ।

**ਬਤੌਰ ਪ੍ਰਚਾਰਕ ਸਾਹਿਬਾਨ ਵਜੋਂ ਸੇਵਾਵਾਂ ਨਿਭਾਅ ਰਹੇ ਵਿਦਿਆਰਥੀ:**

ਭਾਈ ਗੁਰਮੇਜ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਹਿੰਮਤਬੀਰ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਬਲਕਾਰ ਸਿੰਘ, ਭਾਈ ਬਲਜੋਧ ਸਿੰਘ, ਭਾਈ ਸਰਤਾਜ ਸਿੰਘ।

**ਬਤੌਰ ਗ੍ਰੰਥੀ ਸਾਹਿਬਾਨ ਡਿਊਟੀ ਨਿਭਾ ਰਹੇ ਵਿਦਿਆਰਥੀ:-**

ਭਾਈ ਸੁਖਵਿੰਦਰ ਸਿੰਘ ਜੀ ਹੋਠੀਆਂ ਸਾਹਿਬ, ਭਾਈ ਜਗਮਿੰਦਰ ਸਿੰਘ, ਭਾਈ ਨਛੱਤਰ ਸਿੰਘ, ਭਾਈ ਰਾਮ ਸਿੰਘ **ਬਾਕੀ ਪੰਨਾ: ੪੯ 'ਤੇ**

# ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ

*-ਸ. ਗੁਰਪ੍ਰੀਤ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਾਨਕ ਨਿਰਮਲ ਪੰਥ ਅਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਹਿੱਤ ਜਿੱਥੇ ਸਾਢੇ ਪੰਜ ਸੌ ਸਾਲ ਦੇ ਵਕਫੇ ਦੌਰਾਨ ਸਮੇਂ-ਸਮੇਂ ਗੁਰਮੁਖ-ਜਨਾਂ, ਸਤਿਕਾਰਤ ਸ਼ਖ਼ਸੀਅਤਾਂ, ਧਾਰਮਿਕ ਸੰਸਥਾਵਾਂ, ਅਦਾਰਿਆਂ ਆਦਿਕ ਨੇ ਆਪਣਾ ਬਹੁਮੁੱਲਾ ਯੋਗਦਾਨ ਪਾਇਆ ਹੈ, ਉੱਥੇ ਕੌਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸੁਚੱਜੇ ਪ੍ਰਬੰਧ ਹੇਠਾਂ, ਗੁਰਮਤਿ ਮਰਯਾਦਾ ਅਤੇ ਪੰਥ ਦੇ ਪ੍ਰਚਾਰ-ਪ੍ਰਸਾਰ ਹਿਤ ਇੱਕ ਸਦੀ ਤੋਂ ਵੀ ਵੱਧ ਸਮੇਂ ਤੋਂ ਸ਼ਲਾਘਾਯੋਗ ਅਤੇ ਸੁਚਾਰੂ ਢੰਗ ਨਾਲ ਕਾਰਜ ਕੀਤੇ ਜਾ ਰਹੇ ਹਨ।

ਇਸੇ ਸੁਚਾਰੂ ਕਾਰਜਾਂ ਦੀ ਲੜੀ ਵਿਚ ਗੁਰਮਤਿ ਵਿਦਿਆਲਿਆਂ ਅਤੇ ਗੁਰਮਤਿ ਕਾਲਜਾਂ ਦਾ ਨਾਮ ਅਹਿਮ ਹੈ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਨੌਜਵਾਨੀ ਨੂੰ ਗੁਰਮਤਿ ਨਾਲ ਜੋੜਨ ਦੇ ਉਪਰਾਲੇ ਹਿੱਤ ਧਰਮ ਪ੍ਰਚਾਰ ਲਈ ਵਧੀਆ ਵਿਦਵਾਨ, ਕੀਰਤਨੀਏ, ਢਾਡੀ-ਪ੍ਰਚਾਰਕ ਅਤੇ ਗ੍ਰੰਥੀ ਸਿੰਘ ਪੈਦਾ ਕਰਨ ਦੀ ਸੋਚ ਨਾਲ ਗੁਰਮਤਿ ਸੰਗੀਤ ਵਿਦਿਆਲੇ ਚਲਾਏ ਜਾ ਰਹੇ ਹਨ। ਇਨ੍ਹਾਂ ਗੁਰਮਤਿ ਵਿਦਿਆਲਿਆਂ ਦੀ ਲੜੀ ਵਿਚ ਇਕ ਨਾਮ ਹੈ- ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਗੁ: ਸਿੱਧਸਰ ਸਾਹਿਬ ਕਾਲਾਮਾਲਾ ਛਾਪਾ (ਬਰਨਾਲਾ)। ਜੋ ਕਿ ਮਾਲਵੇ ਦੇ ਨਗਰ ਜ਼ਿਲ੍ਹਾ ਬਰਨਾਲਾ ਵਿਖੇ ਸਥਿਤ ਹੈ। ਇਹ ਵਿਦਿਆਲਾ ਬਰਨਾਲਾ ਤੋਂ ਤਕਰੀਬਨ ੨੫ ਕਿਲੋਮੀਟਰ, ਲੁਧਿਆਣਾ ਤੋਂ ੬੦, ਮਲੇਰਕੋਟਲਾ ਤੋਂ ੩੦ ਅਤੇ ਇਤਿਹਾਸਿਕ ਸ਼ਹਿਰ ਰਾਏਕੋਟ ਤੋਂ ਤਕਰੀਬਨ ੧੫ ਕਿਲੋਮੀਟਰ ਦੀ ਦੂਰੀ ’ਤੇ ਚਾਰ ਸ਼ਹਿਰਾਂ ਦੇ ਵਿਚਕਾਰ ਸਥਿਤ ਹੈ।

ਗੁਰਮਤਿ ਵਿਦਿਆਲੇ ਦੀ ਸ਼ੁਰੂਆਤ ਦੀ ਗੱਲ ਕਰਨ ਤੋਂ ਪਹਿਲਾਂ ਇਸ ਅਸਥਾਨ ਦੇ ਇਤਿਹਾਸ ਦੇ ਪਿਛੋਕੜ ’ਤੇ ਝਾਤ ਮਾਰਨੀ ਅਤੀ ਜ਼ਰੂਰੀ ਹੈ। ਇਸ ਜਗ੍ਹਾ ਨੂੰ ਜਿੱਥੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਹੈ, ਉੱਥੇ ਸਿੱਖ ਕੌਮ ਦੇ ਇਤਿਹਾਸ ਵਿਚ ਅਠਾਰ੍ਹਵੀਂ ਸਦੀ ਦੇ ਸੱਤਵੇਂ ਦਹਾਕੇ (੧੭੬੨) ਈ. ਵਿਚ ਵਾਪਰੇ ਵੱਡੇ ਘੱਲੂਘਾਰੇ ਨਾਲ ਵੀ ਇਸ ਜਗ੍ਹਾ ਦਾ ਗਹਿਰਾ ਸੰਬੰਧ ਜੁੜਦਾ ਹੈ। ਜ਼ਿਕਰਯੋਗ

** ਇੰਚਾਰਜ, ਸ. ਜੱਸਾ ਸਿੰਘ ਆਹਲੂਵਾਲੀਆ, ਗੁਰਮਤਿ ਸੰਗੀਤ ਵਿਦਿਆਲਾ ਗੁਰਦੁਆਰਾ ਸਿੱਧਸਰ ਸਾਹਿਬ ਕਾਲਾ ਮੱਲਾ ਛਾਪਾ/ਬਰਨਾਲਾ-੧੪੮੧੦੪; ਮੋ. ੭੮੮੮੩-੨੫੦੩੫, ੯੪੬੪੬-੯੧੭੦੫*

ਹੈ ਕਿ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਨੇ ਸੰਨ ੧੭੬੨ ਈ. ਨੂੰ ਸਿੱਖ ਕੌਮ ਨੂੰ ਖਤਮ ਕਰਨ ਦੀ ਮਨਸ਼ਾ ਨਾਲ ਮਲੇਰਕੋਟਲਾ ਦੇ ਲਾਗੇ ਕੁੱਪ-ਰਹੀੜੇ ਨਾਮਕ ਨਗਰਾਂ ਵਿਚ ਸ਼ਰਨ ਲਈ ਬੈਠੇ ਸਿੰਘਾਂ 'ਤੇ ਅਚਾਨਕ ਹਮਲਾ ਕਰ ਦਿੱਤਾ ਸੀ। ਜਿਸ ਵਿਚ ਆਪਣੇ ਬਚਾਅ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਜਥੇਦਾਰ ਬਘੇਲ ਸਿੰਘ ਜੀ ਆਦਿਕ ਸਿੰਘਾਂ ਦੀ ਅਗਵਾਈ ਵਿਚ ਵਹੀਰ ਨੇ ਉੱਥੋਂ ਚਾਲੇ ਪਾਏ ਅਤੇ ਉਪਰੋਕਤ ਸਥਾਨ ਨਗਰ ਛਾਪਾ, ਪੰਡੋਰੀ-ਕੁਤਬਾ ਤੋਂ ਗੁਜ਼ਰਦਿਆਂ ਨਗਰ ਗਹਿਲ ਤੀਕ ਜਾ ਕੇ ਯੁੱਧ ਸਮਾਪਤ ਹੋ ਗਿਆ। ਇਸ ਵੱਡੇ ਘੱਲੂਘਾਰੇ ਵਿਚ ਇਤਿਹਾਸ ਮੁਤਾਬਕ ੩੦-੩੫ ਹਜ਼ਾਰ ਸਿੰਘ ਸਿੰਘਣੀਆਂ ਸ਼ਹੀਦ ਹੋਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਜ਼ਖ਼ਮੀ ਹੋਏ। ਵਹੀਰ ਦੀ ਅਗਵਾਈ ਕਰਦਿਆਂ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੇ ੨੨ ਦੇ ਕਰੀਬ ਫੱਟ ਲੱਗੇ ਜਿਨ੍ਹਾਂ ਦੀ ਇਸ ਸਥਾਨ ਗੁਰਦੁਆਰਾ ਸਿੱਧਸਰ ਸਾਹਿਬ ਕਾਲਾਮਾਲਾ ਛਾਪਾ ਵਿਖੇ ਲਿਆ ਕੇ ਮਲਹਮ-ਪੱਟੀ ਕੀਤੀ ਗਈ।

ਇਨ੍ਹਾਂ ਵੱਡੇ ਘੱਲੂਘਾਰੇ ਦੇ ਸਮੂਹ ਸਿੰਘਾਂ-ਸਿੰਘਣੀਆਂ ਅਤੇ ਮਹਾਨ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਯਾਦ ਨੂੰ ਸਮਰਪਿਤ ਉਪਰੋਕਤ ਵਿਦਿਆਲਾ ਹੋਂਦ ਆਇਆ, ਜਿਸਦਾ ਉਦਘਾਟਨ ੧੯ ਅਪ੍ਰੈਲ, ੨੦੧੦ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਤਤਕਾਲੀ ਪ੍ਰਧਾਨ ਸ. ਅਵਤਾਰ ਸਿੰਘ ਨੇ ਕੀਤਾ। ਜੇਕਰ ਇਸ ਨੂੰ ਬਣਾਉਣ ਦੀ ਗੱਲ ਕਰੀਏ ਤਾਂ ਤਤਕਾਲੀ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਦਰਵੇਸ਼ ਸਿਆਸਤਦਾਨ ਮਰਹੂਮ ਸੰਤ ਬਾਬਾ ਜਸਵੀਰ ਸਿੰਘ ਕਾਲਾਮਾਲਾ ਛਾਪਾ ਦੇ ਯੋਗਦਾਨ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਜਿਨ੍ਹਾਂ ਨੇ ਉਪਰੋਕਤ ਵਿਦਿਆਲੇ ਲਈ ਆਪਣੇ ਕੋਲੋਂ ਢਾਈ ਕਿੱਲੇ ਜ਼ਮੀਨ ਖ੍ਰੀਦ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਮ ਲਗਵਾਈ।

**ਬਿਲਡਿੰਗ ਅਤੇ ਚੱਲ ਰਹੇ ਕੋਰਸ:-**

ਤਕਰੀਬਨ ਢਾਈ ਕਿੱਲੇ ਦੇ ਦਾਇਰੇ ਵਿਚ ਬਣਿਆ ਇਹ ਗੁਰਮਤਿ ਵਿਦਿਆਲਾ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਨਾਲ ਜੋੜਨ ਲਈ ਕਾਰਗਰ ਸਾਬਿਤ ਹੋ ਰਿਹਾ ਹੈ। ਇਸ ਦੀ ਆਲੀਸ਼ਾਨ ਇਮਾਰਤ ਵਿਚ ਮੁੱਖ ਦਫ਼ਤਰ, ਲਾਇਬਰੇਰੀ, ਦੋ ਕਲਾਸ ਰੂਮ, ਦੋ ਵੱਡੇ ਹਾਲ, ਰਿਹਾਇਸ਼ੀ ਸਟਾਫ ਰੂਮ, ਸਟੋਰ ਤੋਂ ਇਲਾਵਾ ਬੱਚਿਆਂ ਦੇ ਰਹਿਣ ਲਈ ਹੋਸਟਲ ਬਣਿਆ ਹੋਇਆ ਹੈ। ਇੱਥੇ ਸਹੂਲਤ ਲਈ ਜਨਰੇਟਰ, ਵਿਦਿਆਰਥੀਆਂ ਦੇ ਰਿਆਜ਼ ਕਰਨ ਲਈ ਹਰਮੋਨੀਅਮ-ਤਬਲੇ ਅਤੇ ਗੁਰਮਤਿ ਸੰਗੀਤ ਨਾਲ ਸੰਬੰਧਿਤ ਹੋਰ ਸਾਜ਼ ਵੀ ਉਪਲਬਧ ਹਨ। ਇੱਥੇ ਗੁਰਮਤਿ ਸੰਗੀਤ ਅਤੇ ਤਬਲਾ ਕੋਰਸ ਪ੍ਰਮੁੱਖ ਤੌਰ 'ਤੇ ਚੱਲ ਰਹੇ ਹਨ। ਜਿਨ੍ਹਾਂ ਦੀਆਂ ਕੁੱਲ ੩੦ ਸੀਟਾਂ (੨੦ ਗੁਰਬਾਣੀ ਸੰਗੀਤ ਅਤੇ ੧੦ ਤਬਲਾ ਕਲਾਸ) ਹਨ। ਦੋ ਸਾਲਾ ਕੋਰਸ ਕਰਨ ਉਪਰੰਤ ਇੱਥੋਂ ਪੜ੍ਹੇ

ਵਿਦਿਆਰਥੀ ਜਿੱਥੇ ਪੰਥ ਦੇ ਪ੍ਰਚਾਰ ਅਤੇ ਪ੍ਰਸਾਰ ਪ੍ਰਤੀ ਕਾਰਜਸੀਲ ਹਨ, ਉੱਥੇ ਧਰਮ ਦੇ ਖੇਤਰ ਵਿਚ ਵੱਖ-ਵੱਖ ਨਾਮੀ ਅਹੁਦਿਆਂ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਇੱਥੋਂ ਦਾ ਮਿਹਨਤੀ ਸਟਾਫ ਵਿਦਿਆਰਥੀ ਵਰਗ ਨੂੰ ਮਿਆਰੀ ਧਾਰਮਿਕ ਸਿੱਖਿਆ ਨਾਲ ਜੋੜ ਰਿਹਾ ਹੈ।

ਰੋਜਾਨਾ ਦੀ ਕਾਰਜ ਵਿਧੀ ਦੀ ਗੱਲ ਕਰੀਏ ਤਾਂ ਅੰਮ੍ਰਿਤ ਵੇਲੇ ੦੫:੦੦ ਵਜੇ ਨਿੱਤਨੇਮ, ੦੭:੩੦ ਵਜੇ ਪਰਸ਼ਾਦਾ, ੯:੦੦ ਤੋਂ ੨:੦੦ ਤੀਕ ਕਲਾਸਾਂ, ਸ਼ਾਮ ੬:੦੦ ਵਜੇ ਰਹਰਾਸਿ ਸਾਹਿਬ ਦਾ ਪਾਠ, ਸੋਹਿਲਾ ਸਾਹਿਬ ਦੀ ਬਾਣੀ, ਸਮਾਪਤੀ ਪਿੱਛੋਂ ੭:੩੦ ਵਜੇ ਸ਼ਾਮ ਦਾ ਪਰਸ਼ਾਦਾ ਅਤੇ ੧੦:੦੦ ਵਜੇ ਤੀਕ ਪੜ੍ਹਾਈ ਤੇ ਰਿਆਜ਼ ਦਾ ਟਾਈਮ ਟੇਬਲ ਬਣਾਇਆ ਹੋਇਆ ਹੈ।

**ਪੰਥ ਨੂੰ ਦੇਣ:-**

ਇਸ ਅਦਾਰੇ ਦੀ ਪੰਥ ਨੂੰ ਬਹੁਤ ਵੱਡੀ ਦੇਣ ਹੈ ਕਿਉਂਕਿ ਇਸ ਵਿਦਿਆਲੇ ਨੇ ਕੌਮ ਨੂੰ ਵੱਖ-ਵੱਖ ਸੈਸ਼ਨਾਂ ਦੌਰਾਨ ਨਾਮਵਰ, ਪ੍ਰਚਾਰਕ, ਕੀਰਤਨੀਏ ਸਿੰਘ, ਸਤਿਕਾਰਯੋਗ ਗ੍ਰੰਥੀ ਸਿੰਘ ਅਤੇ ਨਾਮਵਾਰ ਰਾਗੀ ਪੈਦਾ ਕਰ ਕੇ ਕੀਤੇ ਹਨ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ, ਦੇਸ਼ਾਂ-ਵਿਦੇਸ਼ਾਂ ਅਤੇ ਪੰਥ ਦੀਆਂ ਸਿਰਮੌਰ ਸੰਸਥਾਵਾਂ ਤੋਂ ਇਲਾਵਾ ਹੋਰਨਾਂ ਵੱਖ-ਵੱਖ ਅਦਾਰਿਆਂ ਵਿਚ ਸੇਵਾਵਾਂ ਨਿਭਾ ਰਹੇ ਹਨ। ■

**ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ...** ***ਪੰਨਾ ੪੬ ਦਾ ਬਾਕੀ***

ਭਾਈ ਰਣਜੀਤ ਸਿੰਘ, ਸ੍ਰੀ ਦਮਦਮਾ ਸਾਹਿਬ, ਭਾਈ ਹਰਬੰਸ ਸਿੰਘ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਭਾਈ ਸੁਖਦੇਵ ਸਿੰਘ, ਭਾਈ ਪਰਮਿੰਦਰ ਸਿੰਘ, ਭਾਈ ਓਂਕਾਰ ਸਿੰਘ, ਭਾਈ ਹਰਭਿੰਦਰ ਸਿਘ, ਭਾਈ ਗਗਨਪ੍ਰੀਤ ਸਿੰਘ, ਸਾਰਾਗੜ੍ਹੀ ਸਾਹਿਬ, ਭਾਈ ਗੁਰਪ੍ਰੀਤ ਸਿੰਘ, ਭਾਈ ਲਵਪ੍ਰੀਤ ਸਿੰਘ, ਭਾਈ ਸਤਨਾਮ ਸਿੰਘ।

ਇਸ ਤੋਂ ਇਲਾਵਾ ਭਾਈ ਸੰਦੀਪ ਸਿੰਘ ਧਾਰਮਿਕ ਅਧਿਆਪਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਹੋਰ ਵੀ ਬਹੁਤ ਸਾਰੇ ਵਿਦਿਆਰਥੀ ਇਸ ਸੰਸਥਾ ਤੋਂ ਸਿੱਖਿਆ ਲੈ ਕੇ ਦੇਸ਼-ਵਿਦੇਸ਼ ਵਿਚ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਹਨ।

ਇਸ ਸਾਲ ਗ੍ਰੰਥੀ ਕੋਰਸ ਸੈਸ਼ਨ ੨੦੨੪-੨੦੨੬ ਈ. ਦੇ ਦਾਖ਼ਲੇ ਸ਼ੁਰੂ ਹੋ ਰਹੇ ਹਨ। ਸੰਸਥਾ ਦੇ ਸਟਾਫ ਵੱਲੋਂ ਸਾਰੀ ਸਿੱਖ ਸੰਗਤ ਨੂੰ ਬੇਨਤੀ ਹੈ ਕਿ ਜੋ ਅੰਮ੍ਰਿਤਧਾਰੀ ਨੌਜਵਾਨ ਦਸਵੀਂ ਪਾਸ ਹਨ ਅਤੇ ਬਾਰ੍ਹਵੀਂ ਪ੍ਰਾਈਵੇਟ ਕਰ ਸਕਦੇ ਹੋਣ ਜਾਂ ਕਰ ਚੁੱਕੇ ਹੋਣ ਇਸ ਕੋਰਸ ਦੁਆਰਾ ਗੁਰਬਾਣੀ (ਲੜੀਵਾਰ) ਸੰਥਿਆ, ਸਿੱਖ ਧਰਮ ਦੀ ਜਾਣਕਾਰੀ ਅਤੇ ਗੁਰਮਤਿ ਸੰਗੀਤ ਦੀ ਜਾਣਕਾਰੀ (ਦੋ ਸਾਲਾ ਕੋਰਸ ਕਰ ਕੇ) ਪ੍ਰਾਪਤ ਕਰ ਸਕਦੇ ਹਨ। ■

# ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ ਭੂਰਾ ਕੋਹਨਾ

*-ਪ੍ਰਿੰ. ਰਾਜਪਾਲ ਸਿੰਘ ਵੇਰਕਾ**

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਮੰਨੀ ਜਾਂਦੀ ਹੈ। ਸੰਸਾਰ ਅੰਦਰ ਮਨੁੱਖੀ ਜੀਵਨ ਦੇ ਹਰੇਕ ਖੇਤਰ ਵਿਚ ਦਿਸਦਾ ਵਿਕਾਸ ਵਿੱਦਿਆ ਕਰਕੇ ਹੀ ਸੰਭਵ ਹੋ ਪਾਇਆ ਹੈ। ਦੁਨਿਆਵੀ ਵਿੱਦਿਆ ਜਿੱਥੇ ਸਮਾਜ ਵਿਚ ਉੱਚੇ ਅਹੁਦਿਆਂ ਦੀ ਪ੍ਰਾਪਤੀ ਵਿਚ ਸਹਾਇਕ ਹੁੰਦੀ ਹੈ, ਉੱਥੇ ਧਰਮ ਦੀ ਵਿੱਦਿਆ ਮਨੁੱਖ ਦੀ ਆਤਮਾ ਨੂੰ ਸਕੂਨ ਦੇਣ ਦੇ ਨਾਲ-ਨਾਲ ਸਮਾਜ ਪ੍ਰਤੀ ਬਣਦੇ ਮਨੁੱਖੀ ਫ਼ਰਜ਼ਾਂ ਬਾਰੇ ਵੀ ਹਮੇਸ਼ਾਂ ਸੁਚੇਤ ਕਰਦੀ ਰਹਿੰਦੀ ਹੈ। ਧਾਰਮਿਕ ਵਿੱਦਿਆ ਦਾ ਪ੍ਰਭਾਵ ਮਨੁੱਖੀ ਮਨ ਉੱਤੇ ਸਦਾ ਉਸਾਰੂ ਰਿਹਾ ਹੈ ਇਸੇ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਅੰਧੇ (ਅੰਨ੍ਹੇ) ਉਨ੍ਹਾਂ ਨੂੰ ਨਹੀਂ ਕਹਿੰਦੇ ਜਿਨ੍ਹਾਂ ਦੇ ਬਾਹਰੀ ਨੇਤਰਾਂ ਅੰਦਰ ਜੋਤ ਨਹੀਂ ਹੈ ਸਗੋਂ ਅੰਧੇ ਉਹ ਹਨ ਜਿਨ੍ਹਾਂ ਨੇ ਰੱਬ ਨੂੰ ਭੁਲਾਉਣ ਵਾਲੀ ਵਿੱਦਿਆ ਪੜ੍ਹ ਲਈ ਹੈ :

*ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥*
*ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੪)*

ਸੰਸਾਰ ਅੰਦਰ ਹਰੇਕ ਧਰਮ ਦੇ ਬਾਨੀ ਨੇ ਧਰਮ ਦੀ ਵਿੱਦਿਆ ਦੇਣ ਵਾਲੀਆਂ ਸੰਸਥਾਵਾਂ ਦੀ ਸਥਾਪਨਾ ਕਰਨ ਨੂੰ ਪਹਿਲ ਦਿੱਤੀ ਹੈ। ਧਰਮ ਦੀ ਸਥਾਪਤੀ ਹਿੱਤ ਧਾਰਮਿਕ ਵਿੱਦਿਅਕ ਸੰਸਥਾਵਾਂ ਸਮਾਜ ਅੰਦਰ ਮਹੱਤਵਪੂਰਨ ਰੋਲ ਨਿਭਾਇਆ ਕਰਦੀਆਂ ਹਨ। ਇਸ ਪ੍ਰਸੰਗ ਵਿਚ ਸਿੰਘ ਸਭਾ ਲਹਿਰ ਦੀਆਂ ਵਿੱਦਿਅਕ ਪੱਖੋਂ ਨਿਭਾਈਆਂ ਸੇਵਾਵਾਂ ਨੂੰ ਦੇਖਿਆ ਜਾ ਸਕਦਾ ਹੈ।

ਗੁਰਸਿੱਖ ਪਿਆਰਿਆਂ ਦੀ ਲੰਮੀ ਜੱਦੋ-ਜਹਿਦ ਤੋਂ ਬਾਅਦ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ। ਇਸ ਸੰਸਥਾ ਨੇ ਸ਼ੁਰੂ ਤੋਂ ਹੀ ਜਿੱਥੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਵਧੀਆ ਤਰੀਕੇ ਨਾਲ ਗੁਰਮਤਿ ਸਿਧਾਂਤਾਂ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਨਿਭਾਇਆ ਹੈ, ਉੱਥੇ ਸਿੱਖ ਬੱਚਿਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਧਾਰਮਿਕ ਵਿੱਦਿਆ ਦਾ ਵੀ ਪ੍ਰਬੰਧ ਕੀਤਾ ਹੈ। ਅੱਜ ਸਿੱਖ ਨੌਜਵਾਨਾਂ ਨੂੰ ਧਾਰਮਿਕ ਵਿੱਦਿਆ ਦੇ ਕੇ ਚੰਗੇ ਪ੍ਰਚਾਰਕ, ਗ੍ਰੰਥੀ ਤੇ ਰਾਗੀ ਪੈਦਾ ਕਰਨ ਲਈ ਅਨੇਕਾਂ ਮਿਸ਼ਨਰੀ ਕਾਲਜ ਤੇ ਗੁਰਮਤਿ ਵਿਦਿਆਲੇ ਚਲਾ ਰਹੀ ਹੈ।

ਅਜਿਹੇ ਅਦਾਰਿਆਂ ਵਿੱਚੋਂ ਹੀ ਇੱਕ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

**ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ, ਭੂਰਾ ਕੋਹਨਾ (ਤਰਨ ਤਾਰਨ)। ਮੋ. +੯੧੯੮੧੪੯੯੮੨੩੯*

ਵੱਲੋਂ ਸੰਤ ਕਰਤਾਰ ਸਿੰਘ ਜੀ ਖਾਲਸਾ ਦਮਦਮੀ ਟਕਸਾਲ ਦੇ ਤੇਰਵੇਂ ਮੁਖੀ ਦੇ ਨਾਮ 'ਤੇ ਉਨ੍ਹਾਂ ਦੇ ਹੀ ਨਗਰ ਪਿੰਡ ਭੂਰਾ ਕੋਹਨਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਵਿਖੇ 'ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ' ਚਲਾਇਆ ਜਾ ਰਿਹਾ ਹੈ।

ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਪੰਥ ਦੀ ਮਾਇਨਾਜ਼ ਹਸਤੀ ਹੋਏ ਹਨ ਜਿਨ੍ਹਾਂ ਨੇ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਵਜੋਂ ਸੇਵਾ ਨਿਭਾਉਂਦਿਆਂ ਪੰਥ ਦਾ ਇੰਨਾ ਪ੍ਰਚਾਰ ਕੀਤਾ ਕਿ ਉਹ ਖੁਦ ਇਕ ਸੰਸਥਾ ਹੋ ਨਿੱਬੜੇ। ਉਨ੍ਹਾਂ ਦਾ ਸਮੁੱਚਾ ਪਰਵਾਰ ਹੀ ਖਾਲਸਾ ਪੰਥ ਨੂੰ ਸਮਰਪਿਤ ਰਿਹਾ ਹੈ। ਉਨ੍ਹਾਂ ਦੇ ਵੱਡੇ ਸਪੁੱਤਰ ਅਮਰ-ਸ਼ਹੀਦ ਭਾਈ ਅਮਰੀਕ ਸਿੰਘ ਜੀ ਹੋਏ ਹਨ ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਤੇ ਪਵਿੱਤਰਤਾ ਲਈ ਜੂਨ ੧੯੮੪ ਈ. ਵਿਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨਾਲ ਸ਼ਹਾਦਤ ਦਾ ਜਾਮ ਪੀਤਾ।

ਸੰਤਾਂ ਦਾ ਸੁਪਨਾ ਸੀ ਕਿ ਪਿੰਡ ਭੂਰੇ ਕੋਹਨੇ ਵਿਚ ਇਕ ਅਜਿਹੀ ਧਾਰਮਿਕ ਸੰਸਥਾ ਬਣਨੀ ਚਾਹੀਦੀ ਹੈ ਜਿਹੜੀ ਪੰਥ ਲਈ ਪ੍ਰਚਾਰਕ ਤੇ ਰਾਗੀ ਪੈਦਾ ਕਰੇ।

ਉਨ੍ਹਾਂ ਦੇ ਸੁਪਨੇ ਨੂੰ ਭਾਈ ਮਨਜੀਤ ਸਿੰਘ ਜੀ ਦੇ ਉੱਦਮ ਸਦਕਾ ਅਤੇ ਸ. ਸੁਖਦੇਵ ਸਿੰਘ ਜੀ ਭੂਰਾ ਕੋਹਨਾ, ਐਡੀਸ਼ਨਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਹਰਭਜਨ ਸਿੰਘ ਜੀ ਮਨਾਵਾਂ, ਸਾਬਕਾ ਐਡੀਸ਼ਨਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਮਾਣਯੋਗ ਸਵਰਗਵਾਸੀ ਜਥੇਦਾਰ ਅਵਤਾਰ ਸਿੰਘ ਜੀ ਨੇ ੨੧ ਅਕਤੂਬਰ, ੨੦੧੦ ਈ. ਨੂੰ ਪਿੰਡ ਭੂਰਾ ਕੋਹਨਾ ਵਿਖੇ ਇਸ ਗੁਰਮਤਿ ਕਾਲਜ ਦੀ ਅਰੰਭਤਾ ਕਰ ਕੇ ਪੂਰਾ ਕੀਤਾ।

ਇਹ ਕਾਲਜ ੨੦੧੦ ਈ. ਤੋਂ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦੀ ਯੋਗ ਅਗਵਾਈ ਤੇ ਪ੍ਰਬੰਧਾਂ ਅਧੀਨ ਚੱਲ ਰਿਹਾ ਹੈ। ਇਸ ਕਾਲਜ ਦੇ ਚਾਰ ਸੈਸ਼ਨ ਸੰਪੂਰਨ ਹੋ ਚੁੱਕੇ ਹਨ। ਜਿਹੜੇ ਵਿਦਿਆਰਥੀ ਇਸ ਕਾਲਜ ਵਿੱਚੋਂ ਗੁਰਮਤਿ, ਗੁਰਮਤਿ ਸੰਗੀਤ ਤੇ ਤਬਲਾ ਦੀ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਉਨ੍ਹਾਂ ਵਿੱਚੋਂ ਕੁਝ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਅਧੀਨ ਪੰਜਾਬ, ਹਿਮਾਚਲ ਤੇ ਯੂ. ਪੀ. ਵਿਚ ਬਤੌਰ ਪ੍ਰਚਾਰਕ ਵਜੋਂ ਗੁਰਮਤਿ ਦੇ ਪ੍ਰਚਾਰ ਹਿੱਤ ਸੇਵਾ ਨਿਭਾ ਰਹੇ ਹਨ।

ਕੁਝ ਰਾਗੀ ਜਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਪੰਥ ਦੀਆਂ ਮਹਾਨ ਸਟੇਜਾਂ ਉੱਪਰ ਸੇਵਾ ਨਿਭਾ ਰਹੇ ਹਨ। ਇਸ ਤੋਂ ਇਲਾਵਾ ਜਲੰਧਰ ਤੇ ਚੰਡੀਗੜ੍ਹ ਵਰਗੇ ਵੱਡੇ ਸ਼ਹਿਰਾਂ ਵਿਚ ਵੀ ਬਤੌਰ ਕਥਾਵਾਚਕ/ਗ੍ਰੰਥੀ ਸਿੰਘ ਵਜੋਂ ਸੇਵਾਵਾਂ ਦੇ ਰਹੇ ਹਨ।

ਇਸ ਸਮੇਂ ੨੦੨੨-੨੦੨੫ ਈ. ਦਾ ਸੈਸ਼ਨ ਚੱਲ ਰਿਹਾ ਹੈ। ਜਿਸ ਵਿਚ ਪ੍ਰਚਾਰਕ, ਸੰਗੀਤ ਤੇ ਤਬਲੇ ਕਲਾਸਾਂ ਵਿਚ ੫੦ ਦੇ ਕਰੀਬ ਵਿਦਿਆਰਥੀ ਗੁਰਮਤਿ ਦੀ

ਵਿੱਦਿਆ ਪ੍ਰਾਪਤ ਕਰ ਰਹੇ ਹਨ। ਕਾਲਜ ਅੰਦਰ ਵਿਦਿਆਰਥੀਆਂ ਦੀ ਵਿੱਦਿਆ ਰਿਹਾਇਸ਼, ਬਿਜਲੀ, ਪਾਣੀ ਤੇ ਲੰਗਰ ਆਦਿ ਦੀ ਸੇਵਾ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਮੁਫ਼ਤ ਵਿਚ ਕੀਤੀ ਜਾਂਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਜਿਹੇ ਮਿਸ਼ਨਰੀ ਕਾਲਜਾਂ ਵਿੱਚੋਂ ਮੇਰੇ (ਲੇਖਕ) ਵਰਗੇ ਅਨੇਕਾਂ ਵਿਦਿਆਰਥੀ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰ ਕੇ ਜਿੱਥੇ ਆਪਣੀ ਉਪਜੀਵਿਕਾ ਚਲਾ ਰਹੇ ਹਨ, ਉੱਥੇ ਪੰਥ ਦੇ ਪ੍ਰਚਾਰ-ਪ੍ਰਸਾਰ ਵਿਚ ਵੀ ਯੋਗਦਾਨ ਦੇ ਰਹੇ ਹਨ। ਧੰਨ ਸ੍ਰੀ ਗੁਰੂ ਰਾਮਦਾਸ ਜੀ! 'ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ' ਅਤੇ ਇਸ ਨੂੰ ਚਲਾਉਣ ਵਾਲੀ 'ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ' ਨੂੰ ਸਦੀਵੀ ਕਾਲ ਚੜ੍ਹਦੀ ਕਲਾ ਬਖ਼ਸ਼ਣ। ■

---

# ਜੁਲਾਈ ਅਤੇ ਅਗਸਤ ੨੦੨੪ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | ੨੫ ਹਾੜ ੦੯ ਜੁਲਾਈ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੦੧ ਸਾਵਣ ੧੬ ਜੁਲਾਈ |
| ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ | ੦੧ ਸਾਵਣ ੧੬ ਜੁਲਾਈ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੧੪ ਸਾਵਣ ੨੯ ਜੁਲਾਈ |
| ਸ਼ਹੀਦੀ ਸ. ਊਧਮ ਸਿੰਘ | ੧੬ ਸਾਵਣ ੩੧ ਜੁਲਾਈ |
| ਮੋਰਚਾ ਗੁਰੂ ਕਾ ਬਾਗ਼ (ਸ੍ਰੀ ਅੰਮ੍ਰਿਤਸਰ) | ੨੪ ਸਾਵਣ ੦੮ ਅਗਸਤ |
| ਭਾਰਤ ਦਾ ਅਜ਼ਾਦੀ ਦਿਵਸ | ੩੧ ਸਾਵਣ ੧੫ ਅਗਸਤ |
| ਜੋੜ-ਮੇਲਾ ਬਾਬਾ ਬਕਾਲਾ | ੦੪ ਭਾਦੋਂ ੧੯ ਅਗਸਤ |
| ਸ਼ਹੀਦੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ | ੦੫ ਭਾਦੋਂ ੨੦ ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੪ ਭਾਦੋਂ ੨੯ ਅਗਸਤ |
| **ਮੱਸਿਆ** | ੨੨ ਹਾੜ ੦੫ ਜੁਲਾਈ |
| **ਸੰਗਰਾਂਦ** | ੦੧ ਸਾਵਣ ੧੬ ਜੁਲਾਈ |
| **ਪੂਰਨਮਾਸੀ** | ੦੬ ਸਾਵਣ ੨੧ ਜੁਲਾਈ |
| **ਮੱਸਿਆ** | ੨੦ ਸਾਵਣ ੦੪ ਅਗਸਤ |
| **ਸੰਗਰਾਂਦ** | ੦੧ ਭਾਦੋਂ ੧੬ ਅਗਸਤ |
| **ਪੂਰਨਮਾਸੀ** | ੦੪ ਭਾਦੋਂ ੧੯ ਅਗਸਤ |

■

# ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਫਿਰੋਜ਼ਪੁਰ

*-ਸ. ਸਾਰਜ ਸਿੰਘ**

ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖੀ ਦੇ ਪ੍ਰਚਾਰ-ਪਾਸਾਰ ਲਈ ਹਮੇਸ਼ਾ ਵਚਨਬੱਧ ਰਹੀ ਹੈ। ਅਧਿਆਤਮਿਕ ਗਿਆਨ ਦਾ ਸੋਮਾ ਗੁਰਦੁਆਰਾ ਪ੍ਰਬੰਧ ਸੰਭਾਲ ਅਤੇ ਦੁਨਿਆਵੀ ਵਿੱਦਿਆ ਦੇ ਖੇਤਰ ਵਿਚ ਇਸ ਸੰਸਥਾ ਦੇ ਕਾਰਜ ਉਲੇਖਯੋਗ ਤੇ ਨਿਰੰਤਰ ਜਾਰੀ ਹਨ। ਇਸ ਸੰਸਥਾ ਵੱਲੋਂ ਧਾਰਮਿਕ ਵਿੱਦਿਆ ਦੇ ਖੇਤਰ ਵਿਚ ਪਾਇਆ ਯੋਗਦਾਨ ਵੀ ਮਹੱਤਵਪੂਰਨ ਹੈ। ੧੯੨੭ ਈ. ਵਿਚ ਧਾਰਮਿਕ ਵਿੱਦਿਆ ਲਈ ਸ਼ੁਰੂ ਕੀਤੇ ਗਏ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲੈ ਕੇ ਹੁਣ ਤਕ ੧੭ ਮਿਸ਼ਨਰੀ ਕਾਲਜ ਅਤੇ ਵਿਦਿਆਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਹਨ। ਇਨ੍ਹਾਂ ਵਿਦਿਆਲਿਆਂ ਅਤੇ ਮਿਸ਼ਨਰੀ ਕਾਲਜਾਂ ਵਿੱਚੋਂ ਹੁਣ ਤਕ ਸੈਂਕੜੇ ਵਿਦਿਆਰਥੀ ਵਿੱਦਿਆ ਹਾਸਲ ਕਰ ਕੇ ਬਤੌਰ ਰਾਗੀ, ਰਬਾਬੀ, ਕਥਾ-ਵਾਚਕ, ਗਿਆਨੀ, ਗ੍ਰੰਥੀ, ਪ੍ਰਚਾਰਕ ਸਾਹਿਬਾਨ ਆਦਿ ਦੇਸ਼ਾਂ-ਵਿਦੇਸ਼ਾਂ ਵਿਚ ਸੇਵਾਵਾਂ ਨਿਭਾ ਚੁੱਕੇ ਹਨ ਤੇ ਨਿਭਾ ਰਹੇ ਹਨ।

ਗ੍ਰੰਥੀ ਸਿੰਘਾਂ ਦੀ ਵਿਧੀਵੱਤ ਤਾਲੀਮ ਲਈ ਸੰਨ ੨੦੧੧ ਵਿਚ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਦੇ ਨਾਮ 'ਤੇ 'ਭਾਈ ਗੁਰਦਾਸ ਗੁਰਮਤਿ ਵਿਦਿਆਲਾ', ਗੁਰਦੁਆਰਾ ਜੁਬਲੀ ਧਰਮਸ਼ਾਲਾ, ਅੰਮ੍ਰਿਤਸਰੀ ਗੇਟ, ਫਿਰੋਜ਼ਪੁਰ ਸ਼ਹਿਰ ਵਿਖੇ ਖੋਲ੍ਹਿਆ ਗਿਆ। ਇਸ ਵਿਦਿਆਲੇ ਦੀ ਉਸਾਰੀ ਦਾ ਨੀਂਹ ਪੱਥਰ ਨਾਨਕਸ਼ਾਹੀ ਸੰਮਤ ੫੪੦, ੨੦ ਫੱਗਣ ਦਿਨ ਮੰਗਲਵਾਰ ਮਿਤੀ ੦੩ ਮਾਰਚ, ੨੦੦੯ ਈ. ਨੂੰ ਜਥੇਦਾਰ ਅਵਤਾਰ ਸਿੰਘ ਜੀ (ਤਤਕਾਲੀ ਪ੍ਰਧਾਨ) ਵੱਲੋਂ ਰੱਖਿਆ ਗਿਆ। ਇਸ ਉਪਰੰਤ ਵਿਦਿਆਲੇ ਦੀ ਇਮਾਰਤ ਦਾ ਉਦਘਾਟਨ ਜਥੇਦਾਰ ਅਵਤਾਰ ਸਿੰਘ ਜੀ ਵੱਲੋਂ ੨੯ ਹਾੜ ਨਾਨਕਸ਼ਾਹੀ ਸੰਮਤ ੫੪੩ ਮਿਤੀ ੧੩ ਜੁਲਾਈ, ੨੦੧੧ ਈ. ਨੂੰ ਇਲਾਕੇ ਦੇ ਮੈਂਬਰ ਸਾਹਿਬਾਨ ਅਤੇ ਸੰਗਤ ਦੀ ਹਾਜ਼ਰੀ ਵਿਚ ਹੋਇਆ। ਗੁਰਦੁਆਰਾ ਸਾਹਿਬ, ਹੋਸਟਲ, ਕਲਾਸਾਂ ਅਤੇ ਲਾਇਬ੍ਰੇਰੀ ਆਦਿ ਲਈ ਵਿਦਿਆਲੇ ਦੀ ਖੁੱਲੀ, ਹਵਾਦਾਰ ਦੋ-ਮੰਜ਼ਲਾ ਸ਼ਾਨਦਾਰ ਇਮਾਰਤ ਫਿਰੋਜ਼ਪੁਰ ਸ਼ਹਿਰ ਦੇ ਅੰਮ੍ਰਿਤਸਰੀ ਗੇਟ ਦੇ ਅੰਦਰਵਾਰ ਸਥਿਤ ਹੈ।

ਸਾਲ ੨੦੧੧ ਵਿਚ ਹੀ ਫਿਰੋਜ਼ਪੁਰ ਦੇ ਆਸ-ਪਾਸ ਦੇ ਇਲਾਕਿਆਂ ਵਿਚ ਗੁਰਮਤਿ ਦੇ ਪ੍ਰਚਾਰ ਅਤੇ ਖਾਸਕਰ ਪਿੰਡਾਂ ਦੇ ਗ੍ਰੰਥੀ ਸਿੰਘਾਂ ਨੂੰ ਸ਼ੁੱਧ ਗੁਰਬਾਣੀ ਉਚਾਰਣ ਅਤੇ

** ਇੰਚਾਰਜ, ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਗੁਰਦੁਆਰਾ ਜੁਬਲੀ ਧਰਮਸ਼ਾਲਾ, (ਅੰਮ੍ਰਿਤਸਰੀ ਗੇਟ) ਫਿਰੋਜ਼ਪੁਰ ਸ਼ਹਿਰ- ੧੫੨੦੦੧; ਮੋ: ੯੪੬੪੩-੦੭੬੨੦*

ਸਿੱਖ ਰਹਿਤ ਮਰਯਾਦਾ ਦ੍ਰਿੜ੍ਹ ਕਰਵਾਉਣ ਲਈ ੬ ਮਹੀਨੇ ਦਾ ਕੋਰਸ ਸ਼ੁਰੂ ਕੀਤਾ ਗਿਆ। ਇਲਾਕੇ ਦੀ ਸੰਗਤ ਦੀ ਮੰਗ 'ਤੇ ਸਾਲ ੨੦੧੨ ਵਿਚ ੬ ਮਹੀਨੇ ਦੇ ਕੋਰਸ ਨੂੰ ਮੁਕੰਮਲ ੨ ਸਾਲ ਦੇ ਗ੍ਰੰਥੀ ਕੋਰਸ ਵਜੋਂ ਸ਼ੁਰੂ ਕਰ ਦਿੱਤਾ ਗਿਆ। ਦੁਨਿਆਵੀ ਅਤੇ ਗੁਰਮਤਿ ਵਿੱਦਿਆ ਦੇ ਸੁਮੇਲ ਲਈ ਵਿਦਿਆਲੇ ਵਿਚ ਦਾਖ਼ਲਾ ਪ੍ਰਾਪਤ ਕਰਨ ਲਈ ਵਿੱਦਿਅਕ ਯੋਗਤਾ ਘੱਟੋ-ਘੱਟ ਬਾਰ੍ਹਵੀਂ ਪਾਸ, ਉਮਰ ਹੱਦ ੧੮ ਸਾਲ ਤੋਂ ੨੧ ਸਾਲ ਤਕ ਅਤੇ ਸੀਟਾਂ ਦੀ ਗਿਣਤੀ ੨੦ ਨਿਸਚਿਤ ਕੀਤੀ ਗਈ। ੨ ਸਾਲ ਦੇ ਗ੍ਰੰਥੀ ਕੋਰਸ ਦਾ ਸਿਲੇਬਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ, ਸਿੱਖ ਇਤਿਹਾਸ, ਸਿੱਖ ਗ੍ਰੰਥ ਤੇ ਗ੍ਰੰਥਾਕਾਰ, ਗੁਰਬਾਣੀ, ਸਿੱਖ ਰਹਿਤ ਮਰਯਾਦਾ, ਸਿੱਖ ਦਰਸ਼ਨ ਅਤੇ ਸੰਗੀਤ ਦੇ ਵਿਸ਼ਿਆਂ ਸਹਿਤ ਨਿਯਤ ਕੀਤਾ ਗਿਆ।

ਸਾਲ ੨੦੧੨ ਤੋਂ ੨੦੧੪ ਦੇ ਪਹਿਲੇ ਬੈਚ ਤੋਂ ਲੈ ਕੇ ਸਾਲ ੨੦੨੨ ਤਕ ਵਿਦਿਆਰਥੀਆਂ ਦੇ ੦੫ ਬੈਚ ੨-ਸਾਲਾ ਗ੍ਰੰਥੀ ਕੋਰਸ ਪਾਸ ਕਰ ਚੁੱਕੇ ਹਨ ਅਤੇ ਸਾਲ ੨੦੨੨ ਤੋਂ ੨੦੨੪ ਦਾ ਛੇਵਾਂ ਬੈਚ ਸਫਲਤਾ-ਪੂਰਵਕ ਚੱਲ ਰਿਹਾ ਹੈ। ਵਿਦਿਆਰਥੀਆਂ ਦੀ ਗੁਰਮਤਿ ਅਨੁਸਾਰੀ ਘਾੜਤ ਘੜਨ ਲਈ ਅਤੇ ਗ੍ਰੰਥੀ ਸਿੰਘ ਦੀ ਵਿਵਹਾਰਿਕ ਕਾਰਜ-ਸ਼ੈਲੀ ਦੇ ਅਭਿਆਸ ਲਈ ਵਿਦਿਆਲੇ ਦੀ ਸਮਾਂ-ਸਾਰਣੀ ਵੀ ਉਸੇ ਢੰਗ ਨਾਲ ਹੀ ਨਿਯਤ ਕੀਤੀ ਗਈ ਹੈ। ਵਿਦਿਆਰਥੀ ਸਵੇਰੇ ੪:੦੦ ਵਜੇ ਉੱਠ ਕੇ ਇਸ਼ਨਾਨ ਆਦਿ ਕਰ ਕੇ ੫:੦੦ ਵਜੇ ਤਕ ਵਿਦਿਆਲੇ ਦੇ ਅੰਦਰ ਹੀ ਸਥਿਤ ਗੁਰਦੁਆਰਾ ਸਾਹਿਬ ਵਿਖੇ ਪਹੁੰਚਦੇ ਹਨ। ਨਾਮ ਜਪਦਿਆਂ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ, ਸਮਾਪਤੀ ਅਰਦਾਸ ਅਤੇ ਹੁਕਮਨਾਮਾ ਸਾਹਿਬ ਦੀ ਸਮੁੱਚੀ ਸੇਵਾ/ਮਰਯਾਦਾ ਵਿਦਿਆਰਥੀਆਂ ਵੱਲੋਂ ਨਿਭਾਈ ਜਾਂਦੀ ਹੈ। ਏਸੇ ਤਰ੍ਹਾਂ ਹੀ ਸੰਧਿਆ ਸਮੇਂ ਦੇ ਨਿੱਤਨੇਮ ਦੀ ਮਰਯਾਦਾ ਵਿਦਿਆਰਥੀਆਂ ਵੱਲੋਂ ਨਿਭਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਸਵੇਰੇ-ਸ਼ਾਮ ਦੇ ਨਿੱਤਨੇਮ ਵਿਚ ਸਾਰੇ ਵਿਦਿਆਰਥੀਆਂ ਦੀ ਸਿਖਲਾਈ ਨੂੰ ਮੁੱਖ ਰੱਖਦਿਆਂ ਅਧਿਆਪਕ ਸਾਹਿਬਾਨ ਵੀ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਰਹਿੰਦੇ ਹਨ।

ਸਵੇਰੇ ੯:੦੦ ਵਜੇ ਤੋਂ ਦੁਪਹਿਰ ੨:੦੦ ਵਜੇ ਤਕ ਗੁਰਬਾਣੀ, ਸਿੱਖ ਇਤਿਹਾਸ, ਸਿੱਖ ਗ੍ਰੰਥ ਤੇ ਗ੍ਰੰਥਕਾਰ, ਸਿੱਖ ਰਹਿਤ ਮਰਯਾਦਾ ਤੇ ਸਿੱਖ ਦਰਸ਼ਨ ਅਤੇ ਸੰਗੀਤ ਦੇ ਵਿਸ਼ਿਆਂ ਦੀਆਂ ਕਲਾਸਾਂ ਲੱਗਦੀਆਂ ਹਨ। ਇਸ ਦੌਰਾਨ ਗੁਰਬਾਣੀ ਦੀ ਸੰਥਿਆ ਲੜੀਵਾਰ ਸੈਂਚੀਆਂ ਤੋਂ ਕਰਵਾਈ ਜਾਂਦੀ ਹੈ। ਐਤਵਾਰ ਕਲਾਸਾਂ ਤੋਂ ਛੁੱਟੀ ਹੁੰਦੀ ਹੈ।

ਸਵੇਰ, ਦੁਪਹਿਰ ਅਤੇ ਰਾਤ ਦਾ ਪਰਸ਼ਾਦਾ ਲਾਂਗਰੀ ਸਿੰਘਾਂ ਵੱਲੋਂ ਹੋਸਟਲ ਮੈੱਸ ਵਿਚ ਪੂਰੀ ਸਫਾਈ ਨਾਲ ਤਿਆਰ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੀ ਰਿਹਾਇਸ਼ ਲਈ ਹੋਸਟਲ, ਪੜ੍ਹਾਈ, ਬਿਜਲੀ-ਪਾਣੀ ਦਾ ਸਾਰਾ ਪ੍ਰਬੰਧ ਧਰਮ-ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਫ਼ਤ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਲੰਗਰ ਲਈ ੧੫੦੦ ਰੁਪਏ ਮਹੀਨਾ ਵਜੀਫਾ ਵੀ ਦਿੱਤਾ ਜਾਂਦਾ ਹੈ।

ਵਿਦਿਆਲੇ ਤੋਂ ਹੁਣ ਤਕ ਵਿੱਦਿਆ ਪ੍ਰਾਪਤ ਕਰ ਚੁੱਕੇ ਵਿਦਿਆਰਥੀ ਦੇਸ਼ਾਂ-ਵਿਦੇਸ਼ਾਂ ਦੇ ਗੁਰਦੁਆਰਾ ਸਾਹਿਬਾਨ ਵਿਖੇ ਗ੍ਰੰਥੀ, ਰਾਗੀ, ਤਬਲਾ-ਵਾਦਕ, ਪਾਠੀ ਅਤੇ ਕਥਾ-ਵਾਚਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਇਨ੍ਹਾਂ ਵਿੱਚੋਂ ਭਾਈ ਵਰਿੰਦਰ ਸਿੰਘ ਫਿਰੋਜ਼ਪੁਰ ਕਥਾ-ਵਾਚਕ, ਭਾਈ ਸੰਦੀਪ ਸਿੰਘ ਭਾਵੜਾ, ਭਾਈ ਗੁਰਪ੍ਰੀਤ ਸਿੰਘ ਭਾਵੜਾ ਕਥਾ-ਵਾਚਕ, ਭਾਈ ਅਮਰਜੀਤ ਸਿੰਘ ਇੰਗਲੈਂਡ, ਭਾਈ ਚਮਕੌਰ ਸਿੰਘ, ਕਵੀਸ਼ਰ ਭਾਈ ਗੁਰਪ੍ਰੀਤ ਸਿੰਘ ਗੁਲਾਮੀਵਾਲਾ, ਭਾਈ ਗੁਰਪ੍ਰੀਤ ਸਿੰਘ ਬਾਡਾ ਗ੍ਰੰਥੀ, ਭਾਈ ਹਰਦੀਪ ਸਿੰਘ, ਗ੍ਰੰਥੀ, ਗੁਰਦੁਆਰਾ ਬਾਬਾ ਜੱਸਾ ਸਿੰਘ ਦੇ ਚੁੱਲੇ, ਕੋਟ ਕਪੂਰਾ, ਰਾਗੀ ਭਾਈ ਰੂਪ ਸਿੰਘ ਮਹਾਲਮ, ਰਾਗੀ ਭਾਈ ਨਿਰਵੈਰ ਸਿੰਘ ਖਲਚੀਆਂ, ਭਾਈ ਦਇਆ ਸਿੰਘ ਲੁਧਿਆਣਾ, ਭਾਈ ਧਰਮਿੰਦਰ ਸਿੰਘ ਗ੍ਰੰਥੀ, ਸ੍ਰੀ ਦਮਦਮਾ ਸਾਹਿਬ, ਭਾਈ ਗੁਰਪ੍ਰੀਤ ਸਿੰਘ ਫਾਜ਼ਿਲਕਾ, ਭਾਈ ਬਚਿੱਤਰ ਸਿੰਘ, ਭਾਈ ਸੁਰਜੀਤ ਸਿੰਘ ਫਿਰੋਜ਼ਪੁਰ, ਭਾਈ ਮਹਿਲ ਸਿੰਘ ਦੁਲਚੀਕੇ, ਭਾਈ ਚੰਦਨ ਸਿੰਘ, ਭਾਈ ਰਛਪਾਲ ਸਿੰਘ ਚਿਰਾਗ ਢਾਣੀ , ਭਾਈ ਗੁਰਪ੍ਰੀਤ ਸਿੰਘ ਤਬਲਾ-ਵਾਦਕ ਅਤੇ ਰਾਗੀ ਭਾਈ ਜਤਿੰਦਰ ਸਿੰਘ ਆਦਿ ਨਾਮ ਵਰਣਨਯੋਗ ਹਨ, ਜੋ ਇਸ ਵਿਦਿਆਲੇ ਦੀਆਂ ਪੰਥਕ ਸੇਵਾਵਾਂ ਦੇ ਖੇਤਰ ਦਾ ਨਾਮਣਾ ਹਨ।

ਮੌਜੂਦਾ ਸਮੇਂ ਵਿਦਿਆਲੇ ਦੀਆਂ ਸੀਟਾਂ ਦੀ ਗਿਣਤੀ ੨੦ ਤੋਂ ਵਧਾ ਕੇ ੫੦ ਕਰ ਦਿੱਤੀ ਗਈ ਹੈ। ਦਾਖ਼ਲਾ ਲੈਣ ਲਈ ਵਿਦਿਆਰਥੀ ਘੱਟੋ-ਘੱਟ ਦਸਵੀਂ ਪਾਸ ਹੋਵੇ, ਅੰਮ੍ਰਿਤਧਾਰੀ ਹੋਵੇ, ਉਮਰ ੧੯ ਤੋਂ ੨੩ ਸਾਲ ਤਕ ਹੋਵੇ। ਸ਼ਰਤਾਂ ਪੂਰੀਆਂ ਕਰਨ ਉਪਰੰਤ ਵਿਦਿਆਰਥੀ ਦਾ ਦਾਖ਼ਲਾ ਇੰਟਰਵਿਊ/ਟੈਸਟ ਦੇ ਆਧਾਰ ’ਤੇ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦਾ ਹੋਸਟਲ ਵਿਚ ਰਹਿਣਾ ਜ਼ਰੂਰੀ ਹੈ। ਗੁਰਪੁਰਬ ਜਾਂ ਹੋਰ ਦਿਨ-ਦਿਹਾੜਿਆਂ ਦੀਆਂ ਪ੍ਰਵਾਨਿਤ ਛੁੱਟੀਆਂ ਮਹੀਨੇ ਦੇ ਆਖਰੀ ਦਿਨਾਂ ਵਿਚ ਕੀਤੀਆਂ ਜਾਂਦੀਆਂ ਹਨ ਤਾਂ ਕਿ ਵਿਦਿਆਰਥੀ ਇੱਕੋ ਸਮੇਂ ਘਰ ਆਦਿ ਮਿਲ ਕੇ ਆ ਸਕਣ। ਵਿਦਿਆਲੇ ਵਿਖੇ ਚੱਲ ਰਹੇ ਦੋ-ਸਾਲਾ ਗ੍ਰੰਥੀ ਕੋਰਸ ਦੌਰਾਨ ਵਿਦਿਆਰਥੀ ਸ਼ੁੱਧ ਗੁਰਬਾਣੀ ਉਚਾਰਨ, ਕਥਾ ਲੈਕਚਰ, ਤਬਲੇ ਦੀ ਸਿੱਖਿਆ, ਕੀਰਤਨ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਵਿਦਿਆਲੇ ਦਾ ਸਮੁੱਚਾ ਸਟਾਫ ਗੁਰਮਤਿ ਵਿੱਦਿਆ ਦੀ ਸਿਖਲਾਈ ਲਈ ਲਗਨ ਨਾਲ ਸੇਵਾਵਾਂ ਨਿਭਾਅ ਰਿਹਾ ਹੈ। ਸਰਦਾਰ ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ, ਧਰਮ ਪ੍ਰਚਾਰ ਕਮੇਟੀ ਇਨ੍ਹਾਂ ਵਿਦਿਆਲਿਆਂ ਦੀ ਵਧੀਆ ਕਾਰਗੁਜ਼ਾਰੀ ਲਈ ਵਿਸ਼ੇਸ਼ ਦਿਲਚਸਪੀ ਲੈ ਰਹੇ ਹਨ। ਦੋ ਸਾਲਾ ਗ੍ਰੰਥੀ ਕੋਰਸ ਦੇ ਨਵੇਂ ਦਾਖ਼ਲੇ (੨੦੨੪-੨੦੨੬) ਮਈ/ ਜੂਨ ੨੦੨੪ ਤੋਂ ਸ਼ੁਰੂ ਹੋ ਚੁੱਕੇ ਹਨ।

ਗੁਰਮਤਿ ਪੱਖੋਂ ਪੱਛੜੇ ਫਿਰੋਜ਼ਪੁਰ, ਜਲਾਲਾਬਾਦ, ਫਾਜ਼ਿਲਕਾ ਅਤੇ ਅਬੋਹਰ ਆਦਿ ਦੇ ਇਲਾਕਿਆਂ ਦੇ ਜਗਿਆਸੂਆਂ ਤੇ ਸਿਖਿਆਰਥੀਆਂ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਇਸ ਵਿਦਿਆਲੇ ਦੀ ਸਥਾਪਨਾ ਇੱਕ ਸ਼ਲਾਘਾਯੋਗ ਅਤੇ ਮਹੱਤਵਪੂਰਨ ਉਪਰਾਲਾ ਹੈ। ■

# ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟਡੀਜ਼ ਇਨ ਸਿਖਇਜ਼ਮ, ਬਹਾਦਰਗੜ੍ਹ (ਪਟਿਆਲਾ)

*-ਡਾ. ਸਤਿੰਦਰ ਸਿੰਘ**

**ਭੂਮਿਕਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਹੋਂਦ ਤੋਂ ਹੁਣ ਤਕ ਇਤਿਹਾਸਿਕ ਵਿੱਦਿਅਕ ਅਤੇ ਖੋਜ ਅਦਾਰੇ ਸਥਾਪਿਤ ਕੀਤੇ ਹਨ। ਇਨ੍ਹਾਂ ਅਦਾਰਿਆਂ ਕਰਕੇ ਕੁੱਲ ਜਹਾਨ ਵਿਚ ਸਿਰਮੌਰ ਪੰਥਕ ਸੰਸਥਾ ਦਾ ਸਿਰ ਉੱਚਾ ਹੁੰਦਾ ਹੈ। ਇਨ੍ਹਾਂ ਅਦਾਰਿਆਂ ਚੋਂ 'ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟਡੀਜ਼ ਇਨ ਸਿਖਇਜ਼ਮ,' ਬਹਾਦਰਗੜ੍ਹ (ਪਟਿਆਲਾ) ਦਾ ਨਿਵੇਕਲਾ ਸਥਾਨ ਹੈ। ਇਸ ਲੇਖ ਵਿਚ ਇੰਸਟੀਚਿਊਟ ਦੇ ਇਤਿਹਾਸ, ਕਾਰਜ ਅਤੇ ਮੰਤਵ ਉੱਪਰ ਪੰਛੀ ਝਾਤ ਪਾਈ ਜਾ ਰਹੀ ਹੈ।

**੧. ਬਹਾਦਰਗੜ੍ਹ ਦਾ ਇਤਿਹਾਸਿਕ ਪਿਛੋਕੜ:** ਇਹ ਧਰਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿਤਰ ਚਰਨਾਂ ਦੀ ਛੋਹ ਨਾਲ ਸੋਭਾ ਪਾ ਰਹੀ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਰਮ ਸੇਵਕ 'ਨਵਾਬ ਸੈਫ਼ ਖ਼ਾਨ' ਨਿਵਾਸ ਕਰਦੇ ਸਨ। ਉਨ੍ਹਾਂ ਦੇ ਵੱਡੇ ਭਰਾ ਫ਼ਿਦਾਈ ਖ਼ਾਨ ਅਤੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਇੱਕੋ ਦਾਈ ਨੇ ਪਾਲਿਆ ਸੀ। ਮੁਗ਼ਲ ਸਲਤਨਤ ਵੇਲੇ ਉਹ ਬਿਹਾਰ, ਆਗਰਾ, ਅਲਾਹਾਬਾਦ ਤੇ ਕਸ਼ਮੀਰ ਦੇ ਗਵਰਨਰ ਵੀ ਰਹੇ ਸਨ। ਦੁਨੀਆਦਾਰੀ ਦੇ ਕਾਰਜਾਂ ਵਿਚ ਜੀਵਨ ਦਾ ਬਹੁਤਾਤ ਸਮਾਂ ਖਚਿਤ ਹੁੰਦਾ ਦੇਖ, ਬੰਦਗੀ ਵੱਲ ਮਨ ਰੁਚਿਤ ਹੋਇਆ। ਔਰੰਗਜ਼ੇਬ ਨੇ ਉਨ੍ਹਾਂ ਦੀ ਇੱਛਾ ਅਨੁਸਾਰ ਮੌਜੂਦਾ ਬਹਾਦਰਗੜ੍ਹ ਇਲਾਕੇ ਦੇ ੧੨ ਪਿੰਡਾਂ ਦੀ ਖੁਸ਼ਕ ਜ਼ਮੀਨ ਉਨ੍ਹਾਂ ਦੇ ਨਾਮ ਕਰ ਦਿੱਤੀ।[੧] ਇੱਥੇ ਸੈਫ਼ ਖ਼ਾਨ ਨੇ ਬੰਦਗੀ ਵਾਸਤੇ ੧੬੬੮ ਈ. ਵਿਚ ਸੈਫ਼ਾਬਾਦ ਨਗਰ ਵਸਾਇਆ। ਇਤਿਹਾਸ ਵਿਚ ਉਨ੍ਹਾਂ ਦਾ ਇਕ ਵਿਸ਼ੇਸ਼ਣ 'ਫਕੀਰਉਲਾਹ' ਵੀ ਆਉਂਦਾ ਹੈ ਭਾਵ ਅੱਲਾਹ ਦਾ ਫਕੀਰ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਹੁਕਮਨਾਮੇ ਵਿਚ ਸਿੱਖ ਸੰਗਤ ਨੂੰ ਸੈਫ਼ ਖ਼ਾਨ ਨੂੰ ਕੀਮਤੀ ਸੌਗਾਤਾਂ ਦੇਣ ਦਾ ਆਦੇਸ਼ ਕੀਤਾ ਹੈ:

"ਭਾਈ ਦਿਆਲਦਾਸੁ ਭਾਈ ਰਾਮਰਾਇ ਭਾਈ ਦਰਬਾਰੀ ਚੈਨਸੁਖ ਮਿਹਰਚੰਦੁ ਸੁਭਾਚੰਦ ਭਾਈ ਡੇਡਮਲ ਭਾਈ ਜੇਠਮਲ ਸਰਬਤਿ ਸੰਗਤਿ ਗੁਰੂ ਬਾਹੁੜੀ ਕਰੈਗਾ ਪੰਜ ਖਾਂਚੇ ਬਾਸਣਾ... ਸੁਰਾਹੀ ਪਿਆਲੇ ਹਛੈ ਕਹਾਰਾਂ ਨੋ ਦੇ ਕੇ ਦਿਲੀ ਭਾਈ ਕਲਿਆਣੇ

** ਰੀਸਰਚ ਸਕਾਲਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟਡੀਜ਼ ਇਨ ਸਿਖਇਜ਼ਮ, ਬਹਾਦਰਗੜ੍ਹ (ਪਟਿਆਲਾ)। ਮੋ. ੮੪੩੭੭-੦੦੮੫੨*

ਦੀ ਧਰਮਸਾਲਾ ਪਹੁਚਾਵਣੇ। ਨਬਾਬ ਸੈਫ਼ ਖਾਂ ਨੋ ਦੇਣੇ ਹਨ।"[੨]

ਇਹ ਤੱਥ ਸਾਬਤ ਕਰਦਾ ਹੈ ਕਿ ਸੈਫ ਖਾਨ, ਗੁਰੂ ਜੀ ਦੇ ਨਿਕਟਵਰਤੀ ਸ਼ਰਧਾਲੂਆਂ ਵਿੱਚੋਂ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਸ ਥਾਂ ਦੋ ਜਾਂ ਤਿੰਨ ਵਾਰ ਆਉਣ ਦੇ ਹਵਾਲੇ ਮਿਲਦੇ ਹਨ। ਆਖਰੀ ਵਾਰ ਦਿੱਲੀ ਸ਼ਹਾਦਤ ਦੇਣ ਸਮੇਂ ਸੈਫ਼ ਖ਼ਾਨ ਦੇ ਨਿਵਾਸ ਦੇ ਬਾਹਰ ਸੁੰਦਰ ਬਾਗ ਵਿਚ ਰੁਕੇ ਅਤੇ ਉਸ ਦੀ ਦਿਲ੍ਹੀ ਇੱਛਾ ਨੂੰ ਪ੍ਰਵਾਨ ਕਰਦਿਆਂ ਇੱਥੇ ਚੁਮਾਸਾ ਕੱਟਿਆ ਸੀ। ਸੈਫ਼ ਖ਼ਾਨ ਗੁਰੂ ਸਾਹਿਬ ਨੂੰ ਬਾਹਰ ਬਾਗ ਵਿੱਚੋਂ ਘੋੜੇ 'ਤੇ ਸਵਾਰ ਕਰਵਾ ਕੇ ਹੱਥ ਵਿਚ ਲਗਾਮ ਫੜ ਕੇ ਆਪਣੇ ਮਹਿਲ ਵੱਲ ਲੈ ਕੇ ਗਿਆ। ਮਹਿਲ ਤੋਂ ਪਹਿਲਾਂ ਇਕ ਬਹੁਤ ਆਲੀਸ਼ਾਨ ਮਸਜਿਦ ਸੀ। (ਇਹ ਮਸਜਿਦ ਅਤੇ ਢਹਿ ਢੇਰੀ ਹੋ ਰਿਹਾ ਨਵਾਬ ਸਾਹਿਬ ਦਾ ਮਹਿਲ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰ ਰਿਹਾ ਹੈ।) ਗੁਰੂ ਸਾਹਿਬ ਨੇ ਮਸਜਿਦ ਵੱਲ ਤਕ ਕੇ ਨਵਾਬ ਸਾਹਿਬ ਨੂੰ ਪੁੱਛਿਆ ਸੀ, "ਇਹ ਕਿਸ ਦਾ ਘਰ ਹੈ?" ਸੈਫ਼ ਖ਼ਾਨ ਦਾ ਜਵਾਬ ਸੀ, "ਮਹਾਰਾਜ! ਇਹ ਖ਼ੁਦਾ ਦਾ ਘਰ ਹੈ। ਆਪ ਜੀ ਦਾ ਨਿਵਾਸ ਅੱਗੇ ਹੈ।" ਸੈਫ਼ ਖ਼ਾਨ ਨੇ ਇੱਥੇ ਗੁਰੂ ਸਾਹਿਬ ਦੇ ਸਤਿਕਾਰ ਵਜੋਂ ਇਕ ਸੋਹਣਾ ਸਥਾਨ ਬਣਾਇਆ ਹੋਇਆ ਸੀ, ਜਿੱਥੇ ਗੁਰੂ ਸਾਹਿਬ ਨੇ ਟਿਕਾਣਾ ਕੀਤਾ। ਗੁਰੂ ਸਾਹਿਬ ਨੇ ਨਵਾਬ ਸਾਹਿਬ ਨੂੰ ਪੁੱਛਿਆ, "ਤੁਸੀਂ ਕਯਾ ਜਾਣ ਕੇ ਜਾਗਾ ਬਣਾਈ ਹੈ?" ਜਵਾਬ, "ਜੀ ਮੈਂ ਅਸਪ (ਘੋੜਾ) ਅਸਵਾਰ ਹੂਆ ਚਲਿਆ ਜਾਤਾ ਥਾ ਜੀ, ਏਥੇ ਇਕ ਭੇਡ ਤਰਤ ਕੀ ਪ੍ਰਸੂਤੀ, ਤਿਸਨੋ ਦੋਇ ਬਘਿਆੜ ਪਏ ਮਾਰਨ, ਤਿਸ ਮਾਰ ਨਾ ਖਾਧੀ, ਹਾਰਿ ਕੇ ਛਡ ਗਏ। ਮੈਂ ਇਸ ਕਰਕੇ ਸਰਾਇ ਪਾਈ ਜੋ ਅਜੀਤ ਜਾਗਾ ਜਾਣ ਕੇ ਗੁਰੂ ਜੀ।"[੩]

ਸੈਫ਼ ਖ਼ਾਨ ਨੇ ਔਰੰਗਜ਼ੇਬ ਦਾ ਅਤਿ ਨਜ਼ਦੀਕੀ ਰਿਸ਼ਤੇਦਾਰ ਅਤੇ ਮੁਲਾਜ਼ਮ ਹੋਣ ਦੇ ਬਾਵਜੂਦ ਗੁਰੂ ਜੀ ਦੀ ਸੱਚੀ ਪ੍ਰੀਤ ਵਿਚ ਵਿਘਨ ਨਹੀਂ ਪੈਣ ਦਿੱਤਾ ਸੀ। ਦਿੱਲੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸੈਫ਼ ਖ਼ਾਨ ਨੇ ੪੦ ਦਿਨ ਕਾਲੇ ਵਸਤਰ ਧਾਰਨ ਕਰ ਕੇ ਗੁਰੂ ਜੀ ਦੇ ਵਿਛੜਨ ਦਾ ਵਿਯੋਗ ਕੀਤਾ। ਆਪਣੀ ਪ੍ਰੀਤੀ ਨੂੰ ਤੋੜ ਨਿਭਾਇਆ ਅਤੇ ਇਸ ਅਸਥਾਨ ਉੱਪਰ ਹੀ ਸਵਾਸ ਤਿਆਗੇ। ਉਨ੍ਹਾਂ ਦੀ ਕਬਰ ਕਿਲ੍ਹੇ ਦੇ ਪਿਛਲੇ ਪਾਸੇ ਬਣੀ ਹੋਈ ਹੈ। ਮੌਜੂਦਾ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦੋ ਅਸਥਾਨ ਹਨ; ਇਕ ਕਿਲ੍ਹੇ ਦੇ ਬਾਹਰ ਤੇ ਇਕ ਕਿਲ੍ਹੇ ਦੇ ਅੰਦਰ। ਦੋਵੇਂ ਅਸਥਾਨ ਦੀ ਸੇਵਾ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ੧੭੭੪ ਈ. ਵਿਚ ਕਰਵਾਈ ਸੀ। ਉਸ ਨੇ ਸੈਫ਼ ਖ਼ਾਨ ਦੇ ਵਾਰਿਸ, ਗੁਲ ਬੇਗ ਖ਼ਾਨ ਨੂੰ ਪਿੰਡ ਛੋਟਾ ਰਸੂਲਪੁਰ ਦੀ ਜਗੀਰ ਤੇ ੭ ਰੁਪਏ ਰੋਜ਼ਾਨਾ ਦੀ ਪੈਨਸ਼ਨ ਦੇ ਕੇ ਸੈਫ਼ ਖ਼ਾਨ ਦੇ ਮਹਿਲ ਨੂੰ ਲੈ ਲਿਆ।[੪] Patiala and its Surroundings ਪੁਸਤਕ ਵਿਚ ਦੱਸਿਆ ਹੈ ਕਿ ਸੈਫ਼ ਖ਼ਾਨ ਦਾ ਪਰਵਾਰ ਪੰਜਾਬ ਵੰਡ ਤੋਂ ਪਹਿਲਾਂ ਇਸ ਪਿੰਡ ਵਿਚ ਵਸਦਾ ਸੀ ਅਤੇ ਵੰਡ ਤੋਂ ਬਾਅਦ ਪਾਕਿਸਤਾਨ ਚਲਾ ਗਿਆ ਹੈ।[੫] ੧੯੩੭ ਈ. ਵਿਚ ਮਹਾਰਾਜਾ ਕਰਮ ਸਿੰਘ ਨੇ ਇਸ ਧਰਤੀ ਦਾ ਨਾਮ ਸੈਫ਼ਾਬਾਦ ਤੋਂ ਬਦਲ ਕੇ 'ਸ੍ਰੀ

ਗੁਰੂ ਤੇਗ ਬਹਾਦਰ ਗੜ੍ਹ' ਰੱਖਿਆ ਅਤੇ ਮੌਜੂਦਾ ਬਾਹਰੀ ਕਿਲ੍ਹੇ ਦੀ ਉਸਾਰੀ ਕਰਵਾਈ। ਗੁਰਦੁਆਰਾ ਸਾਹਿਬ ਦੇ ਨਾਮ ੫੦੦ ਘੁਮਾਂ ਜ਼ਮੀਨ ਲਗਵਾਈ ਸੀ।[੬] ਇਹ ਸਥਾਨ ਆਪਸੀ ਭਾਈਚਾਰੇ ਅਤੇ ਸਦਭਾਵਨਾ ਦੀ ਸੁੰਦਰ ਮਿਸਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਿਤੀ ੨੯ ਜੂਨ, ੨੦੨੩ ਈ. ਨੂੰ ਗੁਰਦੁਆਰਾ ਸਾਹਿਬ, ਪਾਤਸ਼ਾਹੀ ਨੌਵੀਂ ਵਿਖੇ ਨਵਾਬ ਸਾਹਿਬ ਦੀ ਪਹਿਲੀ ਯਾਦਗਾਰ "ਨਵਾਬ ਸੈਫ ਖਾਨ ਦੀਵਾਨ ਹਾਲ" ਸਥਾਪਿਤ ਕਰਕੇ ਕਾਇਮ ਕੀਤੀ ਗਈ ਹੈ।

**੨. ਇੰਸਟੀਚਿਊਟ ਦੀ ਸਥਾਪਨਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੨੭ ਵਾਰ ਪ੍ਰਧਾਨ ਵਜੋਂ ਸੇਵਾਵਾਂ ਦੇ ਚੁੱਕੇ ਸ. ਗੁਰਚਰਨ ਸਿੰਘ ਟੌਹੜਾ ਦੀ ਯਾਦ ਵਿਚ ਇਹ ਇੰਸਟੀਚਿਊਟ ਸਥਾਪਿਤ ਕੀਤਾ ਗਿਆ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ 'ਪੰਥ ਰਤਨ' ਦੀ ਉਪਾਧੀ ਨਾਲ ਨਿਵਾਜੇ ਗਏ ਸਨ। ਆਪ ਜੀ ਮਿਤੀ ੦੧ ਅਪ੍ਰੈਲ, ੨੦੦੪ ਈ. ਨੂੰ ਅਕਾਲ ਚਲਾਣਾ ਕਰ ਗਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਦੀ ਯਾਦ ਵਿਚ ਇਸ ਇੰਸਟੀਚਿਊਟ ਦੀ ਉਸਾਰੀ ਕਰਵਾਉਣ ਦੀ ਵਿਉਂਤ ਬਣਾਈ ਗਈ। ਸੰਨ ੨੦੧੦ ਦੇ ਅੰਤ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਹਾਦਰਗੜ੍ਹ ਸਾਹਿਬ ਦੀ ੧੦ ਏਕੜ ਜ਼ਮੀਨ ਵਿਚ ਇਹ ਆਲੀਸ਼ਾਨ ਬਿਲਡਿੰਗ ਬਣਾਉਣ ਦਾ ਫੈਸਲਾ ਹੋਇਆ। ਇਸ ਦਾ ਨਕਸ਼ਾ ਕਲਾਸੀਕਲ ਦਿਖ 'ਤੇ ਤਿਆਰ ਕੀਤਾ ਗਿਆ ਹੈ। ਆਰਜ਼ੀ ਤੌਰ 'ਤੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਦੀ ਸਰਾਂ ਦੀ ਉਪਰਲੀ ਮੰਜ਼ਿਲ ਉੱਤੇ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ' ਨੂੰ ਚੰਡੀਗੜ੍ਹ ਤੋਂ ਬਹਾਦਰਗੜ੍ਹ ਤਬਦੀਲ ਕਰ ਕੇ ਇੰਸਟੀਚਿਊਟ ਦੀ ਸ਼ੁਰੂਆਤ ਕੀਤੀ ਗਈ। ਇਹ ਪ੍ਰੋਜੈਕਟ ਹੁਣ ਇਸੇ ਸੰਸਥਾ ਵਿਖੇ ਕਾਰਜਸ਼ੀਲ ਹੈ। ਇੰਸਟੀਚਿਊਟ ਦਾ ਨੀਂਹ-ਪੱਥਰ ਸਾਬਕਾ ਪ੍ਰਧਾਨ ਮਾਣਯੋਗ ਸ. ਅਵਤਾਰ ਸਿੰਘ ਜੀ (ਮੱਕੜ) ਅਤੇ ਮੁਹਤਬਰ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ੧੯ ਮਾਰਚ, ੨੦੧੧ ਈ. ਨੂੰ ਰੱਖਿਆ ਗਿਆ। ੨੦੧੫ ਈ. ਵਿਚ ਉਸਾਰੀ-ਅਧੀਨ ਹੀ ਇਸ ਬਿਲਡਿੰਗ ਦੇ ਇਕ ਹਿੱਸੇ ਵਿਚ ਕਾਰਜ ਸ਼ੁਰੂ ਹੋਇਆ। ਇਮਾਰਤ ਦਾ ਰਸਮੀ ਉਦਘਾਟਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਾਣਯੋਗ ਪ੍ਰੋਫੈਸਰ ਕਿਰਪਾਲ ਸਿੰਘ ਜੀ ਬਡੂੰਗਰ ਵੱਲੋਂ ਫਰਵਰੀ, ੨੦੧੭ ਈ. ਵਿਚ ਕੀਤਾ ਗਿਆ। ਇਸ ਇੰਸਟੀਚਿਊਟ ਵਿਚ ਆਉਣ ਵਾਲੇ ਅਤੇ ਰਾਹ ਜਾਂਦੇ ਲੋਕ ਇਸ ਦੀ ਅਦਭੁਤ ਦਿਖ ਅਤੇ ਅਕਾਦਮਿਕ ਮਾਹੌਲ ਨੂੰ ਵੇਖ ਕੇ ਇਕ ਵਾਰ ਰੁਕ ਜਾਂਦੇ ਹਨ।

**੩. ਇੰਸਟੀਚਿਊਟ ਦਾ ਮੰਤਵ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੰਸਟੀਚਿਊਟ ਵਿਚ ਸ਼ੁਰੂ ਹੋਣ ਵਾਲਾ ਹਰ ਕੋਰਸ ਜਾਂ ਪ੍ਰੋਜੈਕਟ ਪੰਥਕ ਹਿੱਤਾਂ ਭਾਵਨਾਵਾਂ ਦੇ ਅਨੁਕੂਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਲੋੜਾਂ/ਨੀਤੀਆਂ ਅਨੁਸਾਰ ਹੋਵੇਗਾ। ਗੁਰਮਤਿ ਜੀਵਨ-ਸ਼ੈਲੀ ਨਾਲ ਸੰਬੰਧਿਤ ਸਿੱਖਿਆਵਾਂ ਦੇ ਸੰਚਾਰ/ਪ੍ਰਸਾਰ, ਅਧਿਐਨ ਅਤੇ ਅਧਿਆਪਨ ਦੀ ਸਿਖਲਾਈ ਲਈ ਗੁਰਬਾਣੀ ਵਿਆਖਿਆ, ਦਰਸ਼ਨ,

ਮਨੋਵਿਗਿਆਨ, ਸਾਹਿਤ, ਕਲਾ, ਸੰਗੀਤ, ਭਾਸ਼ਾ, ਇਤਿਹਾਸ ਲਈ ਮਾਹਰ ਵਿਦਿਆਰਥੀ ਅਤੇ ਅਧਿਆਪਕ ਤਿਆਰ ਕਰਨ ਲਈ ਲੋੜੀਂਦੇ ਕੋਰਸ ਅਤੇ ਪ੍ਰੋਜੈਕਟ ਕਰਵਾਏ ਜਾਣਗੇ। ਗੁਰਬਾਣੀ ਵਿਆਖਿਆ, ਗੁਰਬਾਣੀ ਜੀਵਨ-ਜਾਚ, ਸਿੱਖ ਇਤਿਹਾਸ ਸਮੇਤ ਸਿੱਖੀ ਦੇ ਵੱਖ-ਵੱਖ ਪੱਖਾਂ ਉੱਤੇ ਸਮੇਂ ਦੀਆਂ ਲੋੜਾਂ ਅਨੁਸਾਰ ਗੁਰਮਤਿ ਸਾਹਿਤ ਤਿਆਰ ਕਰਵਾਇਆ ਜਾਵੇਗਾ ਤੇ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਨਾਲ ਸੰਬੰਧਿਤ ਅਦਾਰਿਆਂ ਦੇ ਸਮੁੱਚੇ ਸਟਾਫ ਦੀ ਸਿਖਲਾਈ ਲਈ ਓਰੀਐਂਟੇਸ਼ਨ, ਰਿਫਰੈਸ਼ਰ ਅਤੇ ਪ੍ਰੀ-ਪ੍ਰਮੋਸ਼ਨ ਕੋਰਸਾਂ ਲਈ ਯੋਜਨਾਬੱਧ ਪ੍ਰੋਗਰਾਮ ਬਣਾਇਆ ਜਾਵੇਗਾ। ਭਵਿੱਖ ਵਿਚ ਆਧੁਨਿਕ ਪ੍ਰਚਾਰ ਵਿਧੀਆਂ ਅਤੇ ਵਸੀਲਿਆਂ ਦੀ ਵਰਤੋਂ ਨਾਲ ਮਿਸ਼ਨਰੀ ਅਮਲੇ ਨੂੰ ਸਿੱਖਿਅਤ ਕਰਨਾ ਹੈ। ਸਿੱਖ ਅਧਿਐਨ ਨਾਲ ਸੰਬੰਧਿਤ ਡਿਗਰੀਆਂ ਤੇ ਡਿਪਲੋਮੇ ਕਰਵਾਉਣੇ ਹਨ। ਹਰ ਸਾਲ ਸਿੱਖ ਅਧਿਐਨ ਵਿਚ ਖੋਜ ਕਰ ਰਹੇ ਵਿਦਵਾਨਾਂ ਨੂੰ ਨਿਵਾਜਣਾ ਹੈ। ਵੱਖ-ਵੱਖ ਪ੍ਰਚਾਰ ਕਰ ਰਹੇ ਪ੍ਰਚਾਰਕਾਂ ਨੂੰ ਇਕ ਸੂਤਰ ਵਿਚ ਪਰੋਣਾ ਹੈ।

**੪. ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੦੦੧ ਈ. ਵਿਚ ਇਹ ਖੋਜ ਪ੍ਰੋਜੈਕਟ ਕਲਗੀਧਰ ਨਿਵਾਸ, ਸੈਕਟਰ-੨੭/ਬੀ, ਚੰਡੀਗੜ੍ਹ ਵਿਖੇ ਸ਼ੁਰੂ ਕਰਵਾਇਆ ਸੀ। ਇਹ ਉੱਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਦੀ ਨਿਰਦੇਸ਼ਨਾ ਤਹਿਤ ਸ਼ੁਰੂ ਹੋਇਆ ਸੀ। ਉਹ ਖਾਲਸਾ ਕਾਲਜ, ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇਤਿਹਾਸ ਵਿਭਾਗ ਦੇ ਮੋਢੀਆਂ ਵਿੱਚੋਂ ਸਨ। ਉਹ ਗੁਰਮੁਖੀ, ਅੰਗਰੇਜ਼ੀ ਤੇ ਫ਼ਾਰਸੀ ਦੇ ਗਿਆਤਾ ਸਨ। ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਨੇ 'ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦੀ ਉਪਾਧੀ ਨਾਲ ਨਿਵਾਜਿਆ ਸੀ। ਉਹ ਮਈ ੨੦੧੯ ਈ. ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਇਸ ਪ੍ਰੋਜੈਕਟ ਵਿਚ ਹੁਣ ਤਕ ੨੯ ਜਿਲਦਾਂ ਵਿੱਚੋਂ ੨੪ ਜਿਲਦਾਂ ਧਰਮ ਪ੍ਰਚਾਰ ਕਮੇਟੀ ਵੱਲੋਂ ਛਪ ਚੁਕੀਆਂ ਹਨ ਅਤੇ ਬਾਕੀ ੦੫ ਜਿਲਦਾਂ ਉੱਪਰ ਕੰਮ ਚੱਲ ਰਿਹਾ ਹੈ।

**•ਵਿਸ਼ੇਸ਼ ਲੈਕਚਰ ਲੜੀ**

ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ ਤਹਿਤ ਗੁਰਪੁਰਵਾਸੀ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਦੀ ਅਗਵਾਈ ਹੇਠ ਚੰਡੀਗੜ੍ਹ ਵਿਖੇ ੧੯ ਅਗਸਤ, ੨੦੦੯ ਈ. ਤੋਂ ਇਕ ਲੈਕਚਰ ਲੜੀ ਸ਼ੁਰੂ ਕੀਤੀ ਗਈ ਸੀ। ਇਸ ਦਾ ਮੁੱਖ ਮਕਸਦ ਵੱਖ-ਵੱਖ ਖੇਤਰਾਂ ਦੇ ਅਕਾਦਮਿਕ ਅਤੇ ਮਾਹਰ ਵਿਦਵਾਨਾਂ ਪਾਸੋਂ ਖੋਜਾਰਥੀਆਂ ਨੂੰ ਉਤਸ਼ਾਹਿਤ ਕਰਵਾਉਣਾ ਸੀ ਤਾਂ ਜੋ ਉਹ ਨਿਗਰ ਖੋਜ ਕਰ ਸਕਣ। ਇਸ ਵਿਚ ਹੁਣ ਤਕ ੪੪ ਲੈਕਚਰ ਹੋ ਚੁੱਕੇ ਹਨ।

**੫. ਬੈਚੁਲਰ ਆਫ਼ ਮੈਨੇਜਮੈਂਟ ਸਟੱਡੀਜ਼ (ਗੁਰਦੁਆਰਾ ਮੈਨੇਜਮੈਂਟ) ਕੋਰਸ:** ਸ੍ਰੀ ਗੁਰੂ ਨਾਨਕ ਦੇਵ ਜੀ ਦੀ ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਅਤੇ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਤਾਬਦੀ ਦੇ ਮੌਕੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ ਦੇ 'ਕਮਰਸ ਐਂਡ ਮੈਨੇਜਮੈਂਟ ਵਿਭਾਗ' ਰਾਹੀਂ ਸਾਲ ੨੦੧੯ ਈਸਵੀ ਵਿਚ 'ਬੈਚੁਲਰ ਆਫ਼ ਮੈਨੇਜਮੈਂਟ ਸਟੱਡੀਜ਼ (ਗੁਰਦੁਆਰਾ ਮੈਨੇਜਮੈਂਟ) ਦਾ ਕੋਰਸ ਸ਼ੁਰੂ ਕੀਤਾ ਗਿਆ। ਗੁਰਦੁਆਰਾ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬਾਣੀ ਵਿਚ ਸਮੋਈ ਵਿਸਮਾਦੀ ਸੱਚ ਨਾਲ ਜੋੜਨ ਵਾਲੀ ਰੂਹਾਨੀ ਜੀਵਨ-ਸ਼ੈਲੀ ਦੇ ਅਮਲ-ਅਭਿਆਸ ਨੂੰ ਸਿਖਣ-ਸਿਖਾਉਣ ਲਈ ਸਿਖਲਾਈ ਕੇਂਦਰ ਹਨ। ਇਨ੍ਹਾਂ ਗੁਰਦੁਆਰਾ ਸਾਹਿਬਾਨ ਲਈ ਲੋੜੀਂਦੇ ਕੁਸ਼ਲ-ਪ੍ਰਬੰਧਕ ਤਿਆਰ ਕਰਨ ਲਈ ਅਤੇ ਗੁਰਮੁਖੀ ਸਿਖਾਉਣ ਲਈ ਬਾਕਾਇਦਾ ਅਕਾਦਮਿਕ ਕੋਰਸਾਂ ਦੀ ਜ਼ਰੂਰਤ ਹੈ। ਉਕਤ ਕੋਰਸ ਪ੍ਰਬੰਧ ਦੇ ਨਵੇਂ ਰੁਝਾਨਾਂ ਨਾਲ ਵਿਦਿਆਰਥੀਆਂ ਨੂੰ ਵਾਬਸਤਾ ਕਰਵਾਉਣ ਅਤੇ ਸਮੇਂ ਦੇ ਹਾਣੀ ਬਣਾਉਣ ਲਈ ਸ਼ੁਰੂ ਕੀਤਾ ਗਿਆ ਹੈ। ਵਿਦਿਆਰਥੀਆਂ ਦੀ ਪ੍ਰਬੰਧਕੀ ਯੋਗਤਾ/ਸਮਰੱਥਾ ਵਿਚ ਵਾਧੇ ਲਈ ਹਰ ਸਮੈਸਟਰ ਤੋਂ ਬਾਅਦ ਬਾਕਾਇਦਾ ਆਰਗੇਨਾਈਜ਼ੇਸ਼ਨਲ ਟ੍ਰੇਨਿੰਗ ਕਰਵਾਈ ਜਾਂਦੀ ਹੈ ਤਾਂ ਜੋ ਵਿਦਿਆਰਥੀ ਪ੍ਰਬੰਧਕੀ ਜੁਗਤਾਂ ਦਾ ਅਭਿਆਸ ਕਰ ਸਕਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕੋਰਸ ਦੇ ਪਹਿਲੇ ਬੈਚ ਦੇ ੮ ਵਿਦਿਆਰਥੀਆਂ ਨੂੰ ਆਪਣੇ ਵਿੱਦਿਅਕ ਅਤੇ ਪ੍ਰਬੰਧਕੀ ਅਦਾਰਿਆਂ ਵਿਚ ਕਲੈਰੀਕਲ ਸੇਵਾਵਾਂ ਉੱਪਰ ਨਿਯੁਕਤ ਕੀਤਾ ਗਿਆ ਹੈ।

**੬. ਬੈਚੁਲਰ ਆਫ ਆਰਟਸ ਇਨ ਗੁਰਮੁਖੀ ਐਜੂਕੇਸ਼ਨ:** ਗੁਰਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਭਾਸ਼ਾ ਅਤੇ ਲਿਪੀ ਦਾ ਨਾਮ ਹੈ। ਏਸ਼ੀਆ ਦੇ ਦੱਖਣ ਵਿਚ ਭਾਰਤੀ ਉਪ-ਮਹਾਂਦੀਪ ਦੇ ਵਿਸ਼ਾਲ ਭੂਗੋਲਿਕ ਖਿੱਤੇ ਦੀਆਂ ਧਾਰਮਿਕ, ਸਭਿਆਚਾਰਕ, ਕਬੀਲਾਈ, ਭਾਸ਼ਾਈ ਅਤੇ ਇਲਾਕਾਈ ਵੰਨਸੁਵੰਨਤਾਵਾਂ ਨਾਲ ਸੰਬੰਧਿਤ, ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਹਜ਼ੂਰੀ ਗੁਰਸਿੱਖਾਂ ਦੀ ਰਚੀ ਹੋਈ ਪਵਿੱਤਰ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗੁਰਮੁਖੀ' (ਭਾਸ਼ਾ ਅਤੇ ਲਿਪੀ) ਵਿਚ ਹੀ ਦਰਜ ਹੈ। ਸੰਨ ੨੦੨੨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ 'ਐਜੂਕੇਸ਼ਨ ਵਿਭਾਗ' ਵੱਲੋਂ ਇਹ ਕੋਰਸ ਸ਼ੁਰੂ ਕੀਤਾ ਗਿਆ ਹੈ। ਇਸ ਵਿਚ ਲੜਕੀਆਂ ਵੀ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ। ਇਸ ਕੋਰਸ ਨੂੰ ਸਫਲਤਾ ਨਾਲ ਪਾਸ ਕਰਨ ਵਾਲੇ ਉੱਦਮੀ ਵਿਦਿਆਰਥੀ, ਧਾਰਮਿਕ ਅਤੇ ਵਿੱਦਿਅਕ ਅਦਾਰਿਆਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵਿਸ਼ਵ ਭਰ ਦੇ ਗੁਰੂ-ਘਰਾਂ ਵਿਚ ਗੁਰਮੁਖੀ/ਗੁਰਬਾਣੀ ਸਿੱਖਿਆ ਨਾਲ ਸੰਬੰਧਤ ਸੇਵਾਵਾਂ ਦੇਣ ਦੇ ਸਮਰੱਥ ਬਣਨਗੇ।

**੭.੧ ਆਰਗੇਨਾਈਜੇਸ਼ਨਲ ਟਰੇਨਿੰਗ ਅਤੇ ਅਧਿਆਪਨ-ਅਭਿਆਸ (ਇੰਟਰਨਸ਼ਿਪ):** 'ਬੈਚੁਲਰ ਆਫ਼ ਮੈਨੇਜਮੈਂਟ ਸਟੱਡੀਜ਼ (ਗੁਰਦੁਆਰਾ ਮੈਨੇਜਮੈਂਟ)'

ਕੋਰਸ ਦੇ ਵਿਦਿਆਰਥੀਆਂ ਦੀ ਹਰ ਸਮੈਸਟਰ ਦੇ ਅੰਤ ਵਿਚ ਆਰਗੇਨਾਈਜੇਸ਼ਨਲ ਟਰੇਨਿੰਗ ਗੁਰਦੁਆਰਾ ਸਾਹਿਬਾਨ ਅਤੇ ਸਮਾਜ-ਸੇਵੀ ਸੰਸਥਾਵਾਂ ਵਿਚ ਲਗਾਈ ਜਾਂਦੀ ਹੈ। ਇਸ ਟਰੇਨਿੰਗ ਦਾ ਉਦੇਸ਼, ਗੁਰਦੁਆਰਾ ਸਾਹਿਬ ਦੇ ਦਫ਼ਤਰੀ ਅਤੇ ਕੈਂਪਸ ਦੇ ਆਮ ਪ੍ਰਬੰਧ ਬਾਰੇ ਪ੍ਰੋਫੈਸ਼ਨਲ ਟਰੇਨਿੰਗ ਦੇਣਾ ਹੈ। ਟਰੇਨਿੰਗ ਦੌਰਾਨ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਵਿਸ਼ੇਸ਼ ਮਾਹਿਰ ਵਿਦਵਾਨ, ਵਿਦਿਆਰਥੀਆਂ ਨੂੰ ਵਰਕਸ਼ਾਪ ਅਤੇ ਲੈਕਚਰਾਂ ਰਾਹੀਂ ਪ੍ਰਬੰਧਕੀ ਮੁਹਾਰਤਾਂ ਸਿਖਾਉਂਦੇ ਹਨ। ਵਿਦਿਆਰਥੀ ਸਮੈਸਟਰ ਦੌਰਾਨ ਪੜ੍ਹਾਏ ਗਏ ਵਿਸ਼ਿਆਂ ਬਾਰੇ ਪ੍ਰੈਕਟੀਕਲ ਕੰਮ-ਕਾਜ ਨੂੰ ਨਿਭਾਉਣ ਦੀਆਂ ਵਿਹਾਰਕ ਜੁਗਤਾਂ ਸਿਖਦੇ ਹਨ। ਟਰੇਨਿੰਗ ਦੇ ਅੰਤ ਵਿਚ ਵਿਦਿਆਰਥੀ, ਪੂਰੀ ਟਰੇਨਿੰਗ ਦੀ ਰਿਪੋਰਟ ਬਣਾ ਕੇ ਕਲਾਸ ਇੰਚਾਰਜਾਂ ਪਾਸ ਜਮ੍ਹਾਂ (Submit) ਕਰਵਾਉਂਦੇ ਹਨ, ਜਿਸ ਦਾ ਮੁਲਾਂਕਣ ਕਰ ਕੇ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ ਰਿਪੋਰਟ ਤਿਆਰ ਹੁੰਦੀ ਹੈ।

'ਬੈਚੁਲਰ ਆਫ਼ ਆਰਟਸ ਇਨ ਗੁਰਮੁਖੀ ਐਜੂਕੇਸ਼ਨ' ਕੋਰਸ ਵਿਚ ਇੰਟਰਨਸ਼ਿਪ ਦੇ ਪ੍ਰੀ-ਟੀਚਿੰਗ ਫੇਜ਼ ਦੌਰਾਨ ਵਿਦਿਆਰਥੀ-ਅਧਿਆਪਕਾਂ ਨੂੰ ਸਿਮੂਲੇਟਿਡ ਟ੍ਰੇਨਿੰਗ ਦੁਆਰਾ ਅਧਿਆਪਨ ਦੇ ਵਿਭਿੰਨ ਕੌਸ਼ਲਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਦੌਰਾਨ ਅਧਿਆਪਨ-ਸਿਖਣ ਸਮੱਗਰੀ ਨੂੰ ਤਿਆਰ ਕਰਨਾ ਅਤੇ ਜਮਾਤਾਂ ਵਿਚ ਜਾ ਕੇ ਉਸ ਦੀ ਯੋਗ ਵਰਤੋਂ ਕਰਨਾ ਸਿਖਾਇਆ ਜਾਂਦਾ ਹੈ। ਇੰਟਰਨਸ਼ਿਪ ਦੇ ਟੀਚਿੰਗ ਫੇਜ਼ ਦੌਰਾਨ ਵਿਦਿਆਰਥੀ-ਅਧਿਆਪਕ, ਸਮੈਸਟਰ ਦੇ ਅੰਤ ਵਿਚ ਇਕ ਮਹੀਨੇ ਦੀ ਟਰੇਨਿੰਗ ਪ੍ਰਾਇਮਰੀ, ਮਿਡਲ ਅਤੇ ਹਾਇਰ ਸੈਕੰਡਰੀ ਪੱਧਰ ਦੇ ਸਕੂਲਾਂ ਵਿਚ ਲਗਾਉਂਦੇ ਹਨ ਜਿਸ ਵਿਚ ਹਰ ਵਿਦਿਆਰਥੀ-ਅਧਿਆਪਕ ਆਪਣੇ ਸੁਪਰਵਾਈਜ਼ਰ ਦੀ ਨਿਗਰਾਨੀ ਹੇਠ ਸਕੂਲ ਵਿਚ ਜਾ ਕੇ ਅਸਲੀ ਹਾਲਤਾਂ ਵਿਚ, ਅਸਲ ਜਮਾਤਾਂ ਵਿਚ ਵੱਖ-ਵੱਖ ਅਧਿਆਪਨ ਕੌਸ਼ਲਾਂ ਨੂੰ ਵਰਤ ਕੇ ਮੁਹਾਰਤ ਹਾਸਿਲ ਕਰਦੇ ਹਨ। ਇਸ ਦੇ ਨਾਲ ਵਿਦਿਆਰਥੀ-ਅਧਿਆਪਕ, 'ਸਮਾਜ ਨਾਲ ਸਾਂਝ' ਪ੍ਰੋਗਰਾਮ ਦੇ ਤਹਿਤ ਸਮਾਜਿਕ ਗਤੀਵਿਧੀਆਂ ਜਿਵੇਂ ਵਿਸ਼ੇਸ਼ ਬੱਚਿਆਂ ਨਾਲ ਸਾਂਝ, ਬਜ਼ੁਰਗਾਂ ਨਾਲ ਸਾਂਝ, ਆਲਾ-ਦੁਆਲਾ ਸਫਾਈ ਪ੍ਰੋਗਰਾਮ, ਸਮਾਜਿਕ ਸਮੱਸਿਆਵਾਂ ਨਾਲ ਸੰਬੰਧਿਤ ਜਾਗਰੂਕਤਾ ਰੈਲੀ ਕੱਢਣਾ, ਰੁੱਖ ਲਗਾਉਣੇ, ਵਾਤਾਵਰਣ, ਸਿਹਤ ਸੰਭਾਲ, ਕਿਰਤ ਤੇ ਸੇਵਾ ਦੀ ਮਹੱਤਤਾ ਨੂੰ ਵਿਹਾਰਕ ਤੌਰ 'ਤੇ ਸਿੱਖਦੇ ਹਨ।

**੭.੨ ਨਿੱਤ ਦੇ ਕਾਰਜ:** ਉਪਰੋਕਤ ਦੋਵੇਂ ਕੋਰਸਾਂ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਲਈ ੨੦੧੯ ਈ. ਤੋਂ ਇੰਸਟੀਚਿਊਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਦਿਨ ਦੀ ਸ਼ੁਰੂਆਤ ਤੇ ਸਮਾਪਤੀ ਸੰਗਤੀ ਨਿੱਤਨੇਮ ਨਾਲ ਕੀਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਪ੍ਰਕਾਸ਼ ਕਰਨਾ, ਸੁਖਆਸਨ ਕਰਨਾ, ਅਰਦਾਸ ਕਰਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਕਰਨਾ ਅਤੇ ਗੁਰਮਤਿ ਮਰਯਾਦਾ

ਦਾ ਪਾਲਣ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਦੀ ਸੰਗੀਤ ਦੀ ਕਲਾਸ ਦਾ ਪ੍ਰਬੰਧ ਕੀਤਾ ਗਿਆ ਹੈ। ਸਾਰੇ ਅਭਿਆਸ ਦਾ ਮੰਤਵ ਵਿਦਿਆਰਥੀਆਂ ਨੂੰ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਕਰਨਾ ਹੈ। ਇੰਸਟੀਚਿਊਟ ਦੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਬਣਾਉਣ ਲਈ ਹਰ ਮਹੀਨੇ ਉਨ੍ਹਾਂ ਦੇ ਵੱਖ-ਵੱਖ ਜਥੇ ਜਿਵੇਂ-ਨਿੱਤਨੇਮ ਜਥਾ, ਲੰਗਰ ਜਥਾ, ਈਵੈਂਟ ਮੈਨੇਜਮੈਂਟ ਜਥਾ, ਸਾਫ-ਸਫਾਈ ਜਥਾ, ਅਨੁਸ਼ਾਸਨੀ ਜਥਾ, ਹਰਿਆਵਲ ਜਥਾ ਆਦਿਕ ਬਣਾਏ ਜਾਂਦੇ ਹਨ। ਇਨ੍ਹਾਂ ਜਥਿਆਂ ਦੀ ਨਿਗਰਾਨੀ ਟੀਚਿੰਗ ਸਟਾਫ ਵੱਲੋਂ ਕੀਤੀ ਜਾਂਦੀ ਹੈ ਅਤੇ ਵਿਦਿਆਰਥੀਆਂ ਨੂੰ ਖ਼ੁਦ ਪ੍ਰਬੰਧ ਕਰਨ ਦਾ ਅਭਿਆਸ ਕਰਵਾਇਆ ਜਾਂਦਾ ਹੈ।

**੮.** ਕੌਮੀ ਸੇਵਾ ਯੋਜਨਾ ਇੰਸਟੀਚਿਊਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ ਰਾਹੀਂ ਕੌਮੀ ਸੇਵਾ ਯੋਜਨਾ ਸਥਾਪਿਤ ਹੈ। ਇੰਸਟੀਚਿਊਟ ਦੇ ਸਾਰੇ ਵਿਦਿਆਰਥੀ ਇਸ ਅਧੀਨ ਰਜਿਸਟਰਡ ਹਨ। ਇਸ ਤਹਿਤ ਵਿਦਿਆਰਥੀਆਂ ਦੇ ਲੇਖ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਖੇਡ ਮੁਕਾਬਲੇ, ਭਾਸ਼ਣ ਮੁਕਾਬਲੇ ਅਤੇ ਸਾਫ਼-ਸਫ਼ਾਈ ਕਰਵਾਈ ਜਾਂਦੀ ਹੈ। ਇਨ੍ਹਾਂ ਕਾਰਜਾਂ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ ਜੋ ਵਿਦਿਆਰਥੀਆਂ ਦੀ ਅਕਾਦਮਿਕ ਯੋਗਤਾ ਵਿਚ ਵਾਧਾ ਕਰਦੇ ਹਨ। ਮਿਤੀ ੧੩ ਮਾਰਚ, ੨੦੨੪ ਈ. ਤੋਂ ੧੯ ਮਾਰਚ, ੨੦੨੪ ਈ. ਤਕ ਇੰਸਟੀਚਿਊਟ ਵਿਚ ਐਨ.ਐਸ.ਐਸ. ਕੈਂਪ ਲਗਾਇਆ ਜਾ ਚੁੱਕਾ ਹੈ।

**੯. ਸਹੂਲਤਾਂ:** ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹਰ ਵਿਦਿਆਰਥੀ ਨੂੰ ੧੫੦੦ ਰੁਪਏ ਮਹੀਨਾਵਾਰ ਵਜ਼ੀਫਾ ਲੰਗਰ ਖਰਚ ਲਈ ਮਿਲਦਾ ਹੈ। ਵਿਦਿਆਰਥੀਆਂ ਲਈ ਮੁਫਤ ਹੋਸਟਲ ਹੈ। ਵਿਦਿਆਰਥੀਆਂ ਵੱਲੋਂ ਸਾਂਝੀ ਮੈੱਸ, ਸਟਾਫ ਮੈਂਬਰਾਂ ਦੀ ਨਿਗਰਾਨੀ ਹੇਠ ਚਲਾਈ ਜਾ ਰਹੀ ਹੈ। ਵਿਦਿਆਰਥੀਆਂ ਲਈ ਹੋਸਟਲ ਵਿਚ ਰੀਡਿੰਗ ਰੂਮ ਦਾ ਪ੍ਰਬੰਧ ਵੀ ਹੈ। ਵਿਦਿਆਰਥੀਆਂ ਦੇ ਪੜ੍ਹਨ ਲਈ ਸੁੰਦਰ ਲਾਇਬ੍ਰੇਰੀ ਅਤੇ ਵਧੀਆ ਖੇਡਾਂ ਦਾ ਮੈਦਾਨ ਹੈ। ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਸਮਾਰਟ ਕਲਾਸ ਰੂਮ ਅਤੇ ਕੰਪਿਊਟਰ ਲੈਬ ਹੈ। ਸਮੇਂ ਸਮੇਂ ਲੈਕਚਰ, ਵਿਚਾਰ-ਗੋਸ਼ਟੀਆਂ, ਸੈਮੀਨਾਰਾਂ ਅਤੇ ਵਰਕਸ਼ਾਪ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਟੂਰ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਨੂੰ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ।

**• ਪੰਜ ਰੋਜ਼ਾ ਵਰਕਸ਼ਾਪ**

ਸੰਸਥਾ ਵਿਚ "ਗੁਰਬਾਣੀ ਸੰਥਿਆ: ਅਤੀਤ, ਵਰਤਮਾਨ ਅਤੇ ਭਵਿਖ"[੭] ਵਿਸ਼ੇ ਉੱਪਰ ੧੧ ਤੋਂ ੧੫ ਅਕਤੂਬਰ, ੨੦੨੧ ਈ. ਤਕ ਇਕ ਪੰਜ ਰੋਜ਼ਾ ਵਰਕਸ਼ਾਪ ਕਰਵਾਈ ਗਈ ਸੀ। ਇਸ ਵਰਕਸ਼ਾਪ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਮਾਣਯੋਗ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਜੀ ਸਮੇਤ ਯੂਨੀਵਰਸਿਟੀਆਂ ਅਤੇ ਗੁਰਮਤਿ ਵਿਦਿਆਲਿਆਂ/ਅਦਾਰਿਆਂ ਦੇ ਮੁਖੀ ਸਾਹਿਬਾਨ,

ਪ੍ਰਚਾਰਕ, ਅਧਿਆਪਕ ਸਾਹਿਬਾਨ, ਖੋਜਾਰਥੀ ਅਤੇ ਵਿਦਿਆਰਥੀ ਸ਼ਾਮਿਲ ਹੋਏ। ਇਸ ਵਰਕਸ਼ਾਪ ਦੌਰਾਨ ਇਕ ਟ੍ਰੈਕਟ ਰਿਲੀਜ਼ ਕੀਤਾ ਗਿਆ।

- **ਵਿਦਵਾਨਾਂ ਦਾ ਸਨਮਾਨ**

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕੈਨੇਡਾ ਦੀ ਸੰਸਥਾ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਵੱਲੋਂ ਅਪ੍ਰੈਲ, ੨੦੨੩ ਈ. ਵਿਚ ੩੦ ਸਿੱਖ ਵਿਦਵਾਨਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ।[੮]

- **ਪ੍ਰਕਾਸ਼ਨਾਵਾਂ**

ਆਧੁਨਿਕ, ਨਰੋਆ ਤੇ ਉਤਸ਼ਾਹਜਨਕ ਸਾਹਿਤ ਸਿਰਜਣਾ ਲਈ ਇੰਸਟੀਚਿਊਟ ਵੱਲੋਂ 'ਗੁਰਦੁਆਰਾ ਪ੍ਰਬੰਧ'[੯] ਅਤੇ 'ਗੁਰਮੁਖੀ'[੧੦] ਉੱਪਰ ਲੇਖ ਲਿਖਵਾ ਕੇ 'ਗੁਰਮਤਿ ਪ੍ਰਕਾਸ਼' ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਵਾਉਣ ਵਿਚ ਯੋਗਦਾਨ ਪਾਇਆ ਗਿਆ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ ਕਾਰਜਸ਼ੀਲ ਖੋਜਾਰਥੀਆਂ ਦੀ ਟੀਮ (ਗੁਰਮੁਖੀ ਟਕਸਾਲ) ਵੱਲੋਂ ਗੁਰਮੁਖੀ ਉੱਪਰ ਦੋ ਸਰੋਤ ਪੁਸਤਕਾਂ[੧੧] ਅਤੇ ਕੁਝ ਖੋਜ ਟਰੈਕਟ[੧੨] ਛਪਵਾਏ ਗਏ ਹਨ। ਉਪਰੋਕਤ ਸਾਰੀਆਂ ਪ੍ਰਕਾਸ਼ਨਾਵਾਂ ਗੁਰਮੁਖੀ ਐਜੂਕੇਸ਼ਨ ਅਤੇ ਗੁਰਦੁਆਰਾ ਮੈਨੇਜਮੈਂਟ ਕੋਰਸਾਂ ਦੇ ਵਿਦਿਆਰਥੀਆਂ ਲਈ ਪਾਠ-ਸਮਗਰੀ ਵਜੋਂ ਬਹੁਤ ਉਪਯੋਗੀ ਸਿਧ ਹੋ ਰਹੀਆਂ ਹਨ।

**੧੦. ਰਿਫ਼ਰੈਸ਼ਰ ਕੋਰਸ:** ਸਾਬਕਾ ਪ੍ਰਧਾਨ, ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ ਦੀ ਅਗਵਾਈ ਵਿਚ ਇਕ ਨਿਵੇਕਲਾ ਉਪਰਾਲਾ ੧੬ ਫ਼ਰਵਰੀ ੨੦੧੭ ਤੋਂ ੨੦੧੮ ਈ. ਤਕ ਕੀਤਾ ਗਿਆ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਤੋਂ ਲੈ ਕੇ ਸਕੱਤਰ ਤਕ ਦੇ ਸਾਰੇ ਅਹੁਦਿਆਂ ਦੇ ਮੁਲਾਜ਼ਮਾਂ ਦਾ ਰਿਫ਼ਰੈਸ਼ਰ ਕੋਰਸ ਕਰਵਾਇਆ ਗਿਆ। ਇਸ ਵਿਚ ਦਫਤਰੀ ਮੁਲਾਜ਼ਮਾਂ ਤੋਂ ਇਲਾਵਾ ਰਾਗੀਆਂ, ਗ੍ਰੰਥੀਆਂ, ਪ੍ਰਚਾਰਕਾਂ ਅਤੇ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਦੀ ਸਿਖਲਾਈ ਦੀ ਤਜਵੀਜ਼ ਸੀ। ਸਾਰੇ ਪਾਸਿਓਂ ਇਸ ਉੱਦਮ ਦੀ ਸ਼ਲਾਘਾ ਹੋਈ ਕਿਉਂਕਿ ਇਹ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿਚ ਹੋ ਰਹੀ ਸਟਾਫ ਟਰੇਨਿੰਗ ਵਾਂਗ ਅਗਾਂਹਵਧੂ ਉੱਦਮ ਸੀ। ਇਸ ਰਿਫ਼ਰੈਸ਼ਰ ਕੋਰਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੭੦੦ ਦੇ ਕਰੀਬ ਮੁਲਾਜ਼ਮਾਂ ਨੇ ੧੭ ਬੈਚਾਂ ਵਿਚ ਸਿਖਲਾਈ ਪ੍ਰਾਪਤ ਕੀਤੀ। ਇਸ ਵਿਚ ਮੁਲਾਜ਼ਮਾਂ ਨੂੰ ਗੁਰ-ਇਤਿਹਾਸ, ਸਿੱਖ ਰਹਿਤ ਮਰਯਾਦਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਅਤੇ ਪ੍ਰਬੰਧਕੀ ਨੁਕਤਿਆਂ ਤੋਂ ਜਾਣੂ ਕਰਵਾਇਆ ਜਾਂਦਾ ਸੀ। ਉਨ੍ਹਾਂ ਨੂੰ ਪ੍ਰਬੰਧਕੀ ਜੁਗਤਾਂ ਬਾਰੇ ਜਾਗਰੂਕ ਕੀਤਾ ਜਾਂਦਾ ਸੀ ਤਾਂ ਜੋ ਗੁਰਦੁਆਰਾ ਪ੍ਰਬੰਧ ਸਮੇਂ ਦਾ ਹਾਣੀ ਬਣ ਸਕੇ।

ਇਸ ਇੰਸਟੀਚਿਊਟ ਵਿਚ ਸੰਨ ੨੦੧੭ ਤੋਂ 'ਡਾਇਰੈਕਟੋਰੇਟ ਆਫ਼

ਐਜੂਕੇਸ਼ਨ' ਵਿਭਾਗ ਕਾਰਜਸ਼ੀਲ ਹੈ, ਜਿਸ ਦੇ ਪ੍ਰਬੰਧ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲ ਅਤੇ ਕਾਲਜ ਆਉਂਦੇ ਹਨ।

**੧੧. ਲਾਇਬ੍ਰੇਰੀ:** ੨੦੧੧ ਈ. ਵਿਚ ੫੦੦ ਪੁਸਤਕਾਂ ਨਾਲ ਸ਼ੁਰੂ ਕੀਤੀ ਲਾਇਬ੍ਰੇਰੀ ਵਿਚ ਹੁਣ ੬੦੦੦ ਤੋਂ ਉੱਪਰ ਖੋਜ ਪੁਸਤਕਾਂ, ਇਤਿਹਾਸਿਕ ਗ੍ਰੰਥ ਅਤੇ ਸਾਹਿਤਕ ਪੁਸਤਕਾਂ ਹਨ। ਇਨ੍ਹਾਂ ਪੁਸਤਕਾਂ ਵਿਚ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਘਰੇਲੂ ਲਾਇਬ੍ਰੇਰੀ ਸਮੇਤ ਬਹੁਤ ਸਾਰੇ ਦਾਨਿਸ਼ਵਰਾਂ ਵੱਲੋਂ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਪੁਸਤਕਾਂ ਭੇਟ ਕਰ ਕੇ ਲਾਇਬ੍ਰੇਰੀ ਨੂੰ ਪ੍ਰਫੁਲਿਤ ਕੀਤਾ ਜਾ ਰਿਹਾ ਹੈ। ਇਸ ਲਾਇਬ੍ਰੇਰੀ ਵਿਚ ਬਹੁਤ ਸਾਰੀਆਂ ਦੁਰਲੱਭ ਪ੍ਰਕਾਸ਼ਨਾਵਾਂ ਵੀ ਹਨ। ਮਹੀਨਾਵਾਰ ਖੋਜ ਪੱਤ੍ਰਿਕਾਵਾਂ ਅਤੇ ਰੋਜ਼ਾਨਾ ਆਉਂਦੀਆਂ ਅਖ਼ਬਾਰਾਂ ਨੂੰ ਪੜ੍ਹ ਕੇ ਅਧਿਆਪਕ, ਖੋਜਾਰਥੀ ਅਤੇ ਵਿਦਿਆਰਥੀ ਆਪਣੇ ਗਿਆਨ ਵਿਚ ਵਾਧਾ ਕਰ ਰਹੇ ਹਨ। ਇੰਸਟੀਚਿਊਟ ਨੇ ਬਾਹਰੋਂ ਆਏ ਮਹਿਮਾਨਾਂ ਅਤੇ ਵਿਦਵਾਨਾਂ ਨੂੰ ਸਿਰੋਪਾਓ ਦੀ ਥਾਂ ਸਨਮਾਨ ਵਜੋਂ ਪੁਸਤਕਾਂ ਦੇਣ ਦੀ ਮਰਯਾਦਾ ਨੂੰ ਅਪਣਾਇਆ ਹੋਇਆ ਹੈ ਤਾਂ ਜੋ ਪੁਸਤਕਾਂ ਦੇ ਪੜ੍ਹਨ ਦਾ ਰੁਝਾਨ ਪ੍ਰਫੁਲਿਤ ਹੋਵੇ। ਇੰਸਟੀਚਿਊਟ ਦੀ ਵਿਜ਼ਟਿੰਗ ਬੁੱਕ ਵਿਚ ਇੰਸਟੀਚਿਊਟ ਵਿਖੇ ਪੁੱਜਣ ਵਾਲੇ ਵਿਦਵਾਨ ਅਤੇ ਪਤਵੰਤੇ ਸੱਜਣਾਂ ਦੇ ਇੰਦਰਾਜ ਦਰਜ ਕੀਤੇ ਜਾਂਦੇ ਹਨ।

**੧੨. ਸ੍ਰੀ ਗੁਰੂ ਨਾਨਕ ਦੇਵ ਬਗੀਚੀ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਦੇ ਮੌਕੇ 'ਤੇ ਇੰਸਟੀਚਿਊਟ ਵਿਚ ਉਨ੍ਹਾਂ ਦੇ ਨਾਮ ਉੱਪਰ ਇਕ ਬਗੀਚੀ ਤਿਆਰ ਕੀਤੀ ਗਈ ਹੈ ਜਿਸ ਵਿਚ ਭਾਂਤ-ਭਾਂਤ ਦੇ ਫਲਦਾਰ ਬੂਟੇ ਜਿਵੇਂ-ਬੇਰੀ, ਨਿੰਬੂ, ਚਕੋਤਰਾ, ਬਿਲ, ਆੜੂ, ਫਾਲਸਾ, ਕਰੌਂਦਾ, ਕੇਲਾ, ਔਲਾ, ਅਮਰੂਦ, ਅੰਬ, ਅੰਜੀਰ, ਅਨਾਰ ਅਤੇ ਜਾਮਨ ਆਦਿਕ ਲਾਏ ਗਏ ਹਨ। ਇੰਸਟੀਚਿਊਟ ਦੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਰਲ-ਮਿਲ ਕੇ ਸੰਭਾਲ ਕੀਤੀ ਜਾਂਦੀ ਹੈ। ਇੰਸਟੀਚਿਊਟ ਵਿਚ ਫੁੱਲਦਾਰ ਬੂਟਿਆਂ ਦੀ ਆਪਣੀ ਨਰਸਰੀ ਵੀ ਹੈ। ਇੰਸਟੀਚਿਊਟ ਦਾ ਹਰਿਆ-ਭਰਿਆ ਚੌਗਿਰਦਾ ਇਸ ਨੂੰ ਦੇਖਣ ਵਾਲਿਆਂ ਨੂੰ ਮੰਤਰ-ਮੁਗਧ ਕਰਦਾ ਹੈ।

**੧੩. ਸੀਵਰੇਜ ਟਰੀਟਮੈਂਟ ਪਲਾਂਟ:** ਆਧੁਨਿਕ ਵਿਧੀਆਂ ਰਾਹੀਂ ਸੀਵਰੇਜ ਦੇ ਪਾਣੀ ਨੂੰ ਵਰਤਣ ਲਈ ਇੰਸਟੀਚਿਊਟ ਵਿਚ 'ਸੀਵਰੇਜ ਟਰੀਟਮੈਂਟ ਪਲਾਂਟ' ਲਗਾਇਆ ਗਿਆ ਹੈ। ਗੰਦਾ ਪਾਣੀ ਵੱਖ-ਵੱਖ ਖੂਹਾਂ ਰਾਹੀਂ ਇਕ ਥਾਂ ਇਕੱਠਾ ਕਰ ਕੇ ਇੰਸਟੀਚਿਊਟ ਵਿਚ ਲੱਗੇ ਪੌਦਿਆਂ ਨੂੰ ਸਿੰਜ ਕੇ ਜ਼ਮੀਨੀ ਪਾਣੀ ਨੂੰ ਬਚਾਇਆ ਜਾ ਰਿਹਾ ਹੈ।

**੧੪. ਸਿੱਖ ਆਰਕਾਈਵ ਪ੍ਰੋਜੈਕਟ:** ਸੰਨ ੨੦੧੮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਇੰਸਟੀਚਿਊਟ ਵਿਚ 'ਸਿੱਖ ਆਰਕਾਈਵ ਪ੍ਰੋਜੈਕਟ' ਸ਼ੁਰੂ ਕਰਨ ਦੀ ਵਿਉਂਤ ਬਣਾਈ ਗਈ ਸੀ। ਇਸ ਲਈ ਉੱਘੇ ਪਰਵਾਸੀ ਚਿੰਤਕ ਡਾ. ਦਰਸ਼ਨ ਸਿੰਘ ਜੀ ਨੂੰ ਬਤੌਰ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ ਪਰ

ਅਕਾਲ ਪੁਰਖ ਦੇ ਹੁਕਮ ਅਨੁਸਾਰ ਉਹ ਸਦੀਵੀ ਵਿਛੋੜਾ ਦੇ ਗਏ ਅਤੇ ਇਹ ਪ੍ਰੋਜੈਕਟ ਰੁਕ ਗਿਆ। ਭਵਿੱਖ ਵਿਚ ਜੇਕਰ ਇਹ ਪ੍ਰੋਜੈਕਟ ਸ਼ੁਰੂ ਹੁੰਦਾ ਹੈ ਤਾਂ ਇਹ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸਿਕ ਤੇ ਮਿਸਾਲੀ ਕਾਰਜ ਹੋਵੇਗਾ ਕਿਉਂਕਿ ਆਰਕਾਈਵ ਅਜੋਕੇ ਯੁੱਗ ਦੀ ਨਿਵੇਕਲੀ ਵਿਧਾ ਹੈ ਜਿਸ ਰਾਹੀਂ ਅਸੀਂ ਆਪਣੇ ਇਤਿਹਾਸ ਦੇ ਵਡਮੁੱਲੇ ਸਰੋਤਾਂ ਅਤੇ ਵਿਰਾਸਤੀ ਦਸਤਾਵੇਜ਼ਾਂ/ਨਿਸ਼ਾਨੀਆਂ ਨੂੰ ਲੰਮਾਂ ਸਮਾਂ ਸੰਭਾਲ ਸਕਦੇ ਹਾਂ।

**੧੫. ਨਿਸ਼ਚੈ ਅਕੈਡਮੀ ਫਾਰ ਜੁਡੀਸ਼ੀਅਲ ਸਰਵਸਿਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਨੌਜੁਆਨਾਂ ਨੂੰ ਜੁਡੀਸ਼ੀਅਲ ਸਰਵਸਿਜ਼ ਦੀ ਤਿਆਰੀ ਕਰਵਾਉਣ ਲਈ ਇਕ ਨਿਸ਼ਚੈ ਅਕੈਡਮੀ ਫਾਰ ਜੁਡੀਸ਼ੀਅਲ ਸਰਵਸਿਜ਼ ਇਸ ਵਰ੍ਹੇ ਇੰਸਟੀਚਿਊਟ ਵਿਚ ਸਥਾਪਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਵਿਚ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਕਰਵਾਉਣ ਦੇ ਨਾਲ ਨਾਲ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਹੋਵੇਗਾ। ਇਸ ਅਕੈਡਮੀ ਵਿਚ ਨਿਰੋਲ ਮੈਰਿਟ ਦੇ ਆਧਾਰ ’ਤੇ ਦਾਖ਼ਲਾ ਦਿੱਤਾ ਜਾਵੇਗਾ। ਇਸ ਤਰ੍ਹਾਂ ਇਹ ਇੰਸਟੀਚਿਊਟ ਲਗਾਤਰ ਅਕਾਦਮਿਕ ਪੁਲਾਂਘਾਂ ਪੁੱਟ ਰਿਹਾ ਹੈ। ਇੱਥੇ ਹੋ ਰਹੇ ਯਤਨ ਸੰਸਾਰ ਵਿਚ ਗੁਰਮਤਿ ਦੀ ਵਿਲੱਖਣ ਪਛਾਣ ਸਥਾਪਿਤ ਕਰਨਗੇ ਅਤੇ ਪੰਥ ਦੀ ਮਾਣਮਤੀ ਸੰਸਥਾ ਦੇ ਮਾਣ ਨੂੰ ਵਧਾਉਣਗੇ। ਅਸੀਂ ਅਕਾਲ ਪੁਰਖ ਦੇ ਚਰਨਾਂ ਵਿਚ ਪੰਥ ਦੀ ਇਸ ਮਾਣਮੱਤੀ ਸੰਸਥਾ ਦੇ ਉੱਜਲ ਭਵਿੱਖ ਦੀ ਕਾਮਨਾ ਕਰਦੇ ਹਾਂ।

**ਹਵਾਲੇ :**

**੧.** Dr. Kirpal Singh, *Perspectives on Sikh Gurus,* P 219

**੨.** ਡਾ. ਗੰਡਾ ਸਿੰਘ, *ਹੁਕਮਨਾਮੇ,* ਪੰਨਾ ਨੰ. ੯੫

**੩.** ਗਿਆਨੀ ਗਿਆਨ ਸਿੰਘ, *ਮਾਲਵਾ ਦੇਸ ਰਟਨ ਦੀ ਪੋਥੀ,* ਪੰਨਾ ੨੨

**੪.**ਬਹਾਦਰਗੜ੍ਹ ਦੇ ਆਸਪਾਸ ਕਈ ਰਸੂਲਪੁਰ ਨਾਂ ਦੇ ਪਿੰਡ ਹਨ। ਉਨ੍ਹਾਂ ਪਿੰਡਾਂ ਵਿੱਚੋਂ ਕਿਹੜਾ ਅਸਲ ਪਿੰਡ ਹੈ? ਅਜੇ ਖੋਜ ਦਾ ਮੁਥਾਜ ਹੈ।

**੫.** Dr. Gursharan Singh (Ed.), *Patiala and its Surroundings,* P. 22-23

**੬.** *ਮਹਾਨ ਕੋਸ਼,* ਪੰਨਾ ੮੨੭

**੭.** *ਗੁਰਬਾਣੀ ਸੰਥਿਆ: ਉਚਾਰਨ ਦੇ ਵਿਸ਼ੇਸ਼ ਹਵਾਲੇ ਨਾਲ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ ੨੦੨੧

**੮.** *ਕਲਮ ਦੇ ਧਨੀ: ਚੋਣਵੀਆਂ ਸਿੱਖ ਸ਼ਖ਼ਸੀਅਤਾਂ,* ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟਡੀਜ਼, ਕੈਨੇਡਾ, ੨੦੨੩

**੯.** ਗੁਰਦੁਆਰਾ ਪ੍ਰਬੰਧ : ਵਿਸ਼ੇਸ਼ ਅੰਕ, *ਗੁਰਮਤਿ ਪ੍ਰਕਾਸ਼,* ਸ੍ਰੀ ਅੰਮ੍ਰਿਤਸਰ ਸਾਹਿਬ, ਨਵੰਬਰ ੨੦੨੧

**੧੦.** ਗੁਰਮੁਖੀ: ਵਿਸ਼ੇਸ਼ ਅੰਕ, *ਗੁਰਮਤਿ ਪ੍ਰਕਾਸ਼,* ਸ੍ਰੀ ਅੰਮ੍ਰਿਤਸਰ, ਸਤੰਬਰ ੨੦੨੨

**੧੧.** ਰਮਨਦੀਪ ਕੌਰ (ਸੰਪਾ.), *ਗੁਰਮੁਖੀ: ਵਿਰਸਾ ਅਤੇ ਵਰਤਮਾਨ,* ਗੁਰਮੁਖੀ ਟਕਸਾਲ, ੨੦੨੨

**੧੨.** ਜਤਿੰਦਰਪਾਲ ਸਿੰਘ (ਸੰਪਾ.), *ਗੁਰਮੁਖੀ: ਵਿਰਸਾ ਅਤੇ ਵਰਤਮਾਨ,* ਭਾਗ ਦੂਜਾ, ਗੁਰਮੁਖੀ ਟਕਸਾਲ, ੨੦੨੩

# ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ (ਲੜਕੀਆਂ) ਸ੍ਰੀ ਅੰਮ੍ਰਿਤਸਰ।

*-ਬੀਬੀ ਪੁਸ਼ਪਿੰਦਰ ਕੌਰ**

ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਾਸਾਰ ਲਈ ਸੰਸਾਰ ਭਰ ਵਿਚ ਬਹੁਤ ਹੀ ਘੱਟ ਸੰਸਥਾਵਾਂ ਹਨ, ਜਿੱਥੇ (ਲੜਕੀਆਂ) ਗੁਰਮਤਿ ਸੰਗੀਤ ਨਾਲ ਜੁੜ ਸਕਣ। ਇਸ ਘਾਟ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਕਿ ਸਿੱਖ ਕੌਮ ਦੀ ਸਰਵੋਤਮ ਸੰਸਥਾ ਹੈ, ਨੇ ਆਪਣਾ ਇਖ਼ਲਾਕੀ ਫ਼ਰਜ਼ ਸਮਝ ਕੇ ਸਾਲ ੨੦੧੫ ਵਿਚ ਕੇਵਲ ਲੜਕੀਆਂ ਵਾਸਤੇ ਇੱਕ ਨਿਰੋਲ ਗੁਰਮਤਿ ਸੰਗੀਤ ਅਕੈਡਮੀ ਦਾ ਆਗ਼ਾਜ਼ ਕੀਤਾ ਜਿਸ ਦਾ ਨਾਮ ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ ਰੱਖਿਆ ਗਿਆ ਜੋ ਕਿ ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਚੱਲ ਰਹੀ ਹੈ। ਇਹ ਸੰਸਥਾ ਖੁੱਲੇ ਰੂਪ ਵਿਚ ਛੋਟੀਆਂ ਬੱਚੀਆਂ ਤੋਂ ਲੈ ਕੇ ਬੀਬੀਆਂ ਤਕ ਨੂੰ ਗੁਰਮਤਿ ਸੰਗੀਤ ਦੇ ਨਿਰਧਾਰਿਤ ਰਾਗਾਂ ਦੇ ਨਾਲ-ਨਾਲ ਤਬਲੇ ਦੀ ਸਿਖਲਾਈ ਪਿਛਲੇ ਅੱਠ ਸਾਲਾਂ ਤੋਂ ਦੇ ਰਹੀ ਹੈ।

ਅਕੈਡਮੀ ਦੀਆਂ ਬੱਚੀਆਂ ਵੱਲੋਂ ਸਮੇਂ-ਸਮੇਂ ਹੋ ਰਹੇ ਰਾਗਾਂ 'ਤੇ ਆਧਾਰਿਤ ਵੱਖ-ਵੱਖ ਗੁਰਮਤਿ ਰਾਗ ਦਰਬਾਰਾਂ ਵਿਚ ਵੀ ਹਿੱਸਾ ਲਿਆ ਜਾਂਦਾ ਹੈ। ਜਿਵੇਂ ਕਿ- ਸ੍ਰੀ ਗੁਰੂ ਰਾਮਦਾਸ ਗੁਰਪੁਰਬ ਸੰਬੰਧੀ ਮੰਜੀ ਸਾਹਿਬ ਵਿਖੇ ਹੋ ਰਹੇ ਰਾਗ ਦਰਬਾਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੌਰਾਨ (ਜਵੱਦੀ ਟਕਸਾਲ) ਵਿਖੇ ਤਕਰੀਬਨ ਪਿਛਲੇ (੪ ਕੁ ਸਾਲਾਂ) ਤੋਂ ਇਸ ਅਕੈਡਮੀ ਵੱਲੋਂ ਹਾਜ਼ਰੀ ਭਰੀ ਜਾ ਰਹੀ ਹੈ।

ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ (ਜੰਡਿਆਲਾ ਗੁਰੂ) ਵਿਖੇ ਵੀ ਇਸ ਸੰਸਥਾ ਦੀਆਂ ਵਿਦਿਆਰਥਣਾਂ ਵੱਲੋਂ ਹਾਜ਼ਰੀ ਭਰੀ ਜਾ ਰਹੀ ਹੈ। ਪੰਜਾ ਸਾਹਿਬ ਦੀ ਸ਼ਤਾਬਦੀ ਦੇ ਸਮਾਗਮ ਵਿਚ ਵੀ ਇਸ ਅਕੈਡਮੀ ਦੀਆਂ ਵਿਦਿਆਰਥਣਾਂ ਵੱਲੋਂ ਹਾਜ਼ਰੀ ਭਰੀ ਗਈ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੪੦੦-ਸਾਲਾ ਪ੍ਰਕਾਸ਼ ਗੁਰਪੁਰਬ ਦੇ ਸ਼ਤਾਬਦੀ ਸਮਾਗਮ (੨੯ ਅਪ੍ਰੈਲ, ੨੦੨੧) ਵਿਚ ਵੀ ਅਕੈਡਮੀ ਵੱਲੋਂ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਹਾਜ਼ਰੀ ਭਰੀ ਗਈ।

ਇਸ ਅਕੈਡਮੀ ਦੀਆਂ ਵਿਦਿਆਰਥਣਾਂ ਬਾਹਰ ਵਿਦੇਸ਼ਾਂ ਵਿਚ ਵੀ ਆਪਣਾ ਨਾਮ ਕਮਾ ਰਹੀਆਂ ਹਨ ਅਤੇ ਇੱਥੋਂ ਸਿਖਲਾਈ ਲੈ ਕੇ ਬਾਹਰ ਵੀ ਸੇਵਾਵਾਂ ਦੇ ਰਹੀਆਂ ਹਨ। ਇੱਥੋਂ ਸਿਖਲਾਈ ਲੈ ਕੇ ਵਿਦਿਆਰਥਣਾਂ ਆਪਣਾ ਅਤੇ ਆਪਣੀ ਸੰਸਥਾ ਦਾ ਨਾਮ ਰੋਸ਼ਨ ਕਰ ਰਹੀਆਂ ਹਨ। ■

** ਇੰਚਾਰਜ, ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ (ਲੜਕੀਆਂ) ਰਾਮਸਰ ਰੋਡ ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੮੮੭੨੯-੦੧੧੨੨*

# ਗਿਆਨੀ ਸੋਹਣ ਸਿੰਘ ਸੀਤਲ ਢਾਡੀ ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ

*-ਡਾ. ਜਸਵੰਤ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਾਨਕ ਨਿਰਮਲ ਪੰਥ ਵਿਚ ਸਰਬੱਤ ਦੇ ਭਲੇ ਵਾਲੇ ਕਾਰਜ ਕਰਦਿਆਂ ਪਹਿਲੀਆਂ ਪੰਜ ਪਾਤਸ਼ਾਹੀਆਂ ਨੇ ਸ਼ਾਂਤਮਈ ਵਿਚਰਦਿਆਂ ਕੁਲ ਲੋਕਾਈ ਨੂੰ ਭਗਤੀ ਰਾਹੀਂ ਇੱਕ ਅਕਾਲ ਪੁਰਖ ਨਾਲ ਜੋੜਿਆ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ ਨਾਲ ਸ਼ਕਤੀ ਦਾ ਪ੍ਰਵੇਸ਼ ਕਰਵਾਉਂਦਿਆਂ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦੀ ਤਾਕੀਦ ਕੀਤੀ, ਸ੍ਰੀ ਅਕਾਲ ਤਖਤ ਸਾਹਿਬ ਦਾ ਨਿਰਮਾਣ ਕਰਵਾਇਆ, ਸਿੱਖਾਂ ਵਿਚ ਬੀਰ ਰਸ ਪੈਦਾ ਕਰਨ ਲਈ ਢਾਡੀ ਵਾਰਾਂ ਸੁਣਾਉਣ ਲਈ ਭਾਈ ਨੱਥ ਮੱਲ ਅਤੇ ਭਾਈ ਅਬਦੁੱਲਾ ਜੀ ਨੂੰ ਨਿਯੁਕਤ ਕੀਤਾ। ਇਸੇ ਲੜੀ ਵਿਚ ਦਸਵੇਂ ਪਾਤਸ਼ਾਹ ਜੀ ਦੇ ਸਮੇਂ ਦੇ ਪ੍ਰਸਿੱਧ ਢਾਡੀ ਮੀਰ ਛਬੀਲਾ ਜੀ ਅਤੇ ਭਾਈ ਮੁਸ਼ਕੀ ਜੀ ਅਤੇ ਮਾਲਵੇ ਖੇਤਰ ਵਿਚ ਭਾਈ ਸੁੱਖੂ ਅਤੇ ਭਾਈ ਬੁੱਧੂ ਜੀ ਹੋਏ ਸਨ। ਇਸੇ ਤਰ੍ਹਾਂ ਉਦੋਂ ਤੋਂ ਲੈ ਕੇ ਹੁਣ ਤਕ ਇਸ ਕਲਾ ਰਾਹੀਂ ਨਾਮਵਰ ਢਾਡੀਆਂ ਨੇ ਸਮੇਂ-ਸਮੇਂ ਪੰਥ ਨੂੰ ਹਲੂਣਦਿਆਂ ਹੋਇਆਂ ਸਿੱਖ ਵਿਰਸੇ ਦੀ ਸਾਂਭ-ਸੰਭਾਲ ਲਈ ਪ੍ਰੇਰਿਆ।

ਗੁਰੂ-ਕਾਲ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਮੇਂ ਤੋਂ ਲੈ ਕੇ ਮਿਸਲਾਂ ਦੇ ਵੇਲੇ ਤਕ ਸਿੱਖ ਯੋਧਿਆਂ ਦੇ ਜਜ਼ਬਿਆਂ ਵਿਚ ਜੋਸ਼ ਭਰਨ ਦਾ ਕਾਰਜ ਢਾਡੀ ਨਿਭਾਉਂਦੇ ਰਹੇ। ਸਿੰਘ ਸਭਾ ਲਹਿਰ ਦੇ ਸਮੇਂ ਦੇ ਪ੍ਰਮੁੱਖ ਢਾਡੀ ਬਾਬਾ ਕਿਸ਼ਨ ਸਿੰਘ ਕੜਤੋੜ, ਕਵੀ ਸੋਹਣ ਸਿੰਘ ਘੁੱਕੇਵਾਲੀਆ ਅਤੇ ਭਾਈ ਸੋਹਣ ਸਿੰਘ ਭੀਲ੍ਹਾ ਆਦਿ ਸਨ। ਇਸੇ ਤਰ੍ਹਾਂ ਦੇਸ਼ ਵੰਡ ਤੋਂ ਬਾਅਦ ਵੀ ਅਨੇਕਾਂ ਢਾਡੀ-ਕਵੀਸ਼ਰ ਹੋਏ ਹਨ ਜਿਨ੍ਹਾਂ ਨੇ ਢਾਡੀ ਕਲਾ ਦੇ ਨਾਲ ਨਾਲ ਰਾਜਨੀਤੀ ਵਿਚ ਵੀ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਵਿਚ ਗਿਆਨੀ ਦਲੀਪ ਸਿੰਘ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ ਅਤੇ ਅਕਾਲੀ ਦਲ ਵੱਲੋਂ ਐਮ. ਐਲ. ਏ. ਵੀ ਬਣੇ। ਇਸੇ ਤਰ੍ਹਾਂ ਪਾਲ ਸਿੰਘ ਪੰਛੀ ਢਾਡੀ ਹੋਣ ਦੇ ਨਾਲ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ। ਸ. ਬਲਵੰਤ ਸਿੰਘ ਰਾਮੂਵਾਲੀਆ ਜਿਨ੍ਹਾਂ ਦਾ ਰਾਜਨੀਤੀ ਵਿਚ ਚੰਗਾ ਨਾਮ ਹੈ, ਪਹਿਲਾਂ ਇਕ ਸਫਲ ਢਾਡੀ ਸਨ ਅਤੇ ਇਨ੍ਹਾਂ ਨੇ ਧਰਮ ਯੁੱਧ ਮੋਰਚੇ ਵਿਚ ਖੂਬ ਸੇਵਾ ਨਿਭਾਈ। ਇਸੇ ਤਰ੍ਹਾਂ ਪਿਆਰਾ ਸਿੰਘ ਪੰਛੀ, ਮੂਲਾ ਸਿੰਘ ਪਾਖਰਪੁਰ, ਗੁਰਚਰਨ ਸਿੰਘ ਗੋਹਲਵੜ ਆਦਿ ਅਨੇਕਾਂ ਨਾਮ ਗਿਣੇ ਜਾ ਸਕਦੇ ਹਨ। ਗਿਆਨੀ ਸੋਹਣ ਸਿੰਘ ਸੀਤਲ, ਦਇਆ ਸਿੰਘ ਦਿਲਬਰ, ਕਵੀਸ਼ਰ ਜੋਗਾ ਸਿੰਘ

** ਪ੍ਰਿੰਸੀਪਲ, ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ, ਗੁਰੂ ਕੀ ਵਡਾਲੀ, ਛੇਹਰਟਾ, ਸ੍ਰੀ ਅੰਮ੍ਰਿਤਸਰ। ਮੋ. ੯੪੬੩੦-੯੪੦੧੭*

ਜੋਗੀ ਆਦਿ ਪ੍ਰਮੁੱਖ ਢਾਡੀ ਕਵੀਸ਼ਰ ਹੋਏ ਹਨ। ਵਿਦੇਸ਼ ਦੀ ਧਰਤੀ ਉੱਪਰ ਗਿਆਨੀ ਕੇਵਲ ਸਿੰਘ ਨਿਰਦੋਸ਼, ਤ੍ਰਿਲੋਚਨ ਸਿੰਘ ਭਮੱਦੀ, ਕੁਲਜੀਤ ਸਿੰਘ ਦਿਲਬਰ ਜਿਹੇ ਨਾਮਵਰ ਢਾਡੀ ਕਲਾ ਰਾਹੀਂ ਸਿੱਖ ਇਤਿਹਾਸ ਦੀ ਸੇਵਾ ਕਰ ਰਹੇ ਹਨ। ਮੌਜੂਦਾ ਸਮੇਂ ਗਿਆਨੀ ਚਰਨ ਸਿੰਘ ਆਲਮਗੀਰ ਢਾਡੀ ਕਲਾ ਵਿਚ ਖੂਬ ਨਾਮਣਾ ਖੱਟ ਰਹੇ ਹਨ। ਇਹ ਢਾਡੀ ਸੇਵਾ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਸੋ ਛੇਵੇਂ ਪਾਤਸ਼ਾਹ ਵੱਲੋਂ ਬਖਸ਼ੀ ਇਸ ਕਲਾ ਰਾਹੀਂ ਉਦੋਂ ਤੋਂ ਲੈ ਕੇ ਹੁਣ ਤਕ ਲਗਾਤਾਰ ਸਿੱਖ ਇਤਿਹਾਸ ਦੀ ਸੇਵਾ ਕੀਤੀ ਜਾ ਰਹੀ ਹੈ।

ਸਿੱਖ ਰਾਜ ਤੋਂ ਬਾਅਦ ਪੰਜਾਬ ਉੱਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚ ਸਭ ਤੋਂ ਔਖਾ ਰਾਜ ਪੰਜਾਬ ਦਾ ਮਿਲਿਆ। ਅੰਗਰੇਜ਼ ਇਹ ਭਲੀ ਭਾਂਤ ਜਾਣਦੇ ਸਨ ਕਿ ਸਿੱਖਾਂ ਨੂੰ ਅਧਿਆਤਮਿਕ ਖੁਰਾਕ ਅਤੇ ਜ਼ੁਲਮ ਖ਼ਿਲਾਫ ਲੜਨ ਦੀ ਪ੍ਰੇਰਨਾ ਗੁਰਦੁਆਰਾ ਸਾਹਿਬ ਤੋਂ ਮਿਲਦੀ ਹੈ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਆਪਣੇ ਅਧੀਨ ਕਰਨ ਲਈ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਉੱਪਰ ਭ੍ਰਿਸ਼ਟ ਮਹੰਤਾਂ ਦਾ ਕਬਜ਼ਾ ਕਰਵਾਇਆ। ਉਨ੍ਹਾਂ ਤੋਂ ਗੁਰਦੁਆਰਾ ਸਾਹਿਬਾਨ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਥਾਂ-ਥਾਂ ਮੋਰਚੇ ਲਾਏ ਜਿਸਦੇ ਨਤੀਜੇ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ, ਜਿਸ ਦਾ ਮੁੱਖ ਕਾਰਜ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ-ਕਰਨਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤਕ ਕੁਝ ਪ੍ਰਮੁੱਖ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿੱਚੋਂ ਛੁਡਾਉਣੇ ਬਾਕੀ ਸਨ। ੨੧ ਫਰਵਰੀ, ੧੯੨੧ ਈ. ਸਾਕਾ ਨਨਕਾਣਾ ਸਾਹਿਬ ਤੋਂ ਬਾਅਦ ਪੰਥ ਵਿਚ ਅਜਿਹੀ ਕਿਸੇ ਸੰਸਥਾ ਦੀ ਲੋੜ ਮਹਿਸੂਸ ਕੀਤੀ ਗਈ ਜਿਸ ਰਾਹੀਂ ਸਿੱਖ ਜੀਵਨ-ਜਾਚ ਨੂੰ ਪ੍ਰਣਾਏ ਰਾਗੀ, ਪ੍ਰਚਾਰਕ, ਤੇ ਢਾਡੀ ਆਦਿ ਤਿਆਰ ਕੀਤੇ ਜਾਣ। ਜਿਸ ਤਹਿਤ ੧੯੨੭ ਈ. ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਹੋਈ ਜਿਸ ਵਿਚ ਪ੍ਰਚਾਰਕ ਤੇ ਰਾਗੀ ਤਿਆਰ ਕਰਨ ਦਾ ਉਦੇਸ਼ ਤਾਂ ਸੀ ਪ੍ਰੰਤੂ ਢਾਡੀ ਤੇ ਕਵੀਸ਼ਰ ਦੀ ਸਿਖਲਾਈ ਦਾ ਸਿੱਧੇ ਤੌਰ 'ਤੇ ਕੋਈ ਪ੍ਰਬੰਧ ਨਹੀਂ ਸੀ। ਸਿੱਖ ਪੰਥ ਵਿੱਚੋਂ ਢਾਡੀ ਤੇ ਕਵੀਸ਼ਰ ਕਲਾ ਦੇ ਪਰੰਪਰਾਗਤ ਅਲੋਪ ਹੋ ਰਹੇ ਰੂਪ ਨੂੰ ਸਾਂਭਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਅਜਿਹਾ ਕਾਲਜ ਖੋਲ੍ਹਣ ਦੀ ਯੋਜਨਾ ਉਲੀਕੀ ਗਈ।

### ਕਾਲਜ ਦੀ ਸਥਾਪਨਾ

ਸਿੱਖ ਪੰਥ ਵਿਚ ਕੀਰਤਨ ਪਰੰਪਰਾ ਦਾ ਆਗਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ, ਪੰਜਵੇਂ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਵੇਲੇ ਤੋਂ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤ ਨੂੰ ਕੀਰਤਨ ਸਰਵਣ ਕਰਵਾਉਣ ਲਈ ਕੀਰਤਨੀ ਜਥੇ ਰੱਖੇ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖਾਂ ਵਿਚ ਬੀਰ ਰਸ ਭਰਨ ਲਈ ਢਾਡੀ ਵਾਰਾਂ ਗਾਇਨ

ਪਰੰਪਰਾ ਨੂੰ ਸ਼ੁਰੂ ਕੀਤਾ। ਸੋ ਗੁਰੂ ਆਸ਼ੇ ਅਨੁਸਾਰ ਸਿੱਖ ਪੰਥ ਵਿਚ ਕੀਰਤਨ ਪਰੰਪਰਾ ਦੇ ਨਾਲ-ਨਾਲ ਢਾਡੀ ਤੇ ਕਵੀਸ਼ਰ ਕਲਾ ਨੂੰ ਸਾਂਭਣਾ ਵੀ ਜ਼ਰੂਰੀ ਹੈ। ਢਾਡੀ ਅਤੇ ਕਵੀਸ਼ਰ ਕਲਾ ਹੁਣ ਤਕ ਗੁਰੂ-ਚੇਲਾ ਪਰੰਪਰਾ ਰਾਹੀਂ ਹੀ ਸਿੱਖੀ ਸਿਖਾਈ ਜਾ ਰਹੀ ਸੀ। ਪੂਰੀ ਦੁਨੀਆ ਵਿਚ ਇਨ੍ਹਾਂ ਕਲਾਵਾਂ ਨੂੰ ਗੁਰਮਤਿ ਆਸ਼ੇ ਅਨੁਸਾਰ ਸਿਖਾਉਣ ਲਈ ਕੋਈ ਸੰਸਥਾ ਨਹੀਂ ਸੀ। ਇਸ ਲੋੜ ਨੂੰ ਮਹਿਸੂਸ ਕਰਦਿਆਂ ਪੰਥ ਵਿਚ ਪੜ੍ਹੇ-ਲਿਖੇ ਢਾਡੀ ਕਵੀਸ਼ਰ ਪੈਦਾ ਕਰਨ ਦਾ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ ਦੇ ਮਨ ਵਿਚ ਆਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਗੁਰੂ ਕੀ ਵਡਾਲੀ, ਛੇਹਰਟਾ, ਸ੍ਰੀ ਅੰਮ੍ਰਿਤਸਰ ਵਿਖੇ ਗਿਆਨੀ ਸੋਹਣ ਸਿੰਘ ਸੀਤਲ ਢਾਡੀ ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ ਖੋਲਣ ਲਈ ਸੰਨ ੨੦੦੪ ਵਿਚ ਇਸ ਕਾਲਜ ਦਾ ਨੀਂਹ-ਪੱਥਰ ਰੱਖਿਆ ਅਤੇ ਲਗਪਗ ਦੋ ਸਾਲ ਵਿਚ ਕਾਲਜ ਦੀ ਇਮਾਰਤ ਤਿਆਰ ਹੋ ਗਈ, ਪਰੰਤੂ ਕਾਲਜ ਸ਼ੁਰੂ ਨਾ ਹੋ ਸਕਿਆ। ਸੰਨ ੨੦੧੭ ਵਿਚ ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਨ 'ਤੇ ਇਸ ਕਾਲਜ ਨੂੰ ਸ਼ੁਰੂ ਕਰਨ ਲਈ ਕਾਰਵਾਈ ਅਰੰਭੀ ਜਿਸਦੇ ਫਲਸਰੂਪ ਤਿਆਰ ਕੀਤੀ ਕਾਲਜ ਦੀ ਇਮਾਰਤ ਦਾ ਉਦਘਾਟਨ ੨੩ ਜੁਲਾਈ, ੨੦੧੮ ਈ. ਨੂੰ ਭਾਈ ਗੋਬਿੰਦ ਸਿੰਘ ਲੌਂਗੋਵਾਲ ਜੀ ਦੀ ਪ੍ਰਧਾਨਗੀ ਸਮੇਂ ਹੋਇਆ।

## ਕਾਲਜ ਵਿਚ ਕਰਵਾਏ ਜਾਂਦੇ ਕੋਰਸ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਕਾਲਜ ਵਿਖੇ ਤਿੰਨ ਸਾਲਾ ਢਾਡੀ-ਕਵੀਸ਼ਰ ਕੋਰਸ ਦਾ ਪਹਿਲਾ ਸੈਸ਼ਨ ੨੦੧੮-੨੦੨੧ ਈ. ਅਰੰਭ ਕੀਤਾ ਸੀ ਜਿਸ ਵਿੱਚੋਂ ਪੰਜ ਢਾਡੀ ਅਤੇ ਪੰਜ ਕਵੀਸ਼ਰ ਵਿਦਿਆਰਥੀ ਕੋਰਸ ਪਾਸ ਕਰ ਚੁੱਕੇ ਹਨ। ਕਵੀਸ਼ਰ ਕਲਾਸ ਵਿੱਚੋਂ ਪਹਿਲੇ ਸਥਾਨ ਪੁਰ ਆਏ ਵਿਦਿਆਰਥੀ ਕਾਲਜ ਵਿਖੇ ਮੌਜੂਦਾ ਸੈਸ਼ਨ ਵਿਚ ਕਵੀਸ਼ਰ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਦੂਜੇ ਕਵੀਸ਼ਰ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਿਚ ਕਵੀਸ਼ਰੀ ਜਥੇ ਵਜੋਂ ਸੇਵਾ ਨਿਭਾ ਰਹੇ ਹਨ। ਇਸੇ ਤਰ੍ਹਾਂ ਢਾਡੀ ਕਲਾਸ ਦੇ ਵਿਦਿਆਰਥੀ ਵੀ ਆਪਣੀ ਯੋਗਤਾ ਅਨੁਸਾਰ ਵੱਖ-ਵੱਖ ਸਥਾਨਾਂ ਪੁਰ ਸੇਵਾਵਾਂ ਨਿਭਾ ਰਹੇ ਹਨ।

ਧਰਮ ਪ੍ਰਚਾਰ ਕਮੇਟੀ ਵੱਲੋਂ ਵਿਦਿਆਰਥੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਇਨ੍ਹਾਂ ਕੋਰਸਾਂ ਦਾ ਸਮਾਂ ਤਿੰਨ ਸਾਲ ਤੋਂ ਘਟਾ ਕੇ ਦੋ ਸਾਲ ਕਰ ਦਿੱਤਾ ਗਿਆ ਸੀ। ਜਿਸ ਅਨੁਸਾਰ ਮੌਜੂਦਾ ਸੈਸ਼ਨ ਸੰਨ ੨੦੨੩-੨੦੨੫ ਵਿਚ ਕੁੱਲ ੨੦ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਆਧੁਨਿਕ ਸਿੱਖਿਆ ਪ੍ਰਣਾਲੀ ਰਾਹੀਂ ਸਾਡੇ ਸਿੱਖ ਬੱਚੇ ਆਪਣੇ ਧਰਮ ਤੋਂ ਦੂਰ ਹੋ ਰਹੇ ਹਨ ਅਤੇ ਅਸਿੱਧੇ ਤੌਰ 'ਤੇ ਉਨ੍ਹਾਂ ਦੀ ਜੀਵਨ-ਸ਼ੈਲੀ ਕਿਸੇ ਖਾਸ ਇਕ ਧਰਮ ਵੱਲ ਰੁਚਿਤ ਹੋ ਰਹੀ ਹੈ ਜਿਸਦੇ ਸਿੱਟੇ ਵਜੋਂ ਪੰਜਾਬ ਵਿੱਚੋਂ ਸਿੱਖ ਨੌਜਵਾਨਾਂ ਦਾ

ਧੜਾਧੜ ਵਿਦੇਸ਼ਾਂ ਵਿਚ ਜਾਣਾ ਦੇਖਿਆ ਜਾ ਸਕਦਾ ਹੈ ਜਿਸ ਕਾਰਨ ਉਨ੍ਹਾਂ ਅੰਦਰ ਪੁਰਾਤਨ ਸਿੱਖ ਰਵਾਇਤਾਂ, ਪਰੰਪਰਾਵਾਂ ਦਾ ਬਚਣਾ ਕਾਫੀ ਕਠਿਨ ਹੋ ਚੁਕਾ, ਮਹਿਸੂਸ ਹੋ ਰਿਹਾ ਹੈ। ਇਸ ਲਈ ਸਾਡਾ ਧਾਰਮਿਕ ਫਰਜ਼ ਬਣਦਾ ਹੈ ਕਿ ਆਪਣੀਆਂ ਪੁਰਾਤਨ ਪਰੰਪਰਾਵਾਂ ਤੇ ਸ਼ਾਨਾਂਮੱਤੇ ਜਾਹੋ ਜਲਾਲ ਨੂੰ ਗੁਰੂ ਆਸ਼ੇ ਅਨੁਸਾਰ ਸਿੱਖ ਨੌਜਵਾਨਾਂ ਦੇ ਹਿਰਦਿਆਂ ਵਿਚ ਪ੍ਰਜਵਲਿਤ ਰੱਖੀਏ। ਸ. ਬਲਵਿੰਦਰ ਸਿੰਘ ਕਾਹਲਵਾਂ, ਸਕੱਤਰ, ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਕਾਲਜ ਦੀ ਕਾਮਯਾਬੀ ਲਈ ਯਤਨਸ਼ੀਲ ਹਨ ਅਤੇ ਇਹ ਕਾਲਜ ਪੰਥ ਨੂੰ ਗੁਰਮਤਿ ਜੀਵਨ-ਜਾਚ ਨੂੰ ਪ੍ਰਣਾਏ ਢਾਡੀ-ਕਵੀਸ਼ਰ ਦੇਣ ਲਈ ਵਚਨਬੱਧ ਹੈ।

ਬੇਸ਼ੱਕ ਗੁਰੂ ਚੇਲਾ ਪਰੰਪਰਾ ਜਾਂ ਪਰਿਵਾਰਕ ਪਿਛੋਕੜ ਵਿਚੋਂ ਸਿੱਖੇ ਢਾਡੀ ਕਵੀਸ਼ਰ ਸਟੇਜਾਂ ਉਪਰ ਬਾਖੂਬੀ ਸੇਵਾ ਨਿਭਾ ਰਹੇ ਹਨ ਪ੍ਰੰਤੂ ਅਜੋਕੇ ਨੌਜਵਾਨ ਜੋ ਇਸ ਕਲਾ ਵਿਚ ਸੌਖੀ ਆਰਥਿਕਤਾ ਤਲਾਸ਼ਦੇ ਹਨ। ਉਨ੍ਹਾਂ ਵਿਚ ਇਨ੍ਹਾਂ ਕਲਾਵਾਂ ਪ੍ਰਤੀ ਲੋੜੀਂਦੀ ਮਿਹਨਤ ਦਿਖਾਈ ਨਹੀਂ ਦਿੰਦੀ। ਸੋ ਜਿਨ੍ਹਾਂ ਸਿੱਖ ਨੌਜਵਾਨਾਂ ਨੇ ਇਨ੍ਹਾਂ ਕਲਾਵਾਂ ਰਾਹੀਂ ਪੰਥ ਦੀ ਸੇਵਾ ਕਰਨੀ ਹੈ ਉਹ ਅਜਿਹੀਆਂ ਸੰਸਥਾਵਾਂ ਵਿਸ਼ੇਸ਼ ਕਰਕੇ ਵਿਚਾਰ-ਅਧੀਨ ਸੰਸਥਾ ਗਿਆਨੀ ਸੋਹਣ ਸਿੰਘ ਸੀਤਲ ਢਾਡੀ ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ ਤੋਂ ਪਹਿਲਾਂ ਜ਼ਰੂਰ ਸਿੱਖਣ ਜਿੱਥੇ ਇਨ੍ਹਾਂ ਕਲਾਵਾਂ ਨੂੰ ਸਿਖਾਉਣ ਦਾ ਖਾਸ ਪ੍ਰਬੰਧ ਹੈ।

ਪੰਜਾਬ ਦੇ ਅਨੇਕਾਂ ਨਾਮਵਰ ਗਾਇਕ ਢਾਡੀ ਜਾਂ ਕਵੀਸ਼ਰ ਕਲਾ ਵਿੱਚੋਂ ਨਿਕਲੇ ਹਨ ਜਿਸ ਤੋਂ ਭਾਵ ਹੈ ਕਿ ਸਾਨੂੰ ਇਨ੍ਹਾਂ ਕਲਾਵਾਂ ਵਿਚ ਆਉਣ ਵਾਲੇ ਨੌਜਵਾਨਾਂ ਦਾ ਆਰਥਿਕ ਭਵਿੱਖ ਸੁਰੱਖਿਅਤ ਕਰਨਾ ਪਵੇਗਾ। ਸਿੱਖ ਸੰਗਤ ਨੂੰ ਵੀ ਅਜਿਹੇ ਸੁਸਿੱਖਿਅਤ ਨੌਜਵਾਨਾਂ ਨੂੰ ਬਣਦਾ ਮਾਣ-ਸਤਿਕਾਰ ਦੇਣਾ ਚਾਹੀਦਾ ਹੈ ਤਾਂ ਜੋ ਵੱਧ ਤੋਂ ਵੱਧ ਸਿੱਖ ਨੌਜਵਾਨ ਇਨ੍ਹਾਂ ਕਲਾਵਾਂ ਨੂੰ ਕੇਵਲ ਰੁਜ਼ਗਾਰ ਦਾ ਸਾਧਨ ਹੀ ਨਾ ਬਣਾਉਣ ਸਗੋਂ ਪੰਥ ਵਿਚ ਚੜ੍ਹਦੀ ਕਲਾ ਨਾਲ ਪ੍ਰਚਾਰ ਪ੍ਰਸਾਰ ਕਰਨ।

ਇਹ ਕਾਲਜ ਵਿਦਿਆਰਥੀਆਂ ਨੂੰ ਢਾਡੀ/ਕਵੀਸ਼ਰ ਕਲਾ ਵਿਚ ਨਿਪੁੰਨ ਕਰਨ ਦੇ ਨਾਲ ਨਾਲ ਉਨ੍ਹਾਂ ਵਿਚ ਨਵੇਂ ਪ੍ਰਸੰਗ ਰਚਣ ਦੀ ਪ੍ਰੇਰਨਾ ਅਤੇ ਚੇਟਕ ਲਾਉਣ ਲਈ ਕਵਿਤਾ ਰਚਣ ਦੇ ਮਾਪਦੰਡਾਂ ਦਾ ਗਿਆਨ ਕਰਵਾਉਣ ਲਈ ਵਚਨਬੱਧ ਹੈ। ਜ਼ਿਆਦਾਤਰ ਢਾਡੀ ਪਹਿਲੇ ਢਾਡੀਆਂ ਦੀਆਂ ਲਿਖੀਆਂ ਵਾਰਾਂ ਨੂੰ ਆਧਾਰ ਬਣਾ ਕੇ ਸਟੇਜ 'ਤੇ ਪ੍ਰਸੰਗ ਲਗਾਉਂਦੇ ਹਨ ਪ੍ਰੰਤੂ ਸੰਗਤ ਦੀ ਇਨ੍ਹਾਂ ਕਲਾਵਾਂ ਪ੍ਰਤੀ ਰੁਚੀ ਵਧਾਉਣ ਲਈ ਨਵਾਂਪਣ ਲਿਆਉਣਾ ਬਹੁਤ ਜ਼ਰੂਰੀ ਹੈ। ਕਾਲਜ ਵਿਚ ਪੜ੍ਹ ਰਹੇ ਵਿਦਆਰਥੀ ਨਵੇਂ ਪ੍ਰਸੰਗ ਰਚ ਵੀ ਰਹੇ ਹਨ ਅਤੇ ਨਾਲ-ਨਾਲ ਸਿਖਲਾਈ ਵੀ ਲੈ ਰਹੇ ਹਨ।

## ਕਾਲਜ ਵਿਚ ਦਾਖ਼ਲੇ ਦੀਆਂ ਸ਼ਰਤਾਂ ਅਤੇ ਰੁਜ਼ਗਾਰ ਦੇ ਮੌਕੇ

ਦਾਖ਼ਲੇ ਲਈ ਸ਼ਰਤਾਂ ਇਹ ਹਨ ਕਿ ਵਿਦਿਆਰਥੀ ਦਸਵੀਂ ਪਾਸ, ਅੰਮ੍ਰਿਤਧਾਰੀ, ਉਮਰ ੨੨ ਸਾਲ ਤਕ ਹੋਵੇ। ਜਿਸ ਵਿਚ ਵਿਦਿਆਰਥੀਆਂ ਨੂੰ ਢਾਡੀ-ਕਵੀਸ਼ਰ ਦੇ ਨਾਲ

ਨਾਲ ਤੰਤੀ ਸਾਜ਼ (ਸਾਰੰਗੀ) ਦੀ ਸਿਖਲਾਈ, ਲੜੀਵਾਰ ਗੁਰਬਾਣੀ ਦੀ ਸੰਥਿਆ ਅਤੇ ਗਤਕੇ ਦੀ ਸਿਖਲਾਈ ਮੁਫਤ ਦਿੱਤੀ ਜਾਂਦੀ ਹੈ। ਜਿਸ ਵਿਚ ਵਿਦਿਆਰਥੀ ਦੀ ਰਿਹਾਇਸ਼ ਬਿਲਕੁਲ ਮੁਫਤ ਹੈ। ਹਰ ਮਹੀਨੇ ਵਿਦਿਆਰਥੀ ਨੂੰ ਲੰਗਰ ਖਰਚ ਲਈ ੧੫੦੦/- ਵਜ਼ੀਫਾ ਦਿੱਤਾ ਜਾਂਦਾ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਇਨ੍ਹਾਂ ਕੋਰਸਾਂ ਵਿੱਚੋਂ ਪਹਿਲੇ, ਦੂਜੇ ਸਥਾਨ ਪੁਰ ਆਉਣ ਵਾਲੇ ਵਿਦਿਆਰਥੀਆਂ ਨੂੰ ਭਰਤੀ ਸਮੇਂ ਪਹਿਲ ਦਿੱਤੀ ਜਾਂਦੀ ਹੈ। ਇਨ੍ਹਾਂ ਕੋਰਸਾਂ ਤੋਂ ਬਾਅਦ ਵਿਦਿਆਰਥੀ ਦੇਸ਼-ਵਿਦੇਸ਼ ਵਿਚ ਗ੍ਰੰਥੀ ਸਿੰਘ, ਗਤਕਾ ਕੋਚ, ਧਾਰਮਿਕ ਅਧਿਆਪਕ, ਸਕੂਲਾਂ-ਕਾਲਜਾਂ ਵਿਚ ਸੰਗੀਤ ਅਧਿਆਪਕ ਲੱਗ ਸਕਦੇ ਹਨ। ਦਸਵੀਂ ਪਾਸ ਵਿਦਿਆਰਥੀ ਇਨ੍ਹਾਂ ਕੋਰਸਾਂ ਦੇ ਨਾਲ ਨਾਲ ਪ੍ਰਾਈਵੇਟ ਤੌਰ ’ਤੇ ਬਾਰ੍ਹਵੀਂ ਅਤੇ ਬਾਰ੍ਹਵੀਂ ਪਾਸ ਬੀ. ਏ. ਵੀ ਕਰ ਸਕਦੇ ਹਨ। ਕੋਰਸ ਕਰਨ ਤੋਂ ਬਾਅਦ ਵਿਦਿਆਰਥੀਆਂ ਲਈ ਅਨੇਕਾਂ ਦਿਸ਼ਾਵਾਂ ਵਿਚ ਰੁਜ਼ਗਾਰ ਦੇ ਮੌਕੇ ਬਣ ਸਕਦੇ ਹਨ। ਡਿਗਰੀ ਕਾਲਜਾਂ ਵਿਚ ਯੁਵਕ ਮੇਲਿਆਂ ਸਮੇਂ ਢਾਡੀ-ਕਵੀਸ਼ਰ ਗਰੁੱਪ ਤਿਆਰ ਕਰਨ ਲਈ ਮਾਹਿਰ ਢਾਡੀ ਕਵੀਸ਼ਰਾਂ ਦੀ ਲੋੜ ਪੈਂਦੀ ਹੈ।

ਸਿੱਖ ਸੰਗਤ ਨੂੰ ਬੇਨਤੀ ਹੈ ਕਿ ਗੁਰਸਿੱਖ ਨੌਜਵਾਨਾਂ ਨੂੰ ਇਸ ਕਾਲਜ ਵਿਖੇ ਦਾਖ਼ਲਾ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ, ਇਸ ਲਈ ਜਿੱਥੇ ਗੁਰੂ ਸਾਹਿਬਾਨ ਦੁਆਰਾ ਸ਼ੁਰੂ ਕੀਤੀਆਂ ਇਹ ਪਰੰਪਰਾਵਾਂ ਸਾਂਭੀਆਂ ਜਾਣਗੀਆਂ, ਉੱਥੇ ਹੀ ਪੰਥ ਲਈ ਯੋਗ ਢਾਡੀ ਅਤੇ ਕਵੀਸ਼ਰ ਤਿਆਰ ਹੋ ਸਕਣਗੇ ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਡੇ ਸ਼ਾਨਾਂਮੱਤੇ ਇਤਿਹਾਸ ਨਾਲ ਜੋੜਨਗੇ। ਇਸ ਦੇ ਨਾਲ ਹੀ ਇਨ੍ਹਾਂ ਕੋਰਸਾਂ ਰਾਹੀਂ ਵਿਦਿਆਰਥੀ ਗੁਰਸਿੱਖੀ ਵਿਚ ਪ੍ਰਪੱਕ ਹੋਣਗੇ ਅਤੇ ਆਪਣੇ ਰੁਜ਼ਗਾਰ ਨੂੰ ਤਲਾਸ਼ਣ ਵਿਚ ਵੀ ਸੌਖ ਮਹਿਸੂਸ ਕਰਨਗੇ।

ਮੌਜੂਦਾ ਸਮੇਂ ਸ. ਸੁਖਵਿੰਦਰ ਸਿੰਘ, ਪ੍ਰੋਫੈਸਰ ਸੰਗੀਤ (ਤੰਤੀ ਸਾਜ਼), ਸ. ਗੁਰਦੇਵ ਸਿੰਘ, ਧਾਰਮਿਕ ਅਧਿਆਪਕ, ਸ. ਗੁਰਪ੍ਰੀਤ ਸਿੰਘ, ਕਵੀਸ਼ਰ ਉਸਤਾਦ, ਸ. ਸਵਿੰਦਰ ਸਿੰਘ ਭੰਗੂ, ਪ੍ਰਚਾਰਕ ਤੇ ਢੱਡ ਵਾਦਕ, ਸ. ਗੁਰਪ੍ਰੀਤ ਸਿੰਘ, ਗਤਕਾ ਮਾਸਟਰ, ਵਜੋਂ ਸੇਵਾ ਨਿਭਾ ਰਹੇ ਹਨ।

ਕਾਲਜ ਵਿਖੇ ਮੌਜੂਦਾ ਸੈਸ਼ਨ ਵਿਚ ਵਿਦਿਆਰਥੀਆਂ ਦੀ ਸਮਾਂ ਸਾਰਣੀ/ਕਾਰਜ ਵਿਧੀ ਇਸ ਪ੍ਰਕਾਰ ਹੈ:-

| | |
|---|---|
| ੦੫:੦੦ - ੦੫:੪੦ | ਉੱਠਣ, ਇਸ਼ਨਾਨ, ਨਿੱਤਨੇਮ ਕਲਾਸ ਤਿਆਰੀ |
| ੦੫:੪੫ - ੦੬:੩੦ | ਨਿੱਤਨੇਮ |
| ੦੬:੩੦ - ੦੭:੦੦ | ਗੁਰਦੁਆਰਾ ਸਾਹਿਬ ਜਾਣਾ |
| ੦੭:੦੦ - ੦੮:੦੦ | ਪੜ੍ਹਾਈ/ਅਭਿਆਸ (ਲਾਇਬ੍ਰੇਰੀ ਕਲਾਸ) |
| ੦੮:੦੦ - ੦੮:੩੦ | ਪਰਸ਼ਾਦਾ |
| ੦੮:੩੦ - ੦੯:੦੦ | ਕਲਾਸਾਂ ਦੀ ਤਿਆਰੀ |
| ੦੯:੦੦ - ੦੨:੦੦ | ਵਿੱਦਿਅਕ ਸੈਸ਼ਨ |

| | |
|---|---|
| ੦੨:੦੦ - ੦੨:੩੦ | ਪਰਸ਼ਾਦਾ |
| ੦੨:੩੦ - ੦੩:੩੦ | ਆਰਾਮ |
| ੦੩:੩੦ - ੦੪:੩੦ | ਸੰਥਿਆ ਕਲਾਸ |
| ੦੪:੪੫ - ੦੫:੪੫ | ਗਤਕਾ ਕਲਾਸ |
| ੦੬:੦੦ - ੦੬:੩੦ | ਸੋ ਦਰੁ ਰਹਰਾਸਿ ਸਾਹਿਬ |
| ੦੬:੩੦ - ੦੭:੩੦ | ਪੜ੍ਹਾਈ / ਅਭਿਆਸ |
| ੦੭:੩੦ - ੦੮:੦੦ | ਪਰਸ਼ਾਦਾ |
| ੦੮:੩੦ - ੧੦:੦੦ | ਪੜ੍ਹਾਈ / ਅਭਿਆਸ |
| ੧੦:੦੦ - ੦੫:੦੦ | ਸੌਣ ਦਾ ਸਮਾਂ |

ਕਵਿਤਾ

# ਅਰਜੋਈ

*-ਸ. ਗੁਰਦਿਆਲ ਸਿੰਘ ਬੀਰ**

*ਜਨਮ ਜਨਮ ਦੇ ਪਏ ਨੇ ਫੇਰੇ, ਜੂਨਾਂ ਅੰਦਰ ਭਟਕ ਕੇ ਆਯਾ*
*ਕਰਮਾਂ ਸਦਕਾ ਕਲਯੁੱਗ ਅੰਦਰ, ਮਾਨਸ ਜਨਮ ਏ ਦੁਰਲਭ ਪਾਯਾ*
*ਮਨ ਮੈਲੇ ਨੂੰ ਉੱਜਲ ਕਰ ਦੇ, ਪਾਪਾਂ ਦਾ ਹੋ ਜਾਏ ਸਫਾਯਾ*
*ਦੁਆਰੇ ਤੇਰੇ ਡਿਗਿਆ ਆ ਕੇ, ਤੂੰ ਹੀ ਮੇਰਾ ਪਿਤਾ ਤੇ ਮਾਇਯਾ*
*ਅੰਮ੍ਰਿਤ ਵੇਲੇ ਪੜ੍ਹੀਂ ਗੁਰਬਾਣੀ, ਰੱਬ ਦਾ ਨਾ ਕੋਈ ਦਿਸੇ ਸਾਨੀ*
*ਸ੍ਰਿਸ਼ਟੀ ਸਾਰੀ ਰਚਨਾ ਕੀਤੀ, ਦਿੱਤਾ ਰਿਜ਼ਕ ਜਿਹਾ ਉਨ ਭਾਨੀ*
*ਸਿਫਤ ਸਲਾਹ ਕਰੀਂ ਤੂੰ ਨਿੱਤ ਨਿੱਤ ਗਰੀਬ ਪਰਵਰ ਹੈ ਨਾਮ ਵਖਾਨੀ*
*ਸਭ ਧਰਮਾਂ ਦਾ ਸਾਰ ਇਹੋ ਹੈ, ਸਤਿਗੁਰ ਸੱਚਾ ਹੈ ਨਿਰਬਾਨੀ*
*ਮਨ ਮੰਦਰ ਦੇ ਅੰਦਰ ਵੱਸ ਜਾ, ਨਾਮ ਦੀ ਜੋਤੀ ਇਸ ਵਿਚ ਭਰਦੇ*
*ਜੁੱਗ ਜੁੱਗ ਧਰ ਅਵਤਾਰ ਤੂੰ ਆਯਾ, ਕਲਿਯੁਗ ਬੇੜਾ ਪਾਰ ਤੂੰ ਕਰਦੇ*
*ਸ਼ਰਮ ਧਰਮ ਅਲੋਪ ਹੋਏ ਸਾਰੇ, ਭਟਕਿਆਂ ਤਾਈਂ ਰਾਹ ਵਿਖਾ ਜਾ*
*ਸਾਧੂ ਸੱਚੇ ਅਲੋਪ ਹੋਏ ਨੇ, ਬ੍ਰਹਮ ਗਿਆਨ ਦਾ ਪਾਠ ਪੜ੍ਹਾ ਜਾ*
*ਅੰਤੇ ਹੋਸੀ ਕਰਮ ਨਿਬੇੜਾ, ਤਰਸ ਕਰੀਂ ਨਾ ਹੋਵੇ ਫੇਰਾ*
*ਅਜਾਨ ਹਾਂ ਤੇਰੀ ਸਾਰ ਨਾ ਜਾਨਾਂ, ਦਾਸਨ ਦਾਸ ਬਣ ਜਾਵਾਂ ਤੇਰਾ*
*ਰੱਖੀਂ ਪੱਤ ਮੇਰੀ ਪੁਰਖ ਬਿਧਾਤਾ, ਪਰਮ ਪਰਮੇਸ਼ਰ ਨਾਂ ਹੈ ਤੇਰਾ*
*ਤੇਰੀ ਸ਼ਰਨੀਂ ਸ਼ਰਨ ਹਾਂ ਆਯਾ, ਬੀਰ ਅਜਾਨ ਦਾਸ ਹੈ ਤੇਰਾ*

*# ੩੩੨/੧੩ E, ਰਿਆਸਤ ਐਵੀਨਿਊ, ਭੁੱਲਰਾਂ ਦੇ ਮਕਾਨ ਦੇ ਸਾਹਮਣੇ, ਘਨੂੰਪੁਰ ਕਾਲੇ-੧੪੩੧੦੫ (ਸ੍ਰੀ ਅੰਮ੍ਰਿਤਸਰ) ਮੋ. ੬੨੮੪੦੭੮੪੮੯, ੭੮੮੮੯੧੮੮੧੨*

# ਸਾ ਸੇਵਾ ਕੀਤੀ ਸਫਲ ਹੈ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਸਤਿਗੁਰੂ ਜੀ ਕਿਹੜੇ ਸਿੱਖ ਦੀ ਕੀਤੀ ਹੋਈ ਸੇਵਾ ਛੇਤੀ ਪ੍ਰਵਾਨ ਕਰਦੇ ਹਨ? ਗੁਰੂ ਕੀ ਪਿਆਰੀ ਸਾਧ ਸੰਗਤ ਜੀ, ਆਪ ਬਹੁਤ ਭਾਗਾਂ ਵਾਲੇ ਹੋ ਜੋ ਹਰ ਰੋਜ਼ ਗੁਰੂ-ਘਰ ਦੀ ਅਤੇ ਗੁਰੂ-ਘਰ ਦੇ ਪਿਆਰੇ ਕਾਰਜਾਂ ਦੀ ਸੇਵਾ ਬਹੁਤ ਹੀ ਸ਼ਰਧਾ ਅਤੇ ਪਿਆਰ ਨਾਲ ਕਰਦੇ ਹੋ। ਗੁਰੂ-ਘਰਾਂ ਵਿਚ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਕਈ ਪਿਆਰੇ ਸਿੱਖ ਬਹੁਤ ਹੀ ਪਿਆਰ ਨਾਲ ਆਪਣੇ ਹੱਥੀਂ ਸੰਗਤ ਦੇ ਜੂਠੇ ਭਾਂਡੇ ਮਾਂਜਦੇ ਹਨ, ਜਲ ਛਕਾਉਂਦੇ ਹਨ, ਬਹੁਤ ਹੀ ਨਿਮਰਤਾ ਨਾਲ ਸੰਗਤ ਦੇ ਜੋੜਿਆਂ ਦੀ ਸੇਵਾ ਕਰਦੇ ਹਨ, ਗੁਰੂ-ਘਰ ਵਿਚ ਜਲ ਨਾਲ ਗੁਰੂ ਜੀ ਦੀਆਂ ਪਰਕਰਮਾ ਸਾਫ ਕਰਦੇ ਹਨ, ਸਤਿਗੁਰੂ ਜੀ ਦੀ ਮਹਾਨ ਪਾਵਨ ਗੁਰਬਾਣੀ ਦੀ ਕਥਾ ਅਤੇ ਕੀਰਤਨ ਰਾਹੀਂ ਸਿੱਖੀ ਦਾ ਪ੍ਰਚਾਰ ਬਹੁਤ ਹੀ ਪਿਆਰ ਨਾਲ ਕਰਦੇ ਅਤੇ ਕਰਵਾਉਂਦੇ ਹਨ, ਮਾਇਆ ਅਤੇ ਹੋਰ ਰਸਦਾਂ ਆਦਿ ਦੀ ਮਹਾਨ ਸੇਵਾ ਕਰ ਕੇ, ਆਮ ਹੀ ਗੁਰੂ ਕੇ ਸਿੱਖ ਸਤਿਗੁਰੂ ਜੀ ਦੇ ਪਿਆਰੇ ਕਾਰਜਾਂ ਨੂੰ ਸਿਰੇ ਚੜ੍ਹਾਉਣ ਲਈ ਹਰ ਵਕਤ ਬਹੁਤ ਹੀ ਤਿਆਰ ਬਰ ਤਿਆਰ ਰਹਿੰਦੇ ਹਨ। ਸੋ, ਗੁਰੂ-ਘਰ ਵਿਚ ਕਿਸੇ ਵੀ ਪ੍ਰਕਾਰ ਦੀ ਸੇਵਾ ਕਰਨ ਵਾਲੇ ਐਸੇ ਸਿੱਖ ਬਹੁਤ ਹੀ ਧੰਨਤਾ ਦੇ ਯੋਗ ਹੁੰਦੇ ਹਨ।

ਸਾਡੇ ਮਹਾਨ ਦਸ ਗੁਰੂ ਸਾਹਿਬਾਨ ਜੀ ਨੇ ਆਪਣੇ ਹੱਥੀਂ ਆਪ ਸੇਵਾ ਕਰ ਕੇ ਆਪਣੇ ਪਿਆਰੇ ਸਿੱਖਾਂ ਨੂੰ ਗੁਰੂ-ਘਰ ਵਿਚ ਸੇਵਾ ਕਰਨ ਦਾ ਆਪ ਮਾਰਗ-ਦਰਸ਼ਨ ਕਰਵਾਇਆ ਹੈ। ਸੇਵਾ ਕਰਨ ਸੰਬੰਧੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰੂ ਕੇ ਪਿਆਰੇ ਸਿੱਖਾਂ ਨੇ ਦੋਵੇਂ ਹੱਥ ਜੋੜ ਕੇ ਬਹੁਤ ਹੀ ਨਿਮਰਤਾ ਅਤੇ ਪਿਆਰ ਨਾਲ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਾਨੂੰ ਕੋਈ ਐਸਾ ਆਪਣਾ ਪਾਵਨ ਪਵਿੱਤਰ ਉਪਦੇਸ਼ ਦੇ ਦਿਓ, ਜਿਸ ਮੁਤਾਬਿਕ ਸਾਨੂੰ ਸੋਝੀ ਆ ਜਾਵੇ ਕਿ ਗੁਰੂ-ਘਰ ਵਿਚ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਕਿਸ ਜੁਗਤ ਨਾਲ ਸੇਵਾ ਕੀਤੀ ਜਾਵੇ, ਤਾਂ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਬਹੁਤ ਹੀ ਪ੍ਰਸੰਨ ਹੋ ਕੇ ਆਪਣੇ ਪਿਆਰੇ ਸਿੱਖਾਂ ਨੂੰ ਆਪਣੇ ਮੁਖਾਰਬਿੰਦ ਵਿੱਚੋਂ ਸੇਵਾ ਕਰਨ ਸੰਬੰਧੀ ਆਪਣਾ ਮਹਾਨ ਉਪਦੇਸ਼ ਦਿੱਤਾ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੇ ਅੰਗ ੩੧੪ 'ਤੇ ਸੁਸ਼ੋਭਿਤ ਹੈ। ਸੋ ਕਿਹੜੇ ਪਿਆਰੇ ਸਿੱਖ ਦੀ ਗੁਰੂ-ਘਰ ਵਿਚ ਕੀਤੀ ਹੋਈ ਸੇਵਾ 'ਤੇ ਸਤਿਗੁਰੂ ਜੀ ਪ੍ਰਸੰਨ ਹੋ ਜਾਂਦੇ ਹਨ। ਸੋ ਸੇਵਾ ਕਰਨ ਸੰਬੰਧੀ ਸਤਿਗੁਰੂ

**# ੨ ਸਰਦਾਰ ਅਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੧। ਮੋ. ੯੮੧੫੧ ੪੩੫੨੬*

ਜੀ ਦਾ ਮਹਾਨ ਉਪਦੇਸ਼ ਪਿਆਰ ਨਾਲ ਪੜ੍ਹ ਕੇ ਇਸ 'ਤੇ ਅਮਲ ਜ਼ਰੂਰ ਹੀ ਕਰੋ ਜੀ:-

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੪)*

ਸਤਿਗੁਰੂ ਜੀ ਇਨ੍ਹਾਂ ਪਾਵਨ ਪੰਕਤੀਆਂ ਦੇ ਉਪਦੇਸ਼ ਰਾਹੀਂ ਫੁਰਮਾਅ ਰਹੇ ਹਨ ਕਿ ਪਿਆਰੇ ਸਿੱਖਾ, ਬਹੁਤ ਹੀ ਨਿਮਰਤਾ ਅਤੇ ਪਿਆਰ ਨਾਲ ਅਤੇ ਹਉਮੈਂ ਰਹਿਤ ਹੋ ਕੇ ਗੁਰੂ-ਘਰ ਅਤੇ ਹੋਰ ਕਾਰਜਾਂ ਵਿਚ ਬਹੁਤ ਹੀ ਪਿਆਰ ਨਾਲ ਸੇਵਾ ਕਰਿਆ ਕਰ ਤਾਂ ਜੋ ਤੇਰੀ ਨਿਮਰਤਾ ਵਿਚ ਕੀਤੀ ਹੋਈ ਸੇਵਾ ਤੇ ਸਤਿਗੁਰੂ ਜੀ ਪ੍ਰਸੰਨ ਹੋ ਜਾਣ:

*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥* *(ਉਹੀ)*

ਪਿਆਰਿਆ, ਜਿਸ ਦਿਨ ਤੇਰੀ ਕੀਤੀ ਹੋਈ ਸੇਵਾ 'ਤੇ ਸਤਿਗੁਰੂ ਜੀ ਪ੍ਰਸੰਨ ਹੋ ਗਏ ਤਾਂ ਯਾਦ ਰੱਖੀਂ, ਤੇਰੇ ਪਿਛਲੇ ਜਨਮਾਂ ਵਿਚ ਕੀਤੇ ਹੋਏ ਪਾਪਾਂ ਨੂੰ ਅਤੇ ਇਸ ਜਨਮ ਵਿਚ ਕੀਤੇ ਹੋਏ ਪਾਪਾਂ ਨੂੰ, ਸਤਿਗੁਰੂ ਜੀ ਆਪ ਨਾਸ਼ ਕਰ ਦੇਣਗੇ। ਪਰ ਪਿਆਰਿਆ, ਸਤਿਗੁਰੂ ਜੀ ਦੇ ਸ਼ਬਦ ਦੀਆਂ ਅਗਲੀਆਂ ਦੋਵੇਂ ਪਾਵਨ ਪੰਕਤੀਆਂ ਦੇ ਹੁਕਮ ਵਿਚ ਸਤਿਗੁਰੂ ਜੀ ਨੇ ਬਿਲਕੁਲ ਸਾਫ਼-ਸਾਫ਼ ਅੰਕਿਤ ਕਰ ਦਿੱਤਾ ਹੈ ਕਿ ਕਿਹੜੇ ਸਿੱਖ ਦੀ ਗੁਰੂ-ਘਰ ਵਿਚ ਕੀਤੀ ਹੋਈ ਸੇਵਾ ਸਤਿਗੁਰੂ ਜੀ ਸਫਲ ਅਤੇ ਪ੍ਰਵਾਨ ਕਰ ਲੈਂਦੇ ਹਨ:

*ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥*
*ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥* *(ਉਹੀ)*

ਸਤਿਗੁਰੂ ਜੀ ਨੇ ਇਨ੍ਹਾਂ ਦੋਨੋਂ ਪਾਵਨ ਪੰਕਤੀਆਂ ਦੇ ਉਪਦੇਸ਼ ਵਿਚ ਸਿੱਖ ਨੂੰ ਹੁਕਮ ਕਰ ਦਿੱਤਾ ਹੈ ਕਿ ਪਿਆਰਿਆ, ਉਸ ਪਿਆਰੇ ਸਿੱਖ ਦੀ ਹੀ ਕੀਤੀ ਹੋਈ ਸੇਵਾ ਸਤਿਗੁਰੂ ਜੀ ਦੇ ਦਰ 'ਤੇ ਛੇਤੀ ਪ੍ਰਵਾਨ ਹੋਵੇਗੀ, ਜਿਹੜਾ ਸਿੱਖ ਸ੍ਰੀ ਗੁਰੂ ਰਾਮਦਾਸ ਜੀ ਦੇ ਹੁਕਮ ਨੂੰ ਪੂਰੀ ਤਰ੍ਹਾਂ ਮੰਨਦਾ ਹੋਇਆ ਨਾ ਤਾਂ ਕਦੇ ਵੀ ਆਪਣੇ ਦਾਹੜੀ ਜਾਂ ਕੇਸਾਂ ਦੀ ਘੋਰ ਬੇਅਦਬੀ ਕਰੇਗਾ, ਨਾ ਹੀ ਸ਼ਰਾਬ ਜਾਂ ਹੋਰ ਕਿਸੇ ਨਸ਼ੇ ਦਾ ਸੇਵਨ ਕਰੇਗਾ ਅਤੇ ਆਪਣੇ ਹਿਰਦੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਨਿੰਦਿਆ, ਚੁਗਲੀ, ਝੂਠ ਅਤੇ ਠੱਗੀ ਆਦਿ ਦੇ ਭੈੜੇ ਵਿਕਾਰਾਂ ਨੂੰ ਛੱਡਣ ਲਈ ਹਰ ਵਕਤ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਰਹੇਗਾ। ਸੋ ਆਮ ਹੀ ਗੁਰੂ-ਘਰ ਅਤੇ ਗੁਰੂ-ਘਰ ਦੇ ਕਾਰਜਾਂ ਵਿਚ ਸਿੱਖ ਬਹੁਤ ਹੀ ਸੇਵਾ ਕਰੇ, ਪੁੰਨ-ਦਾਨ ਆਦਿ ਵੀ ਬਹੁਤ ਕਰੇ, ਪਰ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਉੱਪਰ ਦਿੱਤੇ ਵੱਡੇ ਵਿਕਾਰਾਂ ਨੂੰ ਬਿਲਕੁਲ ਹੀ ਛੱਡਣ ਦਾ ਯਤਨ ਨਾ ਕਰੇ, ਭਲਾ ਆਪਾਂ ਸਭ ਬਹੁਤ ਹੀ ਗਹੁ ਨਾਲ ਵੀਚਾਰ ਕਰੀਏ ਕਿ ਐਸੇ ਸਿੱਖ ਨੂੰ ਸਤਿਗੁਰੂ ਜੀ ਦੀਆਂ ਮਹਾਨ ਖੁਸ਼ੀਆਂ ਕਿਸ ਤਰ੍ਹਾਂ

ਮਿਲ ਸਕਣਗੀਆਂ? ਇਹ ਉਪਦੇਸ਼ ਉਨ੍ਹਾਂ ਕੁਝ ਕੁ ਸਿੱਖਾਂ ਲਈ ਹੈ ਜੋ ਸਿੱਖ ਗੁਰੂ-ਘਰਾਂ ਅਤੇ ਗੁਰੂ-ਘਰ ਦੇ ਕਾਰਜਾਂ ਵਿਚ ਬਹੁਤ ਚਿਰਾਂ ਤੋਂ ਸੇਵਾ ਤਾਂ ਬਹੁਤ ਕਰ ਰਹੇ ਹਨ ਪਰ ਆਪਣੇ ਮਨ ਦੇ ਅਧੀਨ ਰਹਿ ਕੇ ਉੱਪਰ ਲਿਖੇ ਗਏ ਵੱਡੇ ਵਿਕਾਰਾਂ ਨੂੰ ਬਿਲਕੁਲ ਹੀ ਨਹੀਂ ਛੱਡਦੇ। ਸਤਿਗੁਰੂ ਜੀ ਨੇ ਤਾਂ ਪਾਵਨ ਬਾਣੀ ਦੇ ਉਪਦੇਸ਼ ਵਿਚ ਸਿੱਖ ਨੂੰ ਵਾਰ-ਵਾਰ ਸਮਝਾ ਦਿੱਤਾ ਹੈ ਕਿ ਪਿਆਰਿਆ:-

*ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੧)*

ਮਹਾਨ ਸਤਿਗੁਰੂ ਜੀ ਸਿੱਖ ਨੂੰ ਸਮਝਾ ਰਹੇ ਹਨ ਕਿ ਪਿਆਰਿਆ, ਸਾਡੇ ਦਰ ’ਤੇ ਤੇਰੀ ਕੀਤੀ ਹੋਈ ਸੇਵਾ ਉਸ ਦਿਨ ਹੀ ਪ੍ਰਵਾਨ ਹੋਵੇਗੀ, ਜਿਸ ਦਿਨ ਤੂੰ ਆਪਣੇ ਪਾਪੀ ਮਨ ਦੀ ਮੱਤ ਨੂੰ ਤਿਆਗ ਕੇ, ਗੁਰੂ ਜੀ ਦੀ ਮੱਤ ਅਨੁਸਾਰ ਆਪਣਾ ਜੀਵਨ ਬਣਾ ਲਵੇਂਗਾ। ਸੋ ਗੁਰੂ ਕੇ ਪਿਆਰਿਓ, ਜਿਹੜਾ ਵੀ ਪਿਆਰਾ ਸਿੱਖ, ਗੁਰੂ-ਘਰ ਵਿਚ ਕਿਸੇ ਵੀ ਪ੍ਰਕਾਰ ਦੀ ਸੇਵਾ ਬਹੁਤ ਹੀ ਪਿਆਰ ਨਾਲ ਕਰ ਰਿਹਾ ਹੋਵੇ, ਉਹ ਸਿੱਖ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਇਸ ਉੱਪਰ ਦਿੱਤੇ ਪਾਵਨ ਗੁਰਬਾਣੀ ਦੇ ਪਾਵਨ ਉਪਦੇਸ਼ ਦੀ ਪਾਲਣਾ ਜਰੂਰੀ ਹੀ ਕਰੇ ਅਤੇ ਮਹਾਨ ਸਤਿਗੁਰੂ ਜੀ ਦੇ ਇਸ ਮਹਾਨ ਉਪਦੇਸ਼ ਨੂੰ ਮੰਨਦਾ ਹੋਇਆ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰੇ ਕਿ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ, ਤੁਸੀ ਰਹਿਮਤਾਂ ਦੇ ਮਾਲਕ ਹੋ, ਕਿਰਪਾ ਦੇ ਖ਼ਜ਼ਾਨੇ ਹੋ, ਅੱਜ ਤੋਂ ਪਹਿਲਾਂ ਜੋ ਮੇਰੇ ਕੋਲੋਂ ਬਹੁਤ ਵੱਡੀਆਂ ਭੁੱਲਾਂ ਹੁੰਦੀਆਂ ਰਹੀਆਂ ਹਨ, ਮੈਨੂੰ ਅੱਜ ਮੁਆਫ ਕਰ ਦਿਉ। ਅੱਜ ਤੋਂ ਬਾਅਦ ਮੈਂ ਆਪਣੇ ਰੋਮਾਂ (ਕੇਸ ਅਤੇ ਦਾਹੜੀ) ਨੂੰ ਕਦੇ ਵੀ ਨਹੀਂ ਕੱਟਾਂਗਾ, ਨਾ ਹੀ ਸ਼ਰਾਬ ਜਾਂ ਹੋਰ ਕੋਈ ਨਸ਼ਾ ਆਦਿ ਕਰਾਂਗਾ ।

ਅੱਜ ਮੈਨੂੰ ਸਮਝ ਪੈ ਗਈ ਹੈ ਕਿ ਅੱਜ ਤੋਂ ਪਹਿਲਾਂ ਮੈਂ ਤੁਹਾਡੇ ਹੁਕਮ ਤੋਂ ਬਿਲਕੁਲ ਹੀ ਮੁਨਕਰ ਹੁੰਦਾ ਰਿਹਾ ਹਾਂ, ਹੁਣ ਮੈਂ ਤੁਹਾਡੇ ਦਰ ’ਤੇ ਅੱਜ ਅਰਦਾਸ ਕਰ ਰਿਹਾ ਹਾਂ ਕਿ ਸਤਿਗੁਰੂ ਜੀ, ਅੱਜ ਤੋਂ ਬਾਅਦ ਮੈਂ ਆਪਣੀ ਮੱਤ ਨੂੰ ਛੱਡ ਕੇ, ਗੁਰੂ ਜੀ ਦੀ ਮੱਤ ਧਾਰ ਕੇ ਸਭ ਮਨ ਦੇ ਵੱਡੇ ਵਿਕਾਰ ਛੱਡ ਕੇ, ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ, ਸਤਿਗੁਰੂ ਜੀ ਤੁਹਾਡਾ ਪਿਆਰਾ ਅਤੇ ਸਿਦਕੀ ਸਿੱਖ ਬਣ ਰਿਹਾ ਹਾਂ। ਸਤਿਗੁਰੂ ਜੀ ਅੱਜ ਤੋਂ ਬਾਅਦ ਸਦਾ-ਸਦਾ ਲਈ ਦਾਸ ’ਤੇ ਆਪਣਾ ਬਖ਼ਸ਼ਿਸ਼ ਭਰਿਆ ਹੱਥ ਰੱਖਿਓ ਜੀ।

ਸੋ ਦਾਸ ਵੱਲੋਂ ਲਿਖੇ ਗਏ ਗੁਰਮਤਿ ਦੇ ਵਿਚਾਰਾਂ ਵਿਚ ਜੇ ਕੋਈ ਗ਼ਲਤੀ ਜਾਂ ਤਰੁੱਟੀ ਰਹਿ ਗਈ ਹੋਵੇ ਤਾਂ ਦਾਸ ਨੂੰ ਗੁਰੂ-ਘਰ ਦਾ ਵੱਡਾ ਕੂਕਰ ਜਾਣ ਕੇ ਬਖਸ਼ ਜ਼ਰੂਰ ਦਿਓ ਅਤੇ ਅੱਗੇ ਤੋਂ ਸਿੱਖੀ ਪ੍ਰਚਾਰ ਕਰਨ ਦੀਆਂ ਹੋਰ ਵੀ ਅਸੀਸਾਂ ਦੇ ਕੇ ਸਦਾ ਸਦਾ ਲਈ ਨਿਵਾਜਦੇ ਰਹੋ ਜੀ।

*ਜੂਨ ੨੦੨੪ ਦਾ ਬਾਕੀ:*

# ਸਿੱਖ ਪਾਰਲੀਮੈਂਟ ਦੀ ਸਥਾਪਨਾ ਦਾ ਸਫ਼ਰ

*-ਸ. ਮਨਪ੍ਰੀਤ ਸਿੰਘ ਬਾਜ**

ਇਸ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਪੰਥਕ ਇੱਕਜੁਟਤਾ ਨੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਅਤੇ ਜੈਤੋ ਦੇ ਮੋਰਚੇ ਰਾਹੀਂ ਅੰਗਰੇਜ਼ ਹਕੂਮਤ ਨੂੰ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਸਿੱਖ ਕੌਮ ਧਾਰਮਿਕ ਅਜ਼ਾਦੀ ਦੇ ਅਧਿਕਾਰ ਲਈ ਆਪਣੇ ਪ੍ਰਾਣਾਂ ਦੀ ਕੁਰਬਾਨੀ ਦੇਣ ਲਈ ਤਿਆਰ-ਬਰ-ਤਿਆਰ ਹੈ। ਜਿਸ ਮਗਰੋਂ ਸੰਨ ੧੯੨੫ ਵਿਚ ਗੁਰਦੁਆਰਾ ਐਕਟ ਬਣਾ ਕੇ ਗੁਰਧਾਮਾਂ ਦਾ ਪ੍ਰਬੰਧ ਸਿੱਧੇ ਰੂਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਿੱਖਾਂ ਹਵਾਲੇ ਕਰਨ ਦੀ ਕਾਰਵਾਈ ਸ਼ੁਰੂ ਹੋਈ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਪਹਿਲਾਂ ਸਿੱਖਾਂ ਦੇ ਹਾਲਾਤਾਂ ਬਾਰੇ ਜਾਣਨਾ ਇਸ ਲਈ ਵੀ ਜ਼ਰੂਰੀ ਹੈ; ਕਿਉਂਕਿ ਇਹ ਉਹ ਹਾਲਾਤ ਸਨ ਜਦੋਂ ਸਿੱਖ ਕੌਮ ਚਹੁੰ-ਤਰਫੀ ਜ਼ੁਲਮ ਸਹਿੰਦਿਆਂ ਬੇਬੱਸ ਤੇ ਤਰਸਯੋਗ ਸਥਿਤੀ ਵਿਚ ਪਹੁੰਚ ਚੁੱਕੀ ਸੀ ਅਤੇ ਇਸ ਵਿੱਚੋਂ ਉਭਰਨ ਲਈ ਪੰਥਕ ਇੱਕਜੁਟਤਾ ਸਹਾਇਕ ਸਿੱਧ ਹੋਈ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ ਇਤਿਹਾਸ ਵਿਚ ਉਸ ਸਮੇਂ ਦੇ ਦੁਖਦਾਈ ਸੰਘਰਸ਼ ਦੌਰਾਨ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਹੱਥੋਂ ਮੁਕਤ ਕਰਵਾਉਣ ਸਮੇਂ ਲੱਗੇ ਮੋਰਚੇ ਤੇ ਵਾਪਰੇ ਸਾਕਿਆਂ ਬਾਰੇ ਅਨੇਕਾਂ ਘਟਨਾਵਾਂ ਦਾ ਜ਼ਿਕਰ ਹੈ, ਜਿਵੇਂ ਕਿ- ਕਮਾਲੀਆ ਦਾ ਗੁਰਦੁਆਰਾ, ਗੁਰੂਸਰ ਸਤਲਾਣੀ ਸਾਹਿਬ, ਗੁਰਦੁਆਰਾ ਸਾਹਿਬ ਬਾਬੇ ਦੀ ਬੇਰ, ਸਿਆਲਕੋਟ, ਗੁਰਦੁਆਰਾ ਚੁਮਾਲਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ, ਗੁਰਦੁਆਰਾ ਪੰਜਾ ਸਾਹਿਬ, ਭਾਈ ਜੋਗਾ ਸਿੰਘ ਦਾ ਗੁਰਦੁਆਰਾ, ਸਾਕਾ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ ਦਾ ਸਾਕਾ, ਜੈਤੋ ਦਾ ਮੋਰਚਾ, ਮੋਰਚਾ ਗੁਰੂ ਕਾ ਬਾਗ, ਮੋਰਚਾ ਗੁਰਦੁਆਰਾ ਭਾਈ ਫੇਰੂ ਜੀ, ਮੋਰਚਾ ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਨਾਨਕਪੁਰੀ ਮੇਰਠ ਦਾ ਮੋਰਚਾ, ਡਸਕੇ ਦਾ ਮੋਰਚਾ, ਕੇਰ ਸਾਹਿਬ, ਮਾਛੀ ਕੇ, ਸ਼ੇਖ਼ੂਪੁਰਾ, ਖਡੂਰ ਸਾਹਿਬ, ਮੁਕਤਸਰ ਸਾਹਿਬ, ਅਨੰਦਪੁਰ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਅਤੇ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦਾ ਕੰਟਰੋਲ ਵਾਪਸ ਸੰਗਤੀ ਹੱਥਾਂ ਵਿਚ ਲੈਣਾ, ਕਿਰਪਾਨ ਪਹਿਨਣ ਦੀ ਅਜ਼ਾਦੀ ਦਾ ਮੋਰਚਾ ਆਦਿ ਤੋਂ ਇਲਾਵਾ ਹੋਰ ਵੀ ਅਜਿਹੀਆਂ ਹਿਰਦੇਵੇਦਕ ਘਟਨਾਵਾਂ ਦਰਜ ਹਨ ਜਿਨ੍ਹਾਂ ਬਾਰੇ ਪੜ੍ਹ-ਸੁਣ ਕੇ ਹਰੇਕ

** ਈਮੇਲ ਪਤਾ: baaz332211@gmail.com ਮੋ: ੯੫੩੦੨੪੪੧੨੨*

ਸਿੱਖ ਦੀ ਰੂਹ ਅੱਜ ਵੀ ਕੰਬ ਜਾਂਦੀ ਹੈ। ਸਿੱਖ ਸ਼ਕਤੀ ਦੇ ਪੁਨਰ-ਸੰਗਠਨ ਅਤੇ ਸੰਘਰਸ਼ ਦੀਆਂ ਦਾਸਤਾਨਾਂ ਜਿਵੇਂ ਕਿ- 'ਸਿੰਘ ਸਭਾ ਲਹਿਰ', ਵੱਖ-ਵੱਖ 'ਖਾਲਸਾ ਦੀਵਾਨਾਂ' ਅਤੇ 'ਅਕਾਲੀ ਲਹਿਰ ਭਾਵ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦਾ ਇਤਿਹਾਸ ਉਸ ਸਮੇਂ ਦੇ ਹਾਲਾਤਾਂ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਿਤ ਕਰਨ ਦੀ ਲੋੜ ਕਿਉਂ ਪਈ?**- ਇਸ ਧਰਤੀ ਉੱਪਰ ਜੀਵਨ-ਚੱਕਰ ਵੱਲ ਗਹੁ ਨਾਲ ਵੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਜਿਹੜੇ ਜੀਵ ਸੰਘਰਸ਼ ਅਤੇ ਮੁਕਾਬਲਾ ਕਰਨ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਂਦੇ ਹਨ ਉਹੀ ਆਪਣੀ ਹੋਂਦ ਬਚਾਉਣ ਵਿਚ ਕਾਮਯਾਬ ਹੁੰਦੇ ਹਨ। ਦੁਨੀਆ ਦੇ ਇਤਿਹਾਸ ਅੰਦਰ ਦਰਜ ਹੈ ਕਿ ਵੱਖ-ਵੱਖ ਕੌਮਾਂ ਵੱਲੋਂ ਕੀਤੇ ਗਏ ਸੰਘਰਸ਼ ਨੇ ਉਨ੍ਹਾਂ ਦਾ ਅਜੋਕਾ ਸਥਾਨ ਬਹੁਤ ਪਹਿਲਾਂ ਨਿਸ਼ਚਿਤ ਕਰ ਦਿੱਤਾ ਸੀ ਅਤੇ ਜਿਹੜੀਆਂ ਕੌਮਾਂ ਨੇ ਈਨ ਮੰਨ ਲਈ ਸੀ ਭਾਵ ਸੰਘਰਸ਼ ਜਾਂ ਮੁਕਾਬਲਾ ਨਹੀਂ ਕੀਤਾ, ਉਹ ਅੱਜ ਜਾਂ ਤਾਂ ਖ਼ਤਮ ਹੋ ਚੁੱਕੀਆਂ ਹਨ ਜਾਂ ਹਾਸ਼ੀਏ ਉਪਰ ਪੁੱਜ ਚੁੱਕੀਆਂ ਹਨ। ਦੂਜੇ ਪਾਸੇ ਸਿੱਖ ਕੌਮ ਦਾ ਉਭਾਰ ਹੀ ਜ਼ੁਲਮ ਵਿਰੁੱਧ ਸੰਘਰਸ਼ ਕਰਨ ਵਿੱਚੋਂ ਹੋਇਆ ਸੀ ਅਤੇ ਇਸੇ ਲਈ ਸਿੱਖ ਕੌਮ ਨੂੰ 'ਸੰਤ-ਸਿਪਾਹੀ' ਵੀ ਕਿਹਾ ਜਾਂਦਾ ਹੈ। ਸਿੱਖ ਗੁਰੂ ਸਾਹਿਬਾਨ ਦੀ ਪ੍ਰਕਿਰਤੀ ਦੇ ਜੀਵਨ-ਚੱਕਰ ਬਾਰੇ ਡੂੰਘੀ ਸਮਝ ਦਾ ਹੀ ਨਤੀਜਾ ਹੈ- ਸਿੱਖ ਕੌਮ ਦੀ ਸਥਾਪਨਾ।

ਉਕਤ ਜੋ ਉਸ ਸਮੇਂ ਦੇ ਸਿੱਖਾਂ ਦੇ ਬਣੇ ਅਤੀ ਦੁਖਦਾਇਕ ਹਾਲਾਤ ਦਾ ਵਿਸਥਾਰ ਦਿੱਤਾ ਗਿਆ ਹੈ, ਓਹੀ ਹਾਲਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕਰਨ ਦੀ ਮੁੱਖ ਲੋੜ ਸਨ। ਅੱਜ ਦੇ ਸਮੇਂ ਤੀਕ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਅੰਦਰ ਸੈਂਕੜੇ ਗੁਰਦੁਆਰਾ ਸਾਹਿਬਾਨ ਦੀ ਹੋਂਦ ਖਤਮ ਹੋ ਚੁੱਕੀ ਹੈ ਅਤੇ ਕਈਆਂ ਦੀ ਹੋਂਦ ਖਤਮ ਹੋਣ ਦੇ ਕਿਨਾਰੇ ਹੈ। ਉਨ੍ਹਾਂ ਦੇਸ਼ਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸ਼ਕਤੀਸ਼ਾਲੀ ਸੰਸਥਾ ਨਾ ਹੋਣ ਕਾਰਨ ਅਜਿਹਾ ਹੋਇਆ ਹੈ ਪਰੰਤੂ ਇਸ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਿੱਖ ਧਰਮ ਦੀਆਂ ਨਿਸ਼ਾਨੀਆਂ ਖ਼ਤਮ ਕਰਨ ਦੀ ਬਿਰਤੀ ਨਾਲ ਅਜਿਹੀ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ।

੨੮ ਮਾਰਚ, ੧੯੬੫ ਈ. ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿਚ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਾ ਸਾਹਿਬਾਨ ਦੀ ਸਥਿਤੀ ਬਾਰੇ ਮਤਾ ਪਾਇਆ ਗਿਆ ਜੋ ਸੰਖੇਪ ਵਿਚ ਇਸ ਤਰ੍ਹਾਂ ਹੈ- "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਹ ਜਨਰਲ ਸਮਾਗਮ ਇਸ ਗੱਲ ਨੂੰ ਬਹੁਤ ਹੀ ਬੁਰੀ ਤਰ੍ਹਾਂ ਮਹਿਸੂਸ ਕਰਦਾ ਹੈ ਕਿ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦੀ ਆਮਦਨ ਦੇ ਮਾਮਲਿਆਂ ਨੂੰ ਭਾਰਤ-ਪਾਕ ਸਰਕਾਰਾਂ ਦੀ ਪੱਧਰ 'ਤੇ ਅਜੇ ਤਕ ਨਜਿੱਠਿਆ ਨਹੀਂ ਗਿਆ। ..... ਸੋ ਇਹ ਸਮਾਗਮ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ

ਉਹ ਪਾਕਿਸਤਾਨ ਸਰਕਾਰ 'ਤੇ ਜ਼ੋਰ ਦੇ ਕੇ ਪਾਕਿਸਤਾਨ ਵਿਚ ਰਹਿ ਗਏ ਸਿੱਖ ਗੁਰਦੁਆਰਿਆਂ ਦੀ ਸੇਵਾ-ਸੰਭਾਲ, ਮੁਰੰਮਤਾਂ ਅਤੇ ਜਾਇਦਾਦਾਂ ਦੇ ਪ੍ਰਬੰਧ ਆਦਿ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁ: ਸ੍ਰੀ ਡੇਹਰਾ ਸਾਹਿਬ ਦੇ ਨੁਮਾਇੰਦਿਆਂ 'ਤੇ ਨਿਰਭਰ ਨੂੰ ਵਕਫ ਬੋਰਡ ਵਿਚ ਸ਼ਾਮਲ ਕਰੇ ਅਤੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਦੀ ਆਮਦਨ ਸਿੱਖ ਧਰਮ ਅਸਥਾਨਾਂ ਦੇ ਹਿੱਤਾਂ ਅਤੇ ਗੁਰਦੁਆਰਿਆਂ ਦੀਆਂ ਮੁਰੰਮਤਾਂ ਆਦਿ ਹਿੱਤ ਵਰਤਣ ਦੇ ਅਧਿਕਾਰ ਉਸ ਨੂੰ ਸੌਂਪੇ।"

੮ ਨਵੰਬਰ, ੨੦੨੩ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਫਿਰ ਇਹ ਮਤਾ (ਨੰਬਰ ੧੯) ਪਾਇਆ ਗਿਆ ਜੋ ਸੰਖੇਪ ਵਿਚ ਇਸ ਤਰ੍ਹਾਂ ਹੈ- "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਜਨਰਲ ਇਜਲਾਸ ਮਹਿਸੂਸ ਕਰਦਾ ਹੈ ਕਿ ੧੯੪੭ ਵਿਚ ਦੇਸ਼ ਵੰਡ ਸਮੇਂ ਸਿੱਖ ਕੌਮ ਤੋਂ ਵੱਖ ਹੋਏ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਤੇ ਵਿਰਾਸਤੀ ਸਿੱਖ ਇਮਾਰਤਾਂ ਦੀ ਪਾਕਿਸਤਾਨ ਸਰਕਾਰ ਵੱਲੋਂ ਸਾਂਭ-ਸੰਭਾਲ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਇਹ ਗੁਰਧਾਮ ਤੇ ਸਿੱਖ ਵਿਰਾਸਤਾਂ ਖੰਡਰ ਹੋ ਕੇ ਢਹਿ ਰਹੀਆਂ ਹਨ। ਵੰਡ ਤੋਂ ਬਾਅਦ ਸਿੱਖ ਵਿਰਾਸਤ ਦੀ ਦੇਖਭਾਲ ਕਰਨਾ ਪਾਕਿਸਤਾਨ ਸਰਕਾਰ ਦੀ ਜ਼ਿੰਮੇਵਾਰੀ ਸੀ। ......।"

ਭਾਰਤ ਦੇ ਕੁਝ ਰਾਜਾਂ ਵਿਚ ਵੀ ਕਈ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੀ ਹੋਂਦ ਲਗਪਗ ਖ਼ਤਮ ਕੀਤੀ ਜਾ ਚੁੱਕੀ ਹੈ। ਗੁਰਦੁਆਰਾ ਗਿਆਨ ਗੋਦੜੀ ਸਾਹਿਬ, ਹਰਿ ਕੀ ਪਾਉੜੀ ਹਰਿਦੁਆਰ (ਉਤਰਾਖੰਡ), ਗੁਰਦੁਆਰਾ ਗੁਰੂ ਡਾਂਗਮਾਰ, ਚੁੰਗਥਾਂਗ (ਸਿੱਕਮ), ਗੁਰਦੁਆਰਾ ਬਾਵਲੀ ਮੱਠ, ਮੰਗੂ ਮੱਠ ਤੇ ਪੰਜਾਬੀ ਮੱਠ, ਜਗਨਨਾਥਪੁਰੀ (ਉੜੀਸਾ) ਦੀ ਮੁੜ ਉਸਾਰੀ ਅਤੇ ਸੰਗਤੀ ਪ੍ਰਬੰਧ ਬਹਾਲ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਤਾਰ ਕਾਨੂੰਨੀ ਜੰਗ ਲੜੀ ਜਾ ਰਹੀ ਹੈ ਪਰੰਤੂ ਸਰਕਾਰਾਂ ਵੱਲੋਂ ਬੇਗ਼ਾਨਗੀ ਵਾਲਾ ਰਵੱਈਆ ਦਿਖਾਇਆ ਜਾ ਰਿਹਾ ਹੈ। ਭਾਰਤ ਅੰਦਰ ਇਸੇ ਖ਼ਤਰੇ ਨੂੰ ਸਦੀ ਪਹਿਲਾਂ ਪੰਥਕ ਸੋਚ ਦੇ ਧਾਰਨੀ ਸਿੱਖਾਂ ਨੇ ਮਹਿਸੂਸ ਕਰ ਲਿਆ ਸੀ ਅਤੇ ਇਸ ਖ਼ਤਰੇ ਦਾ ਸਾਹਮਣਾ ਕਰਨ ਲਈ ਸਦੀਵਕਾਲੀ ਤੇ ਸ਼ਕਤੀਸ਼ਾਲੀ ਸਿੱਖ ਸੰਸਥਾ ਸਥਾਪਿਤ ਕਰਨ ਲਈ ਕਰੜਾ ਸੰਘਰਸ਼ ਅਰੰਭ ਦਿੱਤਾ ਸੀ ਜਿਸਦੇ ਮੱਦੇਨਜ਼ਰ ਸਿੱਖ ਕੌਮ ਅਤੇ ਗੁਰਦੁਆਰਾ ਸਾਹਿਬਾਨ ਦੀ ਹੋਂਦ ਬਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰਨਾ ਸਮੇਂ ਦੀ ਵੱਡੀ ਲੋੜ ਬਣ ਗਈ ਸੀ।

ਜੇਕਰ ਇਤਿਹਾਸ ਵਿਚ ਦਰਜ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਰੇ ਪੜ੍ਹੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਲੈਣ ਲਈ ਸਿੱਖਾਂ ਨੂੰ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਜ਼ੁਲਮੀ ਲੋਕਾਂ ਦੇ ਕਬਜ਼ੇ ਹੇਠ ਕਿਸ ਨੀਵੇਂ ਪੱਧਰ 'ਤੇ ਹੋਵੇਗਾ। ਗੁਰਦੁਆਰਾ ਸਾਹਿਬਾਨ ਨੂੰ ਸੁਰੱਖਿਅਤ ਕਰਨ ਲਈ

ਹੋਂਦ ਵਿਚ ਆਈ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਅੱਗੇ ਜਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਪ੍ਰਗਟ ਹੋਈ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਦਾ ਵਿਰੋਧ-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਣ ਤੋਂ ਰੋਕਣ ਲਈ ਵੱਡੀ ਗਿਣਤੀ ਸਿੱਖ-ਵਿਰੋਧੀ ਸੰਗਠਨ ਪੱਬਾਂ ਭਾਰ ਹੋਏ ਸਨ। ਜਿਸਦਾ ਮੁੱਖ ਕਾਰਨ ਹੈ ਕਿ ਸਿੱਖ ਫ਼ਲਸਫ਼ੇ ਅੰਦਰ ਅਜਿਹੀ ਰੂਹਾਨੀਅਤ ਹੈ ਕਿ ਜੇਕਰ ਸਿੱਖ ਆਪਣੇ ਧਰਮ ਦੀ ਖ਼ਾਤਰ ਕੌਮੀ ਉਦੇਸ਼ ਦੀ ਪ੍ਰਾਪਤੀ ਕਰਨ ਲਈ ਕਿਸੇ ਤਰ੍ਹਾਂ ਇਕੱਤਰ ਹੋ ਜਾਣ ਤਾਂ ਉਨ੍ਹਾਂ ਅੰਦਰ ਅਜਿਹੀ ਸ਼ਕਤੀ ਦਾ ਪ੍ਰਸਾਰ ਹੁੰਦਾ ਹੈ ਕਿ ਉਹ ਦੁਨੀਆ ਦੀ ਕਿਸੇ ਵੀ ਵਿਸ਼ਾਲ ਤਾਕਤ ਨਾਲ ਟੱਕਰ ਲੈਣ ਲਈ ਡੱਟ ਜਾਂਦੇ ਹਨ। ਇਸ ਲਈ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਰਨ ਲਈ ਸਿੱਖਾਂ ਦੀ ਆਪਣੀ ਇੱਕ ਵੱਖਰੀ ਕਮੇਟੀ ਬਣਾਉਣ ਦਾ ਵਿਰੋਧ ਅੰਗਰੇਜ਼ਾਂ ਦੇ ਨਾਲ-ਨਾਲ ਅਨੇਕਾਂ ਭਾਰਤੀਆਂ ਵੱਲੋਂ ਵੀ ਕੀਤਾ ਗਿਆ, ਤਾਂ ਜੋ ਸਿੱਖ ਸ਼ਕਤੀ ਦਾ ਪੁਨਰ-ਸੰਗਠਨ ਨਾ ਹੋ ਸਕੇ। ਇਸ ਵਰਤਾਰੇ ਬਾਰੇ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?' ਕਿਤਾਬ ਵਿੱਚੋਂ ਕੁਝ ਗੱਲਾਂ ਉਸ ਸਮੇਂ ਸਿੱਖਾਂ ਦੇ ਵਿਰੁੱਧ ਸਿਰਜੇ ਗਏ ਮਾਹੌਲ ਦੀ ਗਵਾਹੀ ਭਰਦੀਆਂ ਹਨ-

"ਸਿੱਖ ਆਗੂਆਂ ਨੇ ਸਰਕਾਰ ਨੂੰ ਪਹੁੰਚ ਕਰ ਕੇ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਨ ਵਾਸਤੇ ਇੱਕ ਕਮੇਟੀ ਬਣਾਉਣ ਵਾਸਤੇ ਆਖਿਆ। ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਕੁਝ ਸਿੱਖ ਰਾਜੇ ਅਤੇ ਹੋਰ ਸਿੱਖ ਆਗੂ ਵੀ ਮਿਲੇ। ਗੱਲ ਭਾਰਤ ਦੇ ਵਾਇਸਰਾਏ ਲਾਰਡ ਰਿਪਨ ਤਕ ਵੀ ਪਹੁੰਚੀ। ਇਸ 'ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਆਰ.ਈ. ਈਗਰਟਨ ਨੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਖਬਰਦਾਰ ਕੀਤਾ:- "ਮੇਰਾ ਖਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇੱਕ ਅਜਿਹੀ ਕਮੇਟੀ, ਜੋ ਸਰਕਾਰੀ ਕੰਟਰੋਲ ਤੋਂ ਅਜ਼ਾਦ ਹੋਵੇ, ਦੇ ਹੱਥ ਵਿਚ ਦੇਣਾ, ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ ੩੦ ਸਾਲ ਤੋਂ ਕਾਮਯਾਬੀ ਨਾਲ ਚੱਲਦਾ ਇੰਤਜ਼ਾਮ ਜਾਰੀ ਰਹੇਗਾ।" -ਆਰ.ਈ. ਈਗਰਟਨ ੦੮ ਨਵੰਬਰ, ੧੮੮੧ ਈ. (ਪੰਨਾ ੧੧)"

"ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇਜ਼ ਹੋਣ ਤੋਂ ਤਿੰਨ ਚਾਰ ਮਹੀਨੇ ਮਗਰੋਂ ਸਰਕਾਰ ਨੇ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇੱਕ ਐਕਟ ਬਣਾਉਣ ਦਾ ਚਰਚਾ ਸ਼ੁਰੂ ਕਰ ਦਿੱਤਾ ਸੀ।... ਇੱਕ ਕਮਿਸ਼ਨ ਬਣਾਇਆ ਜਾਣਾ ਸੀ। ਜਿਸ ਵਿਚ ਦੋ ਸਿੱਖ ਤੇ ਇੱਕ ਸਰਕਾਰੀ ਨੁਮਾਇੰਦਾ ਹੋਣਾ ਸੀ। ਇਸ ਮੁਤਾਬਿਕ ਗੁਰਦੁਆਰਿਆਂ ਦਾ ਨਿਜ਼ਾਮ ਸਿੱਖਾਂ ਹਵਾਲੇ ਕਰ ਕੇ ਮਹੰਤਾਂ ਤੇ ਹੋਰ ਪੁਜਾਰੀਆਂ ਵਾਸਤੇ ਮਿੱਥੀ ਰਕਮ ਨੀਅਤ ਕਰਨਾ ਸੀ। ਇਸ ਆਰਡੀਨੈਂਸ ਦੇ ਖ਼ਿਲਾਫ਼ ਹਿੰਦੂ ਕੌਂਸਲਰ ਖੁੱਲ੍ਹ ਕੇ ਸਾਹਮਣੇ ਆਏ ਤੇ ਉਨ੍ਹਾਂ ਨੇ ਮਹੰਤਾਂ ਦੀ ਅਸਿੱਧੀ ਹਿਮਾਇਤ ਕੀਤੀ। (ਪੰਨਾ ੪੩)"

"ਗਨਪਤ ਰਾਏ (ਜੋ ਮਹੰਤ ਨਰੈਣ ਦਾਸ ਦਾ ਸਲਾਹਕਾਰ ਸੀ) ਨੇ ਤਾਂ ਇੱਥੋਂ ਤਕ ਕਿਹਾ ਕਿ ਗੁਰਦੁਆਰਾ ਕਮਿਸ਼ਨ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੀ ਵੀ ਨੁਮਾਇੰਦਗੀ ਹੋਵੇ। (ਪੰਨਾ ੪੩)"

"ਪੰਜਾਬ ਹਿੰਦੂ ਮਹਾਂ ਸਭਾ ਨੇ ਇੱਕ ਬਿਆਨ ਵਿਚ ਆਖਿਆ ਕਿ ਗੁਰਦੁਆਰਿਆਂ ਦੇ ਨਿਜ਼ਾਮ ਵਿਚ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ ਅਤੇ ਜੇਕਰ ਸਰਕਾਰ ਗੁਰਦੁਆਰਾ ਕਮਿਸ਼ਨ ਬਣਾਉਣਾ ਚਾਹੁੰਦੀ ਹੈ ਤਾਂ ਉਸ ਵਿਚ ਹਿੰਦੂਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ। (ਪੰਨਾ ੪੫)"

"...ਸਾਡੇ ਪਾਸ ਕਈ ਥਾਵਾਂ ਤੋਂ ਖ਼ਬਰਾਂ ਆ ਰਹੀਆਂ ਹਨ ਕਿ ਜਿੱਥੇ-ਜਿੱਥੇ ਸਿੱਖਾਂ ਦੀ ਵੱਸੋਂ ਥੋੜ੍ਹੀ ਹੈ ਉੱਥੇ ਉਨ੍ਹਾਂ ਨੂੰ ਹਿੰਦੂ ਕਈ ਤਰ੍ਹਾਂ ਦੇ ਦੁੱਖ ਦੇ ਰਹੇ ਹਨ।.....ਸਿੱਖਾਂ ਨੂੰ ਗੁਰਦੁਆਰਾ ਜਾਣ ਅਤੇ ਬਾਜ਼ਾਰ ਜਾਣ ਤੋਂ ਰੋਕਿਆ ਜਾਂਦਾ ਹੈ.....ਨਨਕਾਣਾ ਸਾਹਿਬ ਦੇ ਸ਼ਹੀਦ ਸਿੰਘਾਂ ਦੀ ਮਿਸਾਲ ਦੇ ਕੇ ਧਮਕਾਇਆ ਜਾਂਦਾ ਹੈ।..... (ਪੰਨਾ ੩੨੭)"

ਅਨੇਕਾਂ ਵਾਰ ਕੁਝ ਹਿੰਦੂਆਂ ਨੇ ਅਸਿੱਧੇ ਰੂਪ ਵਿਚ ਮਹੰਤਾਂ ਦੀ ਹਿਮਾਇਤ ਕੀਤੀ ਸੀ, ਜਦਕਿ ਹਿੰਦੂਆਂ ਦੇ ਆਪਣੇ ਕਈ ਧਾਰਮਿਕ ਅਸਥਾਨ ਵੀ ਮਹੰਤਾਂ / ਪੁਜਾਰੀਆਂ ਦੇ ਕਬਜ਼ੇ ਵਿਚ ਸਨ, ਜਿਨ੍ਹਾਂ ਦੀ ਆਮਦਨ ਨੂੰ ਮਹੰਤ ਆਪਣੀ ਮਰਜ਼ੀ ਨਾਲ ਵਰਤਦੇ ਸਨ। ਪਰੰਤੂ ਦੂਜੇ ਪਾਸੇ ਕੁਝ ਹਿੰਦੂਆਂ ਨੇ ਆਪਣੀ ਕੌਮ ਨੂੰ ਸਿੱਖਾਂ ਦਾ ਵਿਰੋਧ ਨਾ ਕਰਨ ਲਈ ਅਪੀਲ ਵੀ ਕੀਤੀ ਸੀ।

ਇੱਥੇ ਇਹ ਵੀ ਸਮਝਣਯੋਗ ਹੈ ਕਿ ਉਸ ਸਮੇਂ ਦੇ ਹਾਲਾਤ ਇਸ ਗੱਲ ਨੂੰ ਕਈ ਪੱਖਾਂ ਤੋਂ ਉਜਾਗਰ ਕਰਦੇ ਹਨ ਕਿ ਇਸ ਸਭ ਦੇ ਪਿੱਛੇ ਦੇ ਮੁੱਖ ਸਾਜ਼ਿਸ਼ਕਾਰ ਬ੍ਰਿਟਿਸ਼ ਅੰਗਰੇਜ਼ ਹਕੂਮਤ ਸੀ, ਕਿਉਂਕਿ ਉਨ੍ਹਾਂ ਦੀ ਪ੍ਰਚੱਲਤ ਨੀਤੀ ਸੀ ਕਿ 'ਪਾੜੋ ਤੇ ਰਾਜ ਕਰੋ'। ਜਿਸਦੇ ਮੱਦੇਨਜ਼ਰ ਉਹ ਸਿੱਖ, ਹਿੰਦੂ ਤੇ ਮੁਸਲਮਾਨ ਕੌਮਾਂ ਅੰਦਰ ਆਪਸੀ ਭਾਈਚਾਰਕ ਸਾਂਝ ਨੂੰ ਖੋਰਾ ਲਗਾਉਣ ਲਈ ਅਸਿੱਧੇ ਤੇ ਅਦ੍ਰਿਸ਼ਟ ਢੰਗਾਂ ਨਾਲ ਪੂਰੀ ਤਰ੍ਹਾਂ ਸਰਗਰਮ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਤੀ ਵਿਚ ਅੰਗਰੇਜ਼ਾਂ, ਮਹੰਤਾਂ ਤੇ ਹੋਰ ਗ਼ੈਰ-ਸਿੱਖਾਂ ਵੱਲੋਂ ਬਾਰ-ਬਾਰ ਵੱਡੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ ਸਨ ਜਿਸਦੇ ਫਲਸਰੂਪ ਸੰਨ ੧੯੨੩ ਵਿਚ ਦੋਹਾਂ ਸੰਸਥਾਵਾਂ ਨੂੰ ਗ਼ੈਰ-ਕਾਨੂੰਨੀ ਐਲਾਨ ਦਿੱਤਾ ਗਿਆ ਸੀ ਅਤੇ ਲਗਪਗ ਸਾਰੇ ਪੰਥਕ ਆਗੂਆਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਕੈਦ ਕਰ ਦਿੱਤਾ ਗਿਆ ਸੀ। ਪਰੰਤੂ ਸਿਰੜੀ ਸਿੱਖਾਂ ਨੇ ਸਿਦਕ ਅਤੇ ਹੌਂਸਲੇ ਨਾਲ ਤਸ਼ੱਦਦ ਝੱਲਦਿਆਂ ਸੰਘਰਸ਼ ਜਾਰੀ ਰੱਖਿਆ ਅਤੇ ਅੰਤ ਦੋਹਾਂ ਜਥੇਬੰਦੀਆਂ ਦੀ ਸਫਲਤਾਪੂਰਵਕ ਕਾਨੂੰਨੀ ਤੌਰ 'ਤੇ ਸਥਾਪਨਾ ਕਰਨ ਵਿਚ ਕਾਮਯਾਬੀ ਹਾਸਲ ਕੀਤੀ।

ਜ਼ਿਕਰਯੋਗ ਹੈ ਕਿ ਅੰਗਰੇਜ਼ਾਂ ਦੇ ਰਾਜ ਵਿਚ ਜਿੱਥੇ ਕਿਰਤੀ ਤੇ ਸਿਦਕੀ ਸਿੱਖ

ਆਪਣੇ ਗੁਰਧਾਮਾਂ ਲਈ ਸੰਘਰਸ਼ ਕਰ ਰਹੇ ਸਨ, ਉੱਥੇ ਦੂਜੇ ਪਾਸੇ ਪਟਿਆਲਾ ਰਿਆਸਤ ਦੇ ਕੁਝ ਸਿੱਖ ਰਾਜਿਆਂ ਦਾ ਸਿੱਖ ਵਿਰੋਧੀ ਰਵੱਈਆ ਵੀ ਸਿੱਖ ਸੰਘਰਸ਼ ਲਈ ਚੁਣੌਤੀ ਬਣਿਆ ਹੋਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੇ ੧੯੨੯ ਈ. ਵਿਚ ਬਹੁਤ ਹੀ ਦਲੇਰਾਨਾ ਬਿਆਨ ਦਿੱਤਾ ਕਿ ਪਟਿਆਲਾ ਦੇ ਮਹਾਰਾਜਾ ਨੂੰ ਜੇਲ੍ਹ ਵਿਚ ਡੱਕਣਾ ਚਾਹੀਦਾ ਹੈ ਅਤੇ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਜੋ ਜੇਲ੍ਹ ਵਿਚ ਸਨ, ਨੂੰ ਪਟਿਆਲਾ ਗਣਤੰਤਰ ਦਾ ਪ੍ਰਧਾਨ ਬਣਾਉਣਾ ਚਾਹੀਦਾ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਟਿਆਲਾ ਰਿਆਸਤ ਕੌਮੀ ਹਿੱਤਾਂ ਲਈ ਜੂਝ ਰਹੇ ਸਿੱਖਾਂ ਨਾਲ ਖੜ੍ਹਨ ਦੀ ਬਜਾਏ ਉਨ੍ਹਾਂ ਲਈ ਮੁਸ਼ਕਿਲਾਂ ਖੜ੍ਹੀਆਂ ਕਰਦੀ ਸੀ।

੧੯੪੧ ਈ. ਵਿਚ ਸਰ ਸਿਕੰਦਰ ਹਯਾਤ ਸਰਕਾਰ ਦੀ ਸ਼ਹਿ 'ਤੇ ਟਿੱਕਾ ਜਗਜੀਤ ਸਿੰਘ ਵੱਲੋਂ ਅਸੈਂਬਲੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਲਈ ਇੱਕ ਬੋਰਡ ਬਣਾਉਣ ਦੀ ਤਜਵੀਜ਼ ਰੱਖੀ ਗਈ। ਇਸੇ ਸਮੇਂ ਧਾਰਮਿਕ ਅਸਥਾਨਾਂ ਉੱਪਰ ਟੈਕਸ ਲਾਉਣ ਅਤੇ ਝਟਕੇ 'ਤੇ ਪਾਬੰਦੀ ਲਗਾਉਣ ਦੀ ਗੱਲ ਵੀ ਜ਼ੋਰਾਂ 'ਤੇ ਚੱਲ ਰਹੀ ਸੀ। ਜਿਸ ਬਾਰੇ ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਬਹੁਤ ਸਖ਼ਤ ਪ੍ਰਤੀਕਰਮ ਦਿੱਤਾ ਜਿਸ ਨਾਲ ਜਿੱਥੇ ਸਰਕਾਰੀ ਮਨਸੂਬੇ ਧਰੇ-ਧਰਾਏ ਰਹਿ ਗਏ, ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋਰਨਾਂ ਗੁਰਦੁਆਰਿਆਂ ਨੂੰ ਵੀ ਲਿਆਂਦਾ ਗਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤਿੰਨ ਸਾਲ ਦੀ ਬਜਾਏ ਪੰਜ ਸਾਲ ਬਾਅਦ ਕਰਵਾਉਣੀਆਂ ਵੀ ਨਿਸਚਿਤ ਕੀਤਾ ਗਿਆ। ਇਹੋ-ਜਿਹੀ ਬੇਬਾਕੀ ਤੇ ਨਿੱਡਰਤਾ ਹਰੇਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਚ ਪੂਰੀ ਤਰ੍ਹਾਂ ਕਾਇਮ ਸੀ।

ਅੰਗਰੇਜ਼ ਸਰਕਾਰ ਵੱਲੋਂ ਪਾਲੇ ਹੋਏ ਕੁਝ ਸਿੱਖ ਹਰੇਕ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵਿਰੁੱਧ ਭਾਵ ਮੂਲ ਸਿੱਖੀ-ਸਿਧਾਂਤਕ ਲਹਿਰ ਦੇ ਵਿਰੁੱਧ ਖੜ੍ਹੇ ਹੁੰਦੇ ਰਹੇ ਪਰੰਤੂ ਸਿੱਖ ਸਮਾਜ ਨੇ ਹਮੇਸ਼ਾ ਬਹੁਮਤ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿਤਾਈਆਂ। ਸ਼੍ਰੋਮਣੀ ਅਕਾਲੀ ਦਲ ਦੇ ਖ਼ਿਲਾਫ ਅੰਗਰੇਜ਼ਾਂ ਦੀ ਸ਼ਹਿ 'ਤੇ ਧੜੇ ਬਣਦੇ ਰਹੇ ਅਤੇ ਬਿਖਰਦੇ ਰਹੇ।

ਇਤਿਹਾਸ ਵਿਚ ਵਾਪਰੀਆਂ ਕੁਝ ਮਹੱਤਵਪੂਰਨ ਘਟਨਾਵਾਂ ਅਜੋਕੇ ਸਮੇਂ ਦੇ ਹਾਲਾਤਾਂ ਵਿਚ ਕੌਮੀ ਵਿਉਂਤਬੰਦੀ ਕਰਨ ਲਈ ਵਿਚਾਰਨਯੋਗ ਹਨ, ਜਿਵੇਂ ਕਿ- ਸਿੱਖ ਕੌਮ ਨੂੰ ਕਦੇ ਵੀ ਕਿਸੇ ਹੋਰ ਦਾ ਆਸਰਾ ਨਹੀਂ ਤੱਕਣਾ ਚਾਹੀਦਾ ਕਿਉਂਕਿ ਸਿੱਖਾਂ ਨੇ ਜਦੋਂ-ਜਦੋਂ ਵੀ ਕਿਸੇ ਹੋਰ ਉੱਪਰ ਵਿਸ਼ਵਾਸ ਕੀਤਾ ਤਾਂ ਅਗਲਿਆਂ ਨੇ ਸਿੱਖਾਂ ਨਾਲ ਵਿਸਾਹਘਾਤ ਕੀਤਾ ਸੀ। ਇਸ ਤੋਂ ਇਲਾਵਾ ਸਿੱਖ ਧਰਮ ਪ੍ਰਤੀ ਹੋਰਨਾਂ ਧਰਮਾਂ ਦੀ ਸਹਿਣਸ਼ੀਲਤਾ ਉਸ ਤਰ੍ਹਾਂ ਦੀ ਨਹੀਂ ਰਹੀ ਜਿਵੇਂ ਸਿੱਖ ਧਰਮ ਦੀ ਉਨ੍ਹਾਂ ਪ੍ਰਤੀ ਰਹੀ ਸੀ। ਸਿੱਖ ਕੌਮ ਵੱਲੋਂ ਕੀਤੇ ਗਏ ਪਰਉਪਕਾਰੀ ਵਿਵਹਾਰਾਂ ਬਦਲੇ ਹੋਰਨਾਂ ਨੇ ਕੇਵਲ ਨਿੱਜੀ

ਮੁਫਾਦ ਦੀ ਪੂਰਤੀ ਤਕ ਸਿੱਖਾਂ ਦਾ ਸਾਥ ਨਿਭਾਇਆ ਸੀ ਅਤੇ ਸਿੱਖ ਕੌਮ ਨੂੰ ਦਬਾਉਣ ਤੇ ਕਮਜ਼ੋਰ ਕਰਨ ਵਿਚ ਲਗਪਗ ਹਰੇਕ ਕੌਮ ਦੇ ਲੋਕਾਂ ਦਾ ਯੋਗਦਾਨ ਰਿਹਾ ਸੀ। ਇਤਿਹਾਸ ਤੋਂ ਇਹ ਵੀ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਸਿੱਖਾਂ ਨੂੰ ਕੇਵਲ ਅਜ਼ਾਦੀ ਦੀ ਜੰਗ ਵਿਚ ਆਹੂਤੀ ਦੇਣ ਲਈ ਵਰਤਿਆ ਗਿਆ ਸੀ। ਸਿੱਖਾਂ ਨੇ ਜਿਨ੍ਹਾਂ ਦੀ ਰੱਖਿਆ ਲਈ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੇ ਸਿੱਖ ਧਰਮ, ਸਿੱਖ ਕੌਮ ਅਤੇ ਸਿੱਖ ਸੰਸਥਾਵਾਂ ਉੱਪਰ ਕਈ-ਕਈ ਵਾਰ ਹਮਲੇ ਕੀਤੇ ਅਤੇ ਫਿਰ ਉਨ੍ਹਾਂ ਹਮਲਿਆਂ ਨੂੰ ਸਹੀ ਸਿੱਧ ਕਰਨ ਲਈ ਝੂਠੇ ਬਿਰਤਾਂਤ ਵੀ ਸਿਰਜੇ। ਇਤਿਹਾਸ ਅੰਦਰ ਸਿੱਖਾਂ ਦੇ ਚਹੁੰ-ਤਰਫੋਂ ਹੋਏ ਅਜਿਹੇ ਵਿਰੋਧਾਂ ਤੋਂ ਸੇਧ ਲੈਂਦਿਆਂ ਸਿੱਖ ਕੌਮ ਨੂੰ ਚਾਹੀਦਾ ਹੈ ਕਿ ਹੋਰਨਾਂ ਤੋਂ ਜ਼ਰਾ ਪਾਸਾ ਵੱਟਦਿਆਂ ਇਸ ਸਮੇਂ ਕੇਵਲ ਆਪਣੀ ਕੌਮ ਤੇ ਆਪਣੀਆਂ ਸੰਸਥਾਵਾਂ ਦੀ ਮਜ਼ਬੂਤੀ ਖ਼ਾਤਰ ਪੰਥਕ ਇੱਕਜੁਟਤਾ ਲਈ ਯਤਨਸ਼ੀਲ ਹੋਵੇ।

**ਸਿੱਖਾਂ ਅੰਦਰ ਕੌਮੀ ਦਰਦ ਦਾ ਪ੍ਰਗਟਾਅ-** ਕੌਮੀ ਦਰਦ ਉਹ ਭਾਵਨਾ ਹੈ ਜੋ ਸਿੱਖ ਨੂੰ ਕੇਵਲ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ। ਇਹ ਭਾਵਨਾ ਮਨ ਅੰਦਰ ਆਪ ਪੈਦਾ ਨਹੀਂ ਕੀਤੀ ਜਾ ਸਕਦੀ, ਬਲਕਿ ਇਹ ਸੁਤੇ-ਸਿਧ ਪ੍ਰਗਟ ਹੁੰਦੀ ਹੈ। ਮਨੁੱਖ ਕਿਸੇ ਦੂਜੇ ਮਨੁੱਖ ਦਾ ਦਰਦ ਦੇਖ-ਸੁਣ ਕੇ ਹਮਦਰਦੀ ਮਹਿਸੂਸ ਕਰ ਸਕਦਾ ਹੈ ਅਤੇ ਸੀਮਤ ਸਮੇਂ ਤੇ ਹੱਦ ਤੀਕ ਮਦਦ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਜਿਸ ਨੂੰ ਮਨੁੱਖਤਾਵਾਦੀ ਵਿਚਾਰਧਾਰਾ ਦੀ ਪਰਿਭਾਸ਼ਾ ਕਿਹਾ ਜਾ ਸਕਦਾ ਹੈ, ਪਰੰਤੂ ਕੌਮੀ ਦਰਦ ਵਿਚ ਮਨੁੱਖ ਆਪਣੀ ਕੌਮ ਦੇ ਦਰਦ ਨੂੰ ਆਤਮਿਕ ਤੌਰ 'ਤੇ ਮਹਿਸੂਸ ਕਰ ਕੇ ਪੂਰੇ ਜੋਸ਼ ਤੇ ਹੋਸ਼ ਨਾਲ ਆਪਣੀ ਪੂਰੀ ਜ਼ਿੰਦਗੀ ਕੌਮ ਦੇ ਲੇਖੇ ਲਗਾ ਦਿੰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕੌਮੀ ਦਰਦ ਨੂੰ ਮਹਿਸੂਸ ਕਰਨਾ ਗੁਰੂ ਦੀ ਕਿਰਪਾ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ।

ਕੌਮੀ ਦਰਦ ਦਾ ਇਹ ਪ੍ਰਗਟਾਅ ਸਿੱਖਾਂ ਅੰਦਰ ਅਜਿਹੇ ਜ਼ੁਲਮੀ ਹਾਲਾਤਾਂ ਸਮੇਂ ਹੋਇਆ ਜਦੋਂ ਸਿੱਖਾਂ ਉੱਪਰ ਚਹੁੰ-ਤਰਫੀ ਹਮਲੇ ਹੋ ਰਹੇ ਸਨ। ਅੰਗਰੇਜ਼ ਹਕੂਮਤ ਨੇ ਸਿੱਖਾਂ ਨੂੰ ਆਤਮਿਕ ਤੌਰ 'ਤੇ ਪੀੜ੍ਹਤ ਕਰਨ ਲਈ ਵੱਡੀਆਂ ਸਾਜ਼ਿਸ਼ਾਂ ਅਮਲ ਵਿਚ ਲਿਆਂਦੀਆਂ ਸਨ। ਅਜਿਹੇ ਦੁਖਦਾਇਕ ਹਾਲਾਤ ਦਾ ਇਤਿਹਾਸ ਪੜ੍ਹ ਕੇ ਅੱਜ ਵੀ ਅੱਖਾਂ ਭਰ ਆਉਂਦੀਆਂ ਹਨ ਤੇ ਮੂੰਹੋਂ ਇਹੀ ਨਿਕਲਦਾ ਹੈ ਧੰਨ ਨੇ ਉਹ ਮਰਜੀਵੜੇ ਸਿੱਖ। ਉਨ੍ਹਾਂ ਸਿੱਖਾਂ ਅੰਦਰ 'ਪੰਥ ਵੱਸੇ ਮੈਂ ਉੱਜੜਾਂ' ਦੀ ਭਾਵਨਾ ਗਹਿਰ-ਗੰਭੀਰ ਰੂਪ ਵਿਚ ਅਸਰਦਾਰ ਹੋਈ ਜੋ ਰੂਹਾਨੀਅਤ ਨਾਲ ਭਰਪੂਰ ਸਿੱਖ ਕੌਮ ਦੇ ਮਰਜੀਵੜੇ ਸਿੱਖਾਂ ਅੰਦਰ ਕੌਮੀ ਦਰਦ ਦਾ ਪ੍ਰਗਟਾਅ ਸੀ। ਇਸ ਦਾ ਜਲੌਅ ਅਜਿਹਾ ਸੀ ਕਿ ਨਾ ਕੇਵਲ ਸਿੱਖ ਮਰਦ ਸਗੋਂ ਸਿੱਖ ਇਸਤਰੀਆਂ ਅਤੇ ਬੱਚਿਆਂ ਅੰਦਰ ਵੀ ਵਿਆਪਕ ਰੂਪ ਵਿਚ ਲਿਸ਼ਕਾਰੇ ਮਾਰਦਾ ਸੀ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸੋਂ ਮਿਲੀ ਧਰਮ ਦੀ ਖ਼ਾਤਰ ਸ਼ਹੀਦੀਆਂ ਦੇਣ ਦੀ ਪ੍ਰੇਰਨਾ ਉਨ੍ਹਾਂ ਸੰਘਰਸ਼ੀ

ਸਿੱਖਾਂ ਦੇ ਅੰਦਰ ਪ੍ਰਕਾਸ਼ਮਾਨ ਹੁੰਦੀ ਅੱਜ ਵੀ ਇਤਿਹਾਸ ਦੇ ਪੰਨਿਆਂ ਤੋਂ ਦੇਖੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਧਰਮ ਤੋਂ ਕੁਰਬਾਨ ਹੋਣ ਵਾਲੇ ਅਜਿਹੇ ਸਿਰੜੀ ਤੇ ਮਰਜੀਵੜੇ ਸਿੱਖ ਪੈਦਾ ਕਰਦੀ ਹੈ ਜਿਨ੍ਹਾਂ ਦੀਆਂ ਅਲੌਕਿਕ ਕੁਰਬਾਨੀਆਂ ਨੂੰ ਰੋਜ਼ਾਨਾ ਸਿੱਖ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ। ਧਰਮ ਦੀ ਖ਼ਾਤਰ ਆਪਣਾ-ਆਪ ਲੁਟਾ ਕੇ ਵੀ ਮਾਨਿਸਕ ਤਲ 'ਤੇ ਸਹਿਜਤਾ ਨਾਲ ਚੱਲਣਾ ਸਿੱਖਾਂ ਦੇ ਕੌਮੀ ਦਰਦ ਨੂੰ ਪ੍ਰਣਾਏ ਹੋਣ ਦਾ ਪ੍ਰਤੱਖ ਪ੍ਰਮਾਣ ਸੀ। ਸ਼ਹਾਦਤਾਂ ਦੇ ਰਾਹ ਉੱਪਰ ਤੁਰੇ ਉਨ੍ਹਾਂ ਸਿਰੜੀ ਸਿੱਖਾਂ ਨੇ ਅੱਤ ਦੇ ਜ਼ੁਲਮ ਝੱਲੇ ਪਰੰਤੂ ਗੁਰੂ ਸਾਹਿਬ ਉੱਪਰ ਨਾ ਸ਼ੰਕਾ ਕੀਤਾ, ਨਾ ਰੋਸ ਕੀਤਾ, ਨਾ ਉਲ੍ਹਾਮਾ ਦਿੱਤਾ ਅਤੇ ਨਾ ਹੀ ਪਛਤਾਵਾ ਕੀਤਾ; ਬਲਕਿ ਉਸ ਚਾਉ ਨਾਲ ਸ਼ਹਾਦਤਾਂ ਦਿੱਤੀਆਂ ਜਿਸ ਚਾਉ ਬਾਰੇ ਧੰਨ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ-

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਕੌਮੀ ਦਰਦ ਨੂੰ ਪ੍ਰਣਾਏ ਹੋਏ ਸਿੱਖ ਘੱਟ-ਗਿਣਤੀ ਹੁੰਦਿਆਂ ਅਤੇ ਚਹੁੰ-ਤਰਫੋਂ ਦੁਸ਼ਮਣਾਂ ਵਿਚ ਘਿਰੇ ਰਹਿ ਕੇ ਵੀ ਧਰਮ ਅਤੇ ਪੰਥਕ ਇੱਕਜੁਟਤਾ ਤੋਂ ਥਿੜ੍ਹਕੇ ਨਹੀਂ। ਸਿੱਖਾਂ ਨੇ ਅੰਗਰੇਜ਼ਾਂ ਮੂਹਰੇ ਬਿਨਾਂ ਝੁਕਿਆਂ ਤੇ ਬਿਨਾਂ ਹਫ਼ਿਆਂ ਸੰਘਰਸ਼ ਜਾਰੀ ਰੱਖਿਆ ਕਿਉਂਕਿ ਇਹ ਸੰਘਰਸ਼ ਕੌਮੀ ਦਰਦ ਦੀ ਉਪਜ ਸੀ। ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਸਿੱਖ ਕੌਮ ਅੰਦਰ ਜਦੋਂ ਕੌਮੀ ਦਰਦ ਦੀ ਭਾਵਨਾ ਆਪਣੇ ਜੋਬਨ ਉੱਪਰ ਪੁੱਜੀ ਤਾਂ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਸ਼ਹੀਦੀਆਂ ਦੇਣ ਵਾਲਿਆਂ ਦਾ ਹੜ੍ਹ ਆ ਗਿਆ ਹੋਵੇ। ਇਸੇ ਸ਼ਹੀਦੀਆਂ ਦੇ ਜਲੌਅ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ ਅਤੇ ਇਸੇ ਕ੍ਰਾਂਤੀਕਾਰੀ ਲਹਿਰ ਨੇ ਭਾਰਤ ਦੀ ਅਜ਼ਾਦੀ ਵਿਚ ਵਡਮੁੱਲਾ ਯੋਗਦਾਨ ਪਾਇਆ। ਕੌਮ ਖ਼ਾਤਰ ਜਾਨਾਂ ਵਾਰਨ ਵਾਲੇ ਉਨ੍ਹਾਂ ਸਿਰੜੀ ਸਿੱਖਾਂ ਅੰਦਰ ਪੈਦਾ ਹੋਏ ਕੌਮੀ ਦਰਦ ਦਾ ਪ੍ਰਗਟਾਅ ਅਜੋਕੇ ਹਾਲਾਤ ਵਿਚ ਸਮੁੱਚੀ ਸਿੱਖ ਕੌਮ ਲਈ ਪ੍ਰੇਰਣਾ ਸਰੋਤ ਹੈ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ-** ਸਿੱਖਾਂ ਵੱਲੋਂ ਕੀਤੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੌਮ ਦੀ ਇਤਿਹਾਸਿਕ ਪ੍ਰਾਪਤੀ ਹੈ। ਇਸ ਮਹਾਨ ਸੰਸਥਾ ਦੀ ਸਥਾਪਨਾ ਕੋਈ ਥੋੜ੍ਹੇ ਸਮੇਂ ਦੇ ਸੰਘਰਸ਼ ਜਾਂ ਵਿਰੋਧ ਦੀ ਉਪਜ ਨਹੀਂ ਸੀ, ਬਲਕਿ ਇਸ ਮਹਾਨ ਸੰਸਥਾ ਨੂੰ ਹੋਂਦ ਵਿਚ ਲਿਆਉਣ ਲਈ ਸਿੱਖਾਂ ਨੇ ਕਈ ਦਹਾਕੇ ਸੰਘਰਸ਼ ਕੀਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕਰਨ ਲਈ ਪੰਥਕ ਜਜ਼ਬੇ ਨਾਲ ਲਬਰੇਜ਼ ਹਜ਼ਾਰਾਂ ਸਿੱਖਾਂ ਨੇ ਆਪਣੀਆਂ ਕੁਰਬਾਨੀਆਂ ਹੀ ਨਹੀਂ ਦਿੱਤੀਆਂ, ਸਗੋਂ ਆਪਣੇ ਪਰਵਾਰ ਤਕ ਵਾਰ ਦਿੱਤੇ ਅਤੇ ਸੰਘਰਸ਼ ਦੌਰਾਨ ਲੱਖਾਂ ਸਿੱਖਾਂ ਦੀਆਂ ਜ਼ਿੰਦਗੀਆਂ ਪ੍ਰਭਾਵਿਤ ਹੋਈਆਂ।

ਅੰਗਰੇਜ਼ਾਂ ਦੀ ਗ਼ੁਲਾਮੀ ਝੱਲਦਿਆਂ ਅਸਹਿ ਤੇ ਅਕਹਿ ਜ਼ੁਲਮੀ ਹਾਲਾਤ ਦੇ ਬਾਵਜੂਦ ਸਿੱਖਾਂ ਨੇ ਵੱਡਾ ਸੰਘਰਸ਼ ਵਿੱਢ ਦਿੱਤਾ ਤਾਂ ਜੋ ਆਪਣੇ ਗੁਰਧਾਮਾਂ ਦੇ ਪ੍ਰਬੰਧਾਂ ਨੂੰ ਕੁਕਰਮੀ ਮਹੰਤਾਂ ਤੋਂ ਮੁਕਤ ਕਰਵਾ ਕੇ ਸੰਗਤੀ ਪ੍ਰਬੰਧ ਵਿਚ ਲਿਆਂਦਾ ਜਾ ਸਕੇ। ਅਕਸਰ ਹੀ ਅਖੌਤੀ ਨੀਵੀਂ ਜਾਤ ਵਾਲੇ ਸਿੱਖਾਂ ਦਾ ਕੜਾਹ ਪ੍ਰਸ਼ਾਦ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਸੀ। ਅਜਿਹੀਆਂ ਹੋਰ ਘਟਨਾਵਾਂ ਵਾਪਰਨ ਤੋਂ ਬਾਅਦ ਸਿੱਖਾਂ ਦਾ ਗੁੱਸਾ ਮਹੰਤਾਂ ਉੱਪਰ ਅਜਿਹਾ ਫੁੱਟਿਆ ਕਿ ਇੱਕ ਲੋਕ ਲਹਿਰ ਖੜ੍ਹੀ ਹੋ ਗਈ। ਆਪ-ਮੁਹਾਰੇ ਪੈਦਾ ਹੋਈ ਇਹ ਲਹਿਰ ਸੀ- 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ'। ੧੨ ਅਕਤੂਬਰ, ੧੯੨੦ ਈ. ਨੂੰ ਅਖੌਤੀ ਨੀਵੀਂ ਜਾਤ ਦੇ ਸਿੰਘਾਂ (ਖ਼ਾਲਸਾ ਬਰਾਦਰੀ) ਨੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵੱਲ ਖਾਲਸਈ ਜਾਹ-ਓ-ਜਲਾਲ ਨਾਲ ਚਾਲੇ ਪਾ ਦਿੱਤੇ, ਜਿੱਥੇ ਪੁਜਾਰੀਆਂ ਨੇ ਪ੍ਰਸ਼ਾਦ ਦੀ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ, ਉਪਰੰਤ ਹੁਕਮਨਾਮਾ ਸਾਹਿਬ ਲੈ ਕੇ ਸੇਧ ਲੈਣ ਲਈ ਫੈਸਲਾ ਹੋਇਆ, ਤਾਂ ਹੁਕਮਨਾਮਾ ਆਇਆ- *"ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥"*

ਜਿਸ 'ਤੇ ਸੰਗਤ ਦਾ ਜੋਸ਼ ਦੇਖ ਕੇ ਪੁਜਾਰੀ ਨੇ ਪ੍ਰਸ਼ਾਦ ਪ੍ਰਵਾਨ ਕੀਤਾ। ਸੰਗਤ ਦਾ ਅਜਿਹਾ ਜਲੌਅ ਦੇਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਪੁਜਾਰੀ ਨੱਸ ਗਏ। ਉਪਰੰਤ ਸੰਗਤ ਨੇ ਆਪਣੇ ਮੁਕੱਦਸ ਅਸਥਾਨਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੰਗਤੀ ਪ੍ਰਬੰਧ ਵਿਚ ਲੈ ਲਿਆ ਅਤੇ ਭਾਈ ਤੇਜਾ ਸਿੰਘ ਭੁੱਚਰ ਨੂੰ ਜਥੇਦਾਰੀ ਦੀ ਸੇਵਾ ਸੌਂਪ ਦਿੱਤੀ।

੧੫ ਨਵੰਬਰ, ੧੯੨੦ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦੇ ਗਏ ਪੰਥਕ ਇਕੱਠ ਵਿਚ ੧੭੫-ਮੈਂਬਰੀ ਕਮੇਟੀ ਚੁਣੀ ਗਈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢਲਾ ਸਰੂਪ ਸੀ ਅਤੇ ਜਿਸਦੇ ਪਹਿਲੇ ਪ੍ਰਧਾਨ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਥਾਪਿਆ ਗਿਆ। ਇਸ ਦੌਰਾਨ ਕਈ ਸਾਲਾਂ ਦੇ ਸੰਘਰਸ਼ ਵਿਚ ਹਜ਼ਾਰਾਂ ਸਿੱਖ ਕੁਰਬਾਨ ਹੋਏ, ਕਈ ਅੰਗਹੀਣ ਹੋ ਗਏ, ਹਜ਼ਾਰਾਂ ਨੇ ਜੇਲ੍ਹਾਂ ਕੱਟੀਆਂ, ਜਲਾਵਤਨੀਆਂ ਕੱਟਣ ਦੇ ਨਾਲ-ਨਾਲ ਜਾਇਦਾਦਾਂ ਵੀ ਜ਼ਬਤ ਕਰਵਾਈਆਂ, ਅੰਤ ਸਿਦਕੀ ਸਿੱਖਾਂ ਦੀਆਂ ਕੁਰਬਾਨੀਆਂ ਮੂਹਰੇ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ। ਜਿਸ ਦੇ ਮੱਦੇਨਜ਼ਰ ਪੰਜਾਬ ਦੇ ਗਵਰਨਰ ਨੂੰ ਗੁਰਦੁਆਰਾ ਬਿੱਲ ਪਾਸ ਕਰਨਾ ਪਿਆ ਜੋ ੧ ਨਵੰਬਰ, ੧੯੨੫ ਈ. ਨੂੰ ਲਾਗੂ ਹੋਇਆ, ਭਾਵੇਂ ਕਿ ਇਸ ਰਾਹੀਂ ਪੰਜਾਬ ਦੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਾਨੂੰਨੀ ਤੌਰ 'ਤੇ ਸਿੱਖਾਂ ਨੂੰ ਪ੍ਰਾਪਤ ਹੋਇਆ, ਪਰੰਤੂ ਫਿਰ ਵੀ ਮਹੰਤਾਂ ਪਾਸੋਂ ਗੁਰਦੁਆਰਾ ਸਾਹਿਬਾਨ ਮੁਕਤ ਕਰਵਾਉਣ ਲਈ ਸਿੱਖਾਂ ਨੂੰ ਵੱਡਾ ਸੰਘਰਸ਼ ਕਰਨਾ ਪਿਆ। ਗ਼ੁਲਾਮ ਦੇਸ਼ ਅੰਦਰ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਰੂਪ ਵਿਚ ਅਜਿਹਾ ਕਾਨੂੰਨੀ ਅਧਿਕਾਰ (ਜੋ ਸਿੱਖਾਂ ਨੂੰ ਇੱਕ ਰੂਪ ਵਿਚ ਅਜ਼ਾਦੀ ਪ੍ਰਦਾਨ ਕਰਦਾ ਸੀ) ਪ੍ਰਾਪਤ ਕਰਨ ਲਈ ਸਿੱਖ ਕੌਮ ਨੂੰ ਕਰੜਾ ਸੰਘਰਸ਼ ਕਰਨਾ ਪਿਆ, ਜਿਸ ਨੂੰ ਸੰਖੇਪ ਵਿਚ ਲਿਖ ਸਕਣਾ ਅਸੰਭਵ ਹੈ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਐਕਟ ੧੯੨੫ ਦੀ ਬਣਤਰ ਵੀ ਅੰਗਰੇਜ਼ ਹਕੂਮਤ ਨੇ ਆਪਣੇ ਮਾਫਕ ਰੱਖੀ ਸੀ, ਜਿਸ ਵਿਚ ਸੋਧਾਂ ਕਰਵਾਉਣ ਲਈ ਵੀ ਸਿੱਖਾਂ ਨੇ ਸਮੇਂ-ਸਮੇਂ ਸੰਘਰਸ਼ ਕੀਤਾ। ਇਸ ਐਕਟ ਲਈ ਸਹਿਮਤੀ ਦੇਣ ਲਈ ਸਿੱਖਾਂ ਵੱਲੋਂ ਰੱਖੀਆਂ ਗਈਆਂ ਤਰਮੀਮਾਂ ਵਿਚ ਇੱਕ ਇਹ ਸੀ ਕਿ "ਸਿੱਖ ਬੀਬੀਆਂ ਨੂੰ ਵੋਟ ਪਾਉਣ ਦਾ ਪੂਰਾ ਅਧਿਕਾਰ ਹੋਵ।" ਜੋ ਇਸਤਰੀ-ਹੱਕ ਵਿਚ ਇਤਿਹਾਸਿਕ ਫੈਸਲਾ ਹੋ ਨਿੱਬੜਿਆ।

ਸਾਡੇ ਪੁਰਖਿਆਂ ਨੇ ਇਹ ਭਾਂਪ ਲਿਆ ਸੀ ਕਿ ਜੇਕਰ ਆਪਣੇ ਗ੍ਰੰਥ ਤੇ ਗੁਰਧਾਮਾਂ ਦੀ ਸੁਰੱਖਿਆ ਕਰਨੀ ਹੈ ਤਾਂ ਇੱਕ ਮਜ਼ਬੂਤ ਅਤੇ ਸਦੀਵਕਾਲੀ ਸਿੱਖ ਸੰਗਠਨ ਦੀ ਲੋੜ ਹੈ। ਉਸ ਸਮੇਂ ਵੀ ਸਿੱਖ ਸਮਾਜ ਅੰਦਰ ਅਨੇਕਾਂ ਲਹਿਰਾਂ ਨੇ ਜਨਮ ਲਿਆ ਅਤੇ ਕਈ ਸਿੱਖ ਸੰਸਥਾਵਾਂ ਤੇ ਸੰਗਠਨ ਹੋਂਦ ਵਿਚ ਆਏ, ਜਿਨ੍ਹਾਂ ਨੇ ਵੱਖ-ਵੱਖ ਅਸਰ ਛੱਡਿਆ; ਪਰੰਤੂ ਇਸ ਦੇ ਬਾਵਜੂਦ ਇਕ ਅਜਿਹੇ ਸੰਗਠਨ ਦੀ ਲੋੜ ਮਹਿਸੂਸ ਹੋ ਰਹੀ ਸੀ ਜਿਸ ਨੂੰ ਸਿੱਖ-ਵਿਰੋਧੀ ਤਾਕਤਾਂ ਕਦੇ ਵੀ ਖ਼ਤਮ ਨਾ ਕਰ ਸਕਣ। ਇਸ ਲਈ ਦੋ ਮਹੱਤਵਪੂਰਨ ਨੁਕਤੇ ਧਿਆਨ ਵਿਚ ਰੱਖੇ ਗਏ, ਪਹਿਲਾ- ਅਜਿਹੇ ਸੰਗਠਨ ਨੂੰ ਸਮੁੱਚੀ ਸਿੱਖ ਕੌਮ ਦਾ ਬਲ ਪ੍ਰਾਪਤ ਹੋਵੇ ਜੋ ਸਿੱਖਾਂ ਦੇ ਵੱਖ-ਵੱਖ ਧੜਿਆਂ ਨੂੰ ਇੱਕ ਝੰਡੇ ਹੇਠ ਇਕੱਠੇ ਹੋਣ ਲਈ ਪਲੇਟਫਾਰਮ ਪ੍ਰਦਾਨ ਕਰੇ। ਦੂਜਾ- ਅਜਿਹਾ ਸੰਗਠਨ ਕਾਨੂੰਨੀ ਤੌਰ 'ਤੇ ਸਥਾਪਿਤ ਹੋਵੇ ਅਤੇ ਅਜ਼ਾਦ ਰੂਪ ਵਿਚ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲੇ।

ਇਸੇ ਤਹਿਤ ਸਿੱਖ ਸ਼ਕਤੀ ਦਾ ਪੁਨਰ-ਸੰਗਠਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਸਾਡੇ ਪੁਰਖਿਆਂ ਦੀ ਦੂਰ-ਦ੍ਰਿਸ਼ਟੀ ਨਾਲ ਸਿਰਜੀ ਕੌਮੀ ਯੋਜਨਾ ਸਫਲ ਹੋਈ, ਭਾਵ- ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੭੦ ਮੈਂਬਰਾਂ ਦੀ ਚੋਣ ਸਿੱਖ ਸੰਗਤ ਦੁਆਰਾ ਵੋਟਾਂ ਰਾਹੀਂ ਕੀਤੀ ਜਾਂਦੀ ਹੈ ਭਾਵ ਸਮੁੱਚੀ ਸਿੱਖ ਕੌਮ ਦਾ ਬਲ ਇਸ ਨੂੰ ਪ੍ਰਾਪਤ ਹੋਇਆ। ਦੂਜਾ- ਇਹ ਮਹਾਨ ਸੰਸਥਾ ਗੁਰਦੁਆਰਾ ਐਕਟ ੧੯੨੫ ਰਾਹੀਂ ਕਾਨੂੰਨ ਅਨੁਸਾਰ ਮਾਨਤਾ ਪ੍ਰਾਪਤ ਸੰਸਥਾ ਹੈ ਜਿਸ ਨੂੰ ਸਿੱਖ ਗੁਰਧਾਮਾਂ ਦਾ ਪ੍ਰਬੰਧ ਸੰਭਾਲਣ ਦਾ ਕਾਨੂੰਨੀ ਅਧਿਕਾਰ ਪ੍ਰਾਪਤ ਹੈ।

ਇਸ ਤਰ੍ਹਾਂ ਕਈ ਸਾਲਾਂ ਦੀ ਜੱਦੋ-ਜਹਿਦ ਤੋਂ ਬਾਅਦ ਸਿੱਖ ਕੌਮ ਨੇ ਗ਼ੁਲਾਮ ਦੇਸ਼ ਅੰਦਰ ਅਜ਼ਾਦ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕਰਨ ਵਿਚ ਇਤਿਹਾਸਿਕ ਸਫਲਤਾ ਹਾਸਲ ਕੀਤੀ। ਇਸੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਸਟੇਟ ਅੰਦਰ ਸਟੇਟ' ਕਿਹਾ ਜਾਂਦਾ ਹੈ ਅਤੇ ਇਹ ਮਹਾਨ ਸੰਸਥਾ 'ਸਿੱਖ ਪਾਰਲੀਮੈਂਟ' ਵਜੋਂ ਪਛਾਣ ਕਾਇਮ ਕਰਨ ਵਿਚ ਵੀ ਸਫਲ ਹੋਈ ਹੈ। ■

*ਜੂਨ ੨੦੨੪ ਦਾ ਬਾਕੀ:*

# ਜੂਨ ੧੯੮੪ ਈ. ਦਾ ਘੱਲੂਘਾਰਾ

*-ਸ. ਮੋਹਨ ਸਿੰਘ ਉਰਲਾਣਾ**

## ਸੰਤ ਜੀ ਨੇ ਸਿੰਘਾਂ ਨੂੰ ਸੰਬੋਧਨ ਕੀਤਾ

**੧.** ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ: "ਸਿੰਘੋ! ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜਿਸ ਸਿੰਘ ਨੇ ਵੀ ਜਾਣਾ ਹੈ ਉਹ ਬੜੀ ਖੁਸ਼ੀ ਨਾਲ ਜਾ ਸਕਦਾ ਹੈ। ਜਿਨ੍ਹਾਂ ਨੇ ਮੇਰੇ ਕੋਲ ਰਹਿਣਾ ਹੈ ਉਨ੍ਹਾਂ ਨੂੰ ਮੇਰੇ ਕੋਲੋਂ ਅੱਜ ਸਿਰਫ ਤਿੰਨ ਚੀਜ਼ਾਂ ਹੀ ਮਿਲ ਸਕਦੀਆਂ ਹਨ; ਜਿਨ੍ਹਾਂ ਵਿਚ ਸ਼ਹੀਦੀਆਂ, ਫਾਂਸੀ ਦੇ ਰੱਸੇ ਤੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਹਨ। ਜਿਨ੍ਹਾਂ ਸਿੰਘਾਂ ਨੂੰ ਇਹ ਸਵੀਕਾਰ ਹਨ ਉਹ ਇੱਥੇ ਮੇਰੇ ਕੋਲ ਰਹਿ ਸਕਦੇ ਹਨ ਤੇ ਜਿਨ੍ਹਾਂ ਨੇ ਘਰ ਜਾਣਾ ਹੈ, ਮੈਂ ਫੇਰ ਕਹਿੰਦਾ ਹਾਂ ਉਹ ਬਹੁਤ ਖੁਸ਼ੀ ਨਾਲ ਆਪੋ-ਆਪਣੇ ਘਰਾਂ ਨੂੰ ਜਾ ਸਕਦੇ ਹਨ।"

**੨.** ਸ੍ਰੀ ਅਕਾਲ ਤਖਤ ਸਾਹਿਬ ਵਿਖੇ: ਸਿੰਘੋ! ਤੁਸੀਂ ਨਿਭਾ ਦਿੱਤੀ ਅਤੇ ਮੈਂ ਵੀ ਨਿਭਾ ਦੇਣੀ ਹੈ, ਸ਼ਹੀਦੀ ਸਮਾਂ ਬਹੁਤ ਨਜ਼ਦੀਕ ਹੈ, ਦਾਸ ਕੋਲੋਂ ਜਥੇ/ ਸੰਗਤ ਦੀ ਸੇਵਾ ਨਿਭਾਉਂਦਿਆਂ ਕਿਸੇ ਵੀ ਸਿੰਘ ਨੂੰ ਕੋਈ ਤਕਲੀਫ ਹੋਈ ਹੋਵੇ, ਕਿਸੇ ਸਿੰਘ ਨੂੰ ਉੱਚਾ ਨੀਵਾਂ ਕਿਹਾ ਗਿਆ ਹੋਵੇ, ਉਸ ਦੀ ਦਾਸ ਨੂੰ ਖਿਮਾ ਬਖਸ਼ ਦੇਣੀ।"

## ਸਿੰਘਾਂ ਨੂੰ ਸਿਰੋਪੇ ਬਖਸ਼ੇ

ਜਥੇ ਦੇ ਸਾਰੇ ਸਿੰਘਾਂ ਨੂੰ ਸੰਤ ਬਹੁਤ ਪਿਆਰ ਅਤੇ ਸਤਿਕਾਰ ਦਿੰਦੇ ਸਨ, ਇੱਥੇ ਦਾਸ ਇਹ ਵੀ ਦੱਸ ਦੇਵੇ ਕਿ ਜਦੋਂ ਮਹਾਂਪੁਰਖਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਪਰਲੀ ਛੱਤ ਉਤੇ ਸਾਰੇ ਸਿੰਘਾਂ ਦੀ ਮੀਟਿੰਗ ਸੱਦੀ ਸੀ ਜਿਸ ਵਿਚ ਸਿੰਘਾਂ ਨੂੰ ਸਿਰੋਪੇ ਵੀ ਬਖਸ਼ੇ ਸਨ।

(ਅੱਖੀਂ ਦੇਖਿਆ ਤੇ ਹੰਢਾਇਆ ਜੂਨ ੧੯੮੪, ਪੰਨਾ ੧੭)

## ਸੰਤ ਜੀ ਵੱਲੋਂ ਸਿੰਘਾਂ ਨੂੰ ਸਨਿਮਰ ਬੇਨਤੀ

੫ ਜੂਨ ਦੀ ਦੁਪਹਿਰ ਤੋਂ ਮਗਰੋਂ ਭਾਈ ਅਮਰੀਕ ਸਿੰਘ ਜੀ ਨੇ ਕੁਝ ਸਿੰਘਾਂ ਨਾਲ ਮਿਲ ਕੇ ਸੰਤ ਜੀ ਨੂੰ ਬੇਨਤੀ ਕਰਨੀ ਚਾਹੀ ਤਾਂ ਸੰਤ ਜੀ ਦੇ ਕੁਝ ਕਹਿਣ ਤੋਂ ਪਹਿਲਾਂ ਬੜੀ ਨਿਮਰਤਾ ਨਾਲ ਸਿੰਘਾਂ ਨੂੰ ਬੇਨਤੀ ਕੀਤੀ, ਸਿੰਘੋ! ਹੁਕਮ ਕਰਨ ਤੋਂ ਪਹਿਲਾਂ ਮੇਰੀ ਬੇਨਤੀ ਸੁਣ ਲਵੋ, ਫੇਰ ਤੁਸੀਂ ਜੋ ਮਰਜ਼ੀ ਹੁਕਮ ਕਰ ਦਿਓ, ਮੇਰੀ ਬੇਨਤੀ ਇਹ ਹੈ ਕਿ ਏਥੋਂ ਜਾਣ ਬਾਰੇ ਮੈਨੂੰ ਕੋਈ ਹੁਕਮ ਨਾ ਕਰਿਓ, ਕਿਉਂਕਿ ਸ੍ਰੀ ਦਰਬਾਰ ਸਾਹਿਬ ਵਿੱਚੋਂ ਵੈਰੀਆਂ ਨੂੰ ਕੱਢਣ ਲਈ ਬਾਬਾ ਦੀਪ ਸਿੰਘ ਜੀ ਤੇ ਬਾਬਾ

**#ਐਲ ੬/੯੦੫, ਗਲੀ ਨੰ:੩/੪ ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੬; ਮੋ:੯੭੭੯੬੦੮੦੫੦*

ਗੁਰਬਖਸ਼ ਸਿੰਘ ਜੀ ਨੇ ਸ਼ਹੀਦੀਆਂ ਦਿੱਤੀਆਂ ਸਨ। ਦਾਸ ਵੀ ਉਸ ਟਕਸਾਲ ਦਾ ਸੇਵਾਦਾਰ ਹੈ ਤੇ ਸਮੇਂ ਦੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ, ਦਾਸ ਤਾਂ ਅਖੀਰਲੇ ਸੁਆਸ ਤਕ ਸਰਕਾਰ ਨੂੰ ਮੂੰਹ ਤੋੜਵਾਂ ਜਵਾਬ ਦਿੰਦਾ ਹੋਇਆ ਸ਼ਹਾਦਤ ਪ੍ਰਾਪਤ ਕਰੇਗਾ, ਕਿਰਪਾ ਕਰਕੇ ਤੁਸੀਂ ਮੈਨੂੰ ਏਥੋਂ ਜਾਣ ਬਾਰੇ ਕੋਈ ਵੀ ਹੁਕਮ ਨਹੀਂ ਕਰਨਾ। ਤੁਸੀਂ ਸਾਰੇ ਸਿੰਘਾਂ ਨੇ ਦਾਸ ਦੀ ਇਹ ਬੇਨਤੀ ਜ਼ਰੂਰ ਪ੍ਰਵਾਨ ਕਰਨੀ ਹੈ।"

ਸੰਤਾਂ ਦੇ ਪੂਰੀ ਦ੍ਰਿੜ੍ਹਤਾ ਵਾਲੇ ਬਚਨ ਸੁਣ ਕੇ ਸਿੰਘਾਂ ਨੇ ਸੰਤਾਂ ਨੂੰ ਫੇਰ ਕੋਈ ਕਿਸੇ ਕਿਸਮ ਦੀ ਬੇਨਤੀ ਜਾਂ ਹੁਕਮ ਨਾ ਕੀਤਾ ਇਕੱਠੇ ਹੋਏ ਸਾਰੇ ਸਿੰਘ ਆਪੋ ਆਪੋ-ਆਪਣੀਆਂ ਡਿਊਟੀਆਂ ਵਿੱਚ ਲੱਗ ਗਏ।

(*ਅੱਖੀਂ ਦੇਖਿਆ ਤੇ ਹੰਢਾਇਆ ਜੂਨ ੧੯੮੪*, ਪੰਨਾ ੨੧-੨੨)

੫ ਜੂਨ ਨੂੰ ਵੀ ਦੁਵੱਲਾ ਮੁਕਾਬਲਾ ਹੁੰਦਾ ਰਿਹਾ, ਮੋਰਚੇ ਵਿਚ ਅਸਲਾ ਆਦਿਕ ਪਹੁੰਚਾਉਣ ਵਾਲੇ ਸਿੰਘ ਵੀ ਜਾਨ ਨੂੰ ਜੋਖਮ ਵਿਚ ਪਾ ਕੇ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਜਨਰਲ ਸਾਹਿਬ ਨੇ ਸੰਤ ਜੀ ਤੇ ਭਾਈ ਅਮਰੀਕ ਸਿੰਘ ਜੀ ਨਾਲ ਯੁੱਧ ਦੀ ਨੀਤੀ ਬਾਰੇ ਵਿਚਾਰਾਂ ਕੀਤੀਆਂ। ਸਿੰਘਾਂ ਨੇ ਸਰੋਵਰ ਵਿਚ ਉਤਾਰੇ ਗੋਤਾਖੋਰ ਗੋਲੀਆਂ ਨਾਲ ਉਡਾਏ। ੧੧:੦੦ ਵਜੇ ਰਾਤ ਪਰਕਰਮਾ ਵਿਚ ਟੈਂਕ ਆ ਗਏ ਜਿਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਮੁੱਖ ਨਿਸ਼ਾਨਾ ਬਣਾਇਆ ਅੰਦਰੋਂ ਵੀ ਜ਼ੋਰ-ਸ਼ੋਰ ਨਾਲ ਜਵਾਬ ਦਿੱਤਾ ਜਾ ਰਿਹਾ ਸੀ। ਦਰਸ਼ਨੀ ਡਿਓੜੀ ਵਿਚਲਾ ਤੋਸ਼ਾਖਾਨਾ ਤੇ ਫਰਾਸ਼ ਵਾਲਾ ਕਮਰਾ ਵੀ ਨਿਸ਼ਾਨਾ ਬਣਾਇਆ ਤੇ ਕੀਮਤੀ ਇਤਿਹਾਸਿਕ ਵਸਤਾਂ ਤੇ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਰੁਮਾਲਿਆਂ ਤੇ ਵਿਛਾਈ ਨੂੰ ਅੱਗ ਲੱਗ ਗਈ ਸੀ।

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੋਵਾਂ ਵੇਲਿਆਂ ਦੀ ਮਰਯਾਦਾ ੫ ਜੂਨ ਰਾਤ ਤਕ ਨਿਭਾਈ ਜਾਂਦੀ ਰਹੀ।

**ਜਨਰਲ ਸੁਬੇਗ ਸਿੰਘ ਜੀ ਸ਼ਹੀਦ ਹੋਏ**

੫ ਜੂਨ ਦੀ ਰਾਤ ਨੂੰ ਜਨਰਲ ਸੁਬੇਗ ਸਿੰਘ ਪਰਕਰਮਾ ਦੇ ਵਿਚ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਮੋਰਚਿਆਂ ਵਿਚ ਜਾ ਰਹੇ ਸਨ। ਰਾਤ ਇੱਕ ਵਜੇ ਦੇ ਕਰੀਬ ਦੋ ਨਿਸ਼ਾਨ ਸਾਹਿਬਾਨ ਦੇ ਨੇੜੇ ਕਮਰੇ ਵਿਚ ਕਮਾਂਡੋ ਲੁਕੇ ਹੋਏ ਸਨ ਜਿਨਾਂ ਨੇ ਜਨਰਲ ਸਾਹਿਬ ਨੂੰ ਵੇਖ ਕੇ ਗੋਲੀਆਂ ਦਾ ਬਰੱਸਟ ਮਾਰਿਆ। ਜਨਰਲ ਸਾਹਿਬ ਨੇ ਸਿੰਘਾਂ ਨੂੰ ਅਵਾਜ਼ ਮਾਰੀ ਤਾਂ ਉਸ ਸਮੇਂ ਸ਼ਾਇਦ ਭਾਈ ਬਖ਼ਸ਼ੀਸ਼ ਸਿੰਘ ਫੌਜੀ ਸੀ, ਨੇ ਉਨ੍ਹਾਂ ਨੂੰ ਪਿੱਠ 'ਤੇ ਚੁੱਕ ਕੇ ਥੱਲੇ ਭੋਰੇ ਵਿਚ ਸੰਤਾਂ ਕੋਲ ਲੈ ਆਂਦਾ। ਜਨਰਲ ਸਾਹਿਬ ਨੇ ਸੰਤਾਂ ਨੂੰ ਕਿਹਾ, "ਬਾਬਾ ਜੀ! ਮੈਂ ਤੁਹਾਡਾ ਬਚਨ ਪੂਰਾ ਕਰ ਆਇਆ ਹਾਂ ਤੇ ਹਥਿਆਰ ਵੀ ਨਹੀਂ ਛੱਡ ਕੇ ਆਇਆ।"

ਉਨ੍ਹਾਂ ਨੇ ਏਨੀ ਹੀ ਗੱਲ ਕੀਤੀ ਤੇ ਹੋਰ ਕੁਝ ਨਾ ਕਹਿ ਸਕੇ। ਜਵਾਬ ਵਿਚ ਸੰਤਾਂ ਨੇ ਕਿਹਾ-

"ਜਨਰਲ ਸਾਹਿਬ! ਅਸੀਂ ਤੁਹਾਡੇ ਮਗਰ ਹੀ ਆਏ, ਸਮਾਂ ਥੋੜਾ ਬਹੁਤ ਅੱਗੇ ਪਿੱਛੇ ਹੋ ਸਕਦੈ।"

ਜਨਰਲ ਸਾਹਿਬ ਸ਼ਹੀਦ ਹੋ ਗਏ ਤੇ ਸੰਤਾਂ ਨੇ ਭਾਈ ਗੁਰਮੁਖ ਸਿੰਘ ਜੀ ਗੜਵਈ ਨੂੰ ਆਖ ਕੇ ਜਨਰਲ ਸਾਹਿਬ ਦੇ ਸਰੀਰ 'ਤੇ ਚਾਦਰ ਪੁਆ ਕੇ ਢੱਕ ਦਿੱਤਾ।

ਸੰਤਾਂ ਨੇ ਸਿੰਘਾਂ ਨੂੰ ਮੁਖਾਤਿਬ ਹੋ ਕੇ ਆਖਿਆ, "ਸਿੰਘੋ! ਜਿਸ ਦੇਸ਼ ਲਈ ਜਨਰਲ ਸਾਹਿਬ ਲੜਦੇ ਮਰਦੇ ਰਹੇ ਹਨ ਅੱਜ ਉਸੇ ਦੇਸ਼ ਦੀ ਫੌਜ ਨੇ ਇਨ੍ਹਾਂ ਨੂੰ ਸ਼ਹੀਦ ਕਰ ਦਿੱਤੈ।"

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਫੌਜ ਨਾਲ ਸਿੰਘਾਂ ਦਾ ਬਹੁਤ ਹੀ ਘਮਸਾਨ ਦਾ ਯੁੱਧ ਹੋ ਰਿਹਾ ਸੀ।

(*ਅੱਖੀਂ ਦੇਖਿਆ ਤੇ ਹੰਢਾਇਆ ਜੂਨ ੧੯੮੪*, ਪੰਨਾ ੨੨-੨੩)

੫ ਜੂਨ ਜਿਵੇਂ ਤੋਪਾਂ ਤੇ ਟੈਂਕਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲ ਵਧਣਾ ਸ਼ੁਰੂ ਕੀਤਾ ਏਸੇ ਤਰ੍ਹਾਂ ਗੁਰੂ ਦੇ ਸਿੰਘ ਵੀ ਫੌਜੀਆਂ ਨੂੰ ਧੁਰ ਦੀ ਗੱਡੀ ਚੜ੍ਹਾਉਂਦੇ ਗਏ। ਇਨ੍ਹਾਂ ਦਿਨਾਂ ਵਿਚ ਸੰਤਾਂ ਤੇ ਸਿੰਘਾਂ ਨੇ ਕੁਝ ਵੀ ਮੂੰਹ ਨਾ ਲਾਇਆ। ੮ ਵਜ ਕੇ ੩੦ ਮਿੰਟ 'ਤੇ ਸਵੇਰੇ ਟੈਂਕਾਂ ਦਿਆਂ ਗੋਲ਼ਿਆਂ ਨੇ ਇਤਿਹਾਸਿਕ ਸ਼ਸਤਰਾਂ ਵਾਲੀ ਸੁਨਹਿਰੀ ਪਾਲਕੀ ਸਾਹਿਬ ਉਡਾ ਦਿੱਤੀ ਜਿਸ ਦੀ ਜਾਣਕਾਰੀ ਭਾਈ ਗੁਰਮੁਖ ਸਿੰਘ ਗੜਵਈ ਨੇ ਸੰਤਾਂ ਨੂੰ ਦਿੱਤੀ। ਐਨੀ ਗੱਲ ਜਦੋਂ ਸੰਤਾਂ ਨੇ ਸੁਣੀ ਤਾਂ ਇਕ ਦਮ ਬੀਰ ਰਸ ਵਿਚ ਆ ਕੇ ਕਹਿਣ ਲੱਗੇ,

"ਸਿੰਘੋ! ਦੁਸ਼ਮਣ ਨੂੰ ਬਾਹਰ ਜਾ ਕੇ ਭਾਜੜਾਂ ਪਾਈਏ ਅਤੇ ਰਣ-ਤੱਤੇ ਵਿਚ ਜੂਝ ਕੇ ਸ਼ਹਾਦਤਾਂ ਦੇਈਏ।"

**ਸੰਤ ਜੀ ਨੇ ਸ਼ਹੀਦੀ ਦੇਣ ਲਈ ਅਰਦਾਸ ਕੀਤੀ**

ਭੋਰੇ ਵਿੱਚੋਂ ਬਾਹਰ ਆ ਕੇ ਸੰਤ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਸੰਖੇਪ ਅਰਦਾਸ ਕੀਤੀ-

"ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਜੀ ਦੇ ਪਵਿੱਤਰ ਅਸਥਾਨਾਂ ਸ੍ਰੀ ਦਰਬਾਰ ਸਾਹਿਬ ਤੇ ਤਖਤ ਸਾਹਿਬ ਦੀ, ਜਾਲਮ ਸਰਕਾਰ ਵੱਲੋਂ ਬਹੁਤ ਬੇਅਦਬੀ ਕੀਤੀ ਜਾ ਰਹੀ ਹੈ, ਸਾਨੂੰ ਇਨਾਂ ਨਾਲ ਆਖਰੀ ਸੁਆਸ ਤਕ ਜੂਝਣ ਤੇ ਸ਼ਹੀਦੀਆਂ ਪਾਉਣ ਦਾ ਬਲ ਬਖਸ਼ੋ। ਦਾਸ ਇਹ ਵੀ ਬੇਨਤੀ ਕਰਦਾ ਹੈ ਕਿ ਜਿੰਨਾ ਚਿਰ ਸਿੱਖ ਕੌਮ ਦਾ ਘਰ ਨਹੀਂ ਬਣ ਜਾਂਦਾ ਮੈਂ ਬਾਰ ਬਾਰ ਜਨਮ ਲਵਾਂ।"

(*ਅੱਖੀਂ ਦੇਖਿਆ ਤੇ ਹੰਢਾਇਆ ਜੂਨ ੧੯੮੪*, ਪੰਨਾ ੨੪)

## ਸੰਤਾਂ ਸਾਹਵੇਂ ਮੱਥੇ ਜੂਝਦਿਆਂ ਸ਼ਹੀਦੀ ਪਾਈ

ਸੰਤਾਂ ਨੇ ਗਾਤਰੇ ਵੱਡੀ ਸ੍ਰੀ ਸਾਹਿਬ ਪਹਿਨੀ ਹੋਈ ਸੀ, ਬਰਾਊਨ ਬੈਲਟ ਵਿਚ ਗੋਲੀਆਂ ਅਤੇ ਰਿਵਾਲਵਰ ਸੀ ਅਤੇ ਕਮਰਕੱਸੇ ਵਿਚ ਦੋ ਮੈਗਜੀਨ ੩੨-੩੨ ਗੋਲੀਆਂ ਦੇ ਭਰ ਕੇ ਟੰਗੇ ਹੋਏ ਸਨ ਅਤੇ ਹੱਥ ਵਿਚ ਲੋਡਡ ਥਾਮਸਨ ਗੰਨ ਸੀ। ਸੰਤਾਂ ਦੇ ਨਾਲ ਭਾਈ ਅਮਰੀਕ ਸਿੰਘ ਜੀ ਅਤੇ ਅਸੀਂ ਸਾਰੇ ਸਿੰਘ ਸਾਂ। ਤਖਤ ਸਾਹਿਬ ਤੋਂ ਬਾਹਰ ਨਿਕਲ ਕੇ ਆਪ ਜੀ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਨ ਕੋਲ ਜਾ ਕੇ ਸਾਹਮਣਿਓਂ ਆ ਰਹੇ ਟੈਂਕਾਂ ਦਾ ਸਾਹਵੇਂ ਮੱਥੇ ਮੁਕਾਬਲਾ ਕਰਨ ਲੱਗੇ ਤੇ ਟੈਂਕ ਮਸ਼ੀਨ ਗੰਨਾਂ ਨਾਲ ਗੋਲੀਆਂ ਦੇ ਬਰੱਸਟ ਮਾਰ ਰਿਹਾ ਸੀ, ਜਦੋਂ ਬਰੱਸਟ ਸੰਤਾਂ ਨੂੰ ਵੱਜਾ ਤਾਂ ਆਪ ਜੀ ਨੇ ਜੈਕਾਰੇ ਗਜਾਉਂਦੇ ਹੋਏ ਬੜੀ ਬਹਾਦਰੀ ਨਾਲ ਤਕਰੀਬਨ ਪੌਣੇ ਨੌਂ ਵਜੇ ਸ਼ਹੀਦੀ ਪਾਈ। ਭਾਈ ਅਮਰੀਕ ਸਿੰਘ ਜੀ ਵੀ ਸ਼ਹੀਦੀ ਪਾ ਗਏ। ਇਹ ਮੁਕਾਬਲਾ ਤਖਤ ਸਾਹਿਬ ਤੇ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਸਾਂਝੇ ਵਿਹੜੇ ਵਿਚ ਹੋਇਆ। ਜਿਸ ਦਾ ਕੌਮ ਨੂੰ ਬੜਾ ਮਾਣ ਹੈ। ਸੰਤਾਂ ਨੂੰ ਸੰਤ ਸਿਪਾਹੀ, ਬਾਬਾ-ਏ-ਕੌਮ, ਕਹਿਣੀ ਤੇ ਕਰਣੀ ਦੇ ਪੂਰੇ ਸਿੱਖ ਕੌਮ ਮਹਾਂਨਾਇਕ ਆਦਿਕ ਸਨਮਾਨ-ਬੋਧ ਖ਼ਿਤਾਬਾਂ ਨਾਲ ਯਾਦ ਕੀਤਾ ਜਾਂਦਾ ਹੈ। ਸਮੂਹ ਸ਼ਹੀਦਾਂ ਨੂੰ ਕੋਟੀ ਕੋਟੀ ਪ੍ਰਣਾਮ ਵੀ ਥੋੜ੍ਹਾ ਹੈ।

(*ਅੱਖੀਂ ਦੇਖਿਆ ਤੇ ਹੰਢਾਇਆ ਜੂਨ ੧੯੮੪*, ਪੰਨਾ ੨੪-੨੫)

## ਸਿੱਖ ਬੰਦੀ ਬਣਾ ਕੇ ਫੌਜੀ ਕੈਂਪਾਂ ਵਿਚ ਭੇਜੇ

ਕਬਜ਼ਾ ਕਰਨ ਤੋਂ ਮਗਰੋਂ ਫੌਜ ਵੱਲੋਂ ਬੰਦੀ ਬਣਾਏ ਬਹੁਤ ਸਾਰੇ ਸਿੱਖ ਮਾਈ, ਭਾਈ, ਬੱਚੇ ਤੇ ਬਜ਼ੁਰਗਾਂ ਵਿੱਚੋਂ ਬਹੁਤਿਆਂ ਨੂੰ ਤਾਂ ਏਥੇ ਹੀ ਸ਼ਹੀਦ ਕਰ ਦਿੱਤਾ ਤੇ ਕੁਝ ਕੁ ਨੂੰ ਫੌਜੀ ਕੈਂਪਾਂ ਵਿਚ ਅਸਹਿ ਤੇ ਅਕਹਿ ਤਸੀਹੇ ਦੇ ਕੇ ਮਾਰ ਮੁਕਾਇਆ। ਕਿਸੇ ਨੂੰ ਰੋਟੀ, ਪਾਣੀ ਤੇ ਡਾਕਟਰੀ ਸਹਾਇਤਾ ਨਾ ਪ੍ਰਦਾਨ ਕੀਤੀ ਗਈ। ਇਨ੍ਹਾਂ ਤੋਂ ਇਲਾਵਾ ਕੁਝ ਉਹ ਵੀ ਸਨ ਜਿਨ੍ਹਾਂ ਨੇ ਸ਼ਹਿ ਤੇ ਸਾਥ ਦਿੱਤਾ ਉਨ੍ਹਾਂ ਨੂੰ ਬਖਤਰਬੰਦ ਗੱਡੀਆਂ ਵਿਚ ਬਿਠਾਲ ਕੇ ਸੁਰੱਖਿਅਤ ਬਾਹਰ ਕੱਢਿਆ ਗਿਆ।

## ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਬਹਾਲ ਹੋਈ

ਕਬਜ਼ਾ ਕਰਨ ਤੋਂ ਬਾਅਦ ਸਾਰੇ ਫੌਜੀ ਜਰਨੈਲ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਲੋਥਾਂ ਚੁੱਕਾ ਕੇ ਥੋੜ੍ਹੀ ਬਹੁਤ ਸਫਾਈ ਕਰਵਾਈ। ਪਹਿਲਾਂ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਤੇ ਫੇਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਆਈ। ਸੇਵਾ ਬਹਾਲ ਹੋਣ 'ਤੇ ਸੰਗਤ ਨੂੰ ਵੀ ਆਗਿਆ ਦਿੱਤੀ। ਅੰਦਰ ਤਬਾਹੀ ਵੇਖ ਕੇ ਸਿੱਖ ਹਿਰਦੇ ਵਲੂੰਧਰੇ ਗਏ। ਅਕਾਲ ਤਖ਼ਤ ਸਾਹਿਬ ਢੱਠਾ ਹੋਇਆ ਸੀ। ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਅੱਗ ਲਾ ਕੇ ਸਾੜਿਆ ਗਿਆ। ਤੋਸ਼ਾਖਾਨਾ ਵੀ ਨੁਕਸਾਨਿਆ ਗਿਆ। ਸਾਰੇ ਪਾਸੇ ਮਲਬੇ ਦੇ ਢੇਰ ਸਨ। ਸਾਰੇ ਪਾਸੇ ਤਬਾਹੀ ਹੀ

ਤਬਾਹੀ ਸੀ ਇਤਿਹਾਸਿਕ ਇਮਲੀ ਦੇ ਰੁੱਖ ਦੀ ਹੋਂਦ ਵੀ ਖਤਮ ਹੋ ਗਈ ਸੀ। ਪ੍ਰਬੰਧਕਾਂ ਨੇ ਸੰਗਤ ਦੇ ਸਹਿਯੋਗ ਨਾਲ ਸਫਾਈ ਕੀਤੀ। ਸ੍ਰੀ ਅੰਮ੍ਰਿਤਸਰ ਦੇ ਹੋਰ ਗੁਰੂ-ਘਰਾਂ ਵਿਚ ਵੀ ਸੇਵਾ ਬਹਾਲ ਹੋਈ ਤੇ ਸਾਰੀ ਮਰਯਾਦਾ ਪਹਿਲਾਂ ਦੀ ਤਰ੍ਹਾਂ ਚਾਲੂ ਕੀਤੀ ਗਈ।

**ਕੌਮੀ ਜਰਨੈਲ ਦਾ ਅੰਤਿਮ ਸਸਕਾਰ**

ਸ. ਬੁੱਧ ਸਿੰਘ ਜੋ ਕਿ ਬਾਬਾ ਖੜਕ ਸਿੰਘ ਕਾਰ-ਸੇਵਾ ਵਾਲਿਆਂ ਦਾ ਨੇੜਤਾ ਰੱਖਣ ਵਾਲਾ ਇਕ ਸਿੱਖ ਸੀ, ਨੇ ਉਦੋਂ ਆਪਣੇ ਕੇਸ ਖਿਲਾਰ ਲਏ ਸੀ। ਉਹ ਕਮਲਾ ਜਿਹਾ ਬਣ ਕੇ ਸਮਸ਼ਾਨ ਘਾਟ ਚਲਾ ਗਿਆ। ਜਦੋਂ ਉਹ ਘਰ ਵਾਪਸ ਆਇਆ ਤਾਂ ਉਸ ਦੀ ਪਤਨੀ ਨੇ ਪੁੱਛਿਆ; "ਕੀ ਹੋਇਐ...?" ਤਾਂ ਉਸ ਨੇ ਜਵਾਬ ਦਿਤਾ "ਪ੍ਰਕਾਸ਼ (ਪ੍ਰਕਾਸ਼ ਕੌਰ)! ਮੈਂ ਸੰਤਾਂ ਦਾ ਸਸਕਾਰ ਕਰ ਕੇ ਆਇਆਂ ਹਾਂ... ਨਾਰਮਲ ਹੋਣ ਉਪਰੰਤ ਉਸ ਦੱਸਿਆ, "ਮੈਂ ਕਮਲਾ ਜਿਹਾ ਬਣ ਕੇ ਸਮਸ਼ਾਨ ਘਾਟ 'ਚ ਸਾੜੀਆਂ ਜਾ ਰਹੀਆਂ ਲਾਸ਼ਾਂ ਦਾ ਦ੍ਰਿਸ਼ ਵੇਖ ਰਿਹਾ ਸੀ, ਜਦੋਂ ਇੱਕ ਵਖਰੀ ਗੱਡੀ 'ਚ ਪੁਲਿਸ ਵੱਲੋਂ ਸੰਤ ਭਿੰਡਰਾਂ ਵਾਲਿਆਂ ਦੀ ਮਿਰਤਕ ਦੇਹ ਲਿਆਂਦੀ ਗਈ ਤਾਂ ਇਕ ਪੁਲਿਸ ਅਫ਼ਸਰ (ਸ. ਅਪਾਰ ਸਿੰਘ ਬਾਜਵਾ) ਸਤਿਕਾਰ ਸਹਿਤ ਸੰਤਾਂ ਦਾ ਸਸਕਾਰ ਕਰਨ ਲਈ ਦੇਸੀ ਘਿਓ ਸਮੇਤ ਹੋਰ ਸਮੁੱਚੀ ਸਮੱਗਰੀ ਲੈ ਕੇ ਆਇਆ ਸੀ।

ਖ਼ਤਰੇ ਦੀ ਪਰਵਾਹ ਨਾ ਕਰਦਾ ਹੋਇਆ ਮੈਂ ਸੰਤਾਂ ਦੇ ਅੰਤਮ ਦਰਸ਼ਨ ਕਰਨ ਲਈ ਅੱਗੇ ਵਧਿਆ ਤਾਂ ਉਸ ਪੁਲਿਸ ਅਫ਼ਸਰ ਨੇ ਸਮਸ਼ਾਨ ਘਾਟ ਦੇ ਵਿਚ ਤਾਇਨਾਤ ਭਈਏ ਨਾਲ ਲੱਗ ਕੇ ਮੈਨੂੰ ਸਸਕਾਰ ਕਰਨ ਦੀਆਂ ਰਸਮਾਂ ਪੂਰੀਆਂ ਕਰਨ ਲਈ ਕਹਿ ਦਿੱਤਾ। ਅਰਦਾਸ ਵੀ ਤੇ ਗੁਰਬਾਣੀ ਦਾ ਪਾਠ ਵੀ ਹੋਇਆ।

(*ਘੱਲੂਘਾਰਾ ਜੂਨ ੧੯੮੪*, ਪੰਨਾ ੨੨੯-੩੧)

ਸ. ਬੁੱਧ ਸਿੰਘ ਜੀ ਦੀ ਭਾਵਨਾ ਦੀ ਪੂਰਤੀ ਕਰਨ ਲਈ ਗੁਰੂ ਜੀ ਨੇ ਬਾਜਵਾ ਸਾਹਿਬ ਦੇ ਅੰਦਰ ਵੱਸ ਕੇ ਕੌਮੀ ਜਰਨੈਲ ਦੇ ਅੰਤਮ ਸਸਕਾਰ ਕਰਨ ਦੀ ਇਹ ਉੱਤਮ ਸੇਵਾ ਦਿਵਾਈ। ਐਸੇ ਸੇਵਾ ਪੁੰਜ ਦਾ ਨਾਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਕੌਮੀ ਜਰਨੈਲ ਦੇ ਨਾਮ ਨਾਲ ਪੱਕੇ ਤੌਰ 'ਤੇ ਜੁੜ ਗਿਆ ਹੈ, ਇਸ ਗੁਰੂ ਪਿਆਰੇ ਨੂੰ ਜਿੰਨੀ ਪ੍ਰਣਾਮ ਕੀਤੀ ਜਾਵੇ ਥੋੜ੍ਹੀ ਹੈ।

**ਅਸਾਵਾਂ ਘੱਲੂਘਾਰਾ**

ਸ੍ਰੀ ਦਰਬਾਰ ਸਾਹਿਬ ਦੀ ਹਿਫਾਜ਼ਤ ਕਰਨ ਲਈ ਰਾਖੇ ਸਿੰਘ ਸ਼ਸਤਰਾਂ ਨਾਲ ਬੜੀ ਬਹਾਦਰੀ ਸਹਿਤ ਲੜੇ ਤੇ ਚੜ੍ਹ ਕੇ ਆਏ ਵੈਰੀਆਂ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ। ਦੁਸ਼ਮਣ ਤਾਂ ਦੂਰ ਮਾਰ ਕਰਨ ਵਾਲੇ ਕੀਮਤੀ ਤੇ ਉੱਤਮ ਹਥਿਆਰਾਂ ਨਾਲ ਹਮਲਾ ਕਰ ਰਹੇ ਸਨ। ਗਿਣਤੀ ਵਿਚ ਰਖਵਾਲੇ ਬਹੁਤ ਘੱਟ ਸਨ ਤੇ ਭਾਰਤੀ ਫੌਜ ਲੱਖਾਂ ਦੀ ਗਿਣਤੀ ਵਿਚ ਸੀ। ਇਸ ਵਿਚ ਜਿੱਥੇ ਸਿੱਖਾਂ ਦਾ ਭਾਰੀ ਜਾਨੀ ਤੇ

ਮਾਲੀ ਨੁਕਸਾਨ ਹੋਇਆ ਇਸ ਨੂੰ ਅਸਾਵਾਂ ਘੱਲੂਘਾਰਾ ਕਿਹਾ ਜਾਂਦਾ ਹੈ।

ਇਸ ਵਿਚ ਇਕ ਵੱਖਰੀ ਗੱਲ ਇਹ ਹੈ ਕਿ ਚਮਕੌਰ ਦੀ ਕੱਚੀ ਗੜੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਦੋ ਸਾਹਿਬਜ਼ਾਦੇ ਤੇ ਚਾਲ਼ੀ ਸਿੰਘਾਂ ਨੇ ਬੜੀ ਬਹਾਦਰੀ ਨਾਲ ਲੜਦਿਆਂ ਚੜ੍ਹ ਕੇ ਆਈ ਤੁਰਕ ਤੇ ਹਿੰਦੂ ਸੈਨਾ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ। ਚਮਕੌਰ ਦੀ ਗੜ੍ਹੀ ਇਤਿਹਾਸਿਕ ਸ਼ਹੀਦੀ ਸਥਾਨ ਚਮਕੌਰ ਸਾਹਿਬ ਕਰਕੇ ਪ੍ਰਸਿੱਧ ਹੋਈ। ਸ੍ਰੀ ਦਰਬਾਰ ਸਾਹਿਬ ਸਿੱਖ ਕੌਮ ਦਾ ਮਹਾਨ ਅਸਥਾਨ ਹੋਣ ਕਰਕੇ ਏਥੇ ਵੀ ਜਿਸ ਬਹਾਦਰੀ ਨਾਲ ਸੰਤ ਜਰਨੈਲ ਸਿੰਘ ਜੀ ਦੀ ਕਮਾਨ ਹੇਠ ਸਿੰਘਾਂ ਨੇ ਦੁਸ਼ਮਣ ਦੇ ਆਹੂ ਲਾਹ ਕੇ ਸ਼ਹੀਦੀਆਂ ਪਾਈਆਂ ਉਸ ਨੇ ਚਮਕੌਰ ਸਾਹਿਬ ਦੇ ਘੱਲੂਘਾਰੇ ਦੀ ਯਾਦ ਤਾਜ਼ਾ ਕਰਵਾ ਦਿੱਤੀ।

**ਅੰਤਿਕਾ**

**(ੳ) ਸਹਾਇਕ ਪੁਸਤਕ ਸੂਚੀ**

**੧.** *ਜ਼ਾਂਬਾਜ਼ ਰਾਖਾ:* ਏ. ਆਰ. ਦਰਸ਼ੀ

**੨.** *ਸੁਹਿਰਦ ਸੰਤ ਖਾਲਸਾ:* ਭਾਈ ਜਸਬੀਰ ਸਿੰਘ ਰੋਡੇ

**੩.** *ਅੱਖੀਂ ਦੇਖਿਆ ਤੇ ਹੰਢਾਇਆ ਜੂਨ ੧੯੮੪* (ਭਾਈ ਮੁਖਤਿਆਰ ਸਿੰਘ ਜੀ ਮੁਖੀ ਯੂ. ਐਸ. ਏ.)

**(ਅ) ਜਾਣਕਾਰੀ ਦੇਣ ਵਾਲੀਆਂ ਸ਼ਖ਼ਸੀਅਤਾਂ:**

**੧.** ਬੀਬੀ ਹਰਮੀਤ ਕੌਰ ਦੀ ਪਤਨੀ ਭਾਈ ਅਮਰੀਕ ਸਿੰਘ ਦੀ ਸ਼ਹੀਦ

**੨.** ਭਾਈ ਸ਼ੰਗਾਰਾ ਸਿੰਘ ਜੀ, ਸੇਵਾਦਾਰ ਗੁਰਦੁਆਰਾ ਮੰਜੀ ਸਾਹਿਬ

**੩.** ਭਾਈ ਦਰਸ਼ਨ ਸਿੰਘ ਜੀ, ਸੇਵਾਦਾਰ, ਸ੍ਰੀ ਦਰਬਾਰ ਸਾਹਿਬ।

■

## ਪਿੰਡ ਓਠੀਆਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਰਣਜੀਤ ਸਿੰਘ, ਭਾਈ ਬਲਜੋਧ ਸਿੰਘ ਅਤੇ ਭਾਈ ਭਾਈ ਕੁਲਬੀਰ ਸਿੰਘ ਪ੍ਰਚਾਰਕ ਸਾਹਿਬਾਨ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ; ਓਠੀਆਂ ਸਾਹਿਬ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੩੦ ਅਪ੍ਰੈਲ, ੨੦੨੪ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੨੨੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਦੌਰਾਨ ਸ. ਦਵਿੰਦਰ ਸਿੰਘ ਮੈਨੇਜਰ ਅਤੇ ਸ. ਗੁਰਵਿੰਦਰ ਸਿੰਘ ਸ਼ਾਮਪੁਰਾ, ਸਾਬਕਾ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੂਰਨ ਸਹਿਯੋਗ ਦਿੱਤਾ।

ਜੂਨ ੨੦੨੪ ਦਾ ਬਾਕੀ:

# ਸਿਰੀਰਾਗੁ

*–ਮਾ. ਬਲਬੀਰ ਸਿੰਘ ਹੰਸਪਾਲ**

*ਸਿਰੀਰਾਗੁ ਮਹਲਾ ੧॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੨੦)*
*ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥*
*ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥*
*ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥੧॥*
*ਮੇਰੇ ਮਨ ਲੈ ਲਾਹਾ ਘਰਿ ਜਾਹਿ॥*
*ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥੧॥ਰਹਾਉ॥*
*ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥*
*ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥*
*ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ॥੨॥*
*ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥*
*ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥*
*ਹਰਿ ਜਪਿ ਜੀਅਰੇ ਛੁਟੀਐ ਗੁਰਮਖਿ ਚੀਨੈ ਆਪੁ॥੩॥*
*ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥*
*ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥*
*ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥੪॥੧੭॥*

**ਸਿਰੀਰਾਗੁ** **ਤਿੰਨ ਤਾਲ (ਮੱਧ ਲੈਅ)**

## ਸਥਾਈ

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਰੇ | ਗਾ | ਰੇ | ਸਾ | ਰੇ | – | ਪਾ | ਮਾ̍ |
| | | | | | | | | ਮੇ | ਰੇ | ਮ | ਨ | ਲੈ | s | s | ਲਾ |
| ਪਾ | – | ਮਾ | ਗਾ | ਰੇ | – | ਸਾ | – | ਰੇ | ਰੇ | ਪਾ | ਪਾ | ਧਾ | ਮਾ̍ | ਪਾ | – |
| ਹਾ | s | ਘ | ਰਿ | ਜਾ | s | ਹਿ | s | ਗੁ | ਰ | ਮੁ | ਖਿ | ਨਾ | s | ਮ | s |
| ਮਾ̍ | ਪਾ | ਨੀ | ਨੀ | ਧਾ | – | ਪਾ | – | ਨੀ | ਸਾਂ | ਰੇਂ | – | ਨੀ | ਧਾ | ਪਾ | – |
| ਸ | ਲਾ | s | ਹੀ | ਐ | s | s | s | ਹ | ਉ | ਮੈ | s | ਨਿ | ਵ | ਰੀ | s |
| ਮਾ̍ | ਗਾ | ਰੇ | – | ਗਾ | ਰੇ | ਸਾ | – | | | | | | | | |
| ਭਾ | s | s | s | ਹਿ | s | s | s | | | | | | | | |

| | | | | ਅੰਤਰਾ | | | | | | | | | | | |
|---|---|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| | | | | | | | | ਪਾ | ਨੀ | ਧ਼ਾ | ਪਾ | ਮਾ | ਮਾ | ਪਾ | - |
| | | | | | | | | ਸੁ | ਣਿ | ਮ | ਨ | ਮਿ | ਤ੍ਰ | s | s |
| ਪਾ | ਨੀ | ਸਾਂ | ਸਾਂ | ਰੇਂ | - | ਸਾਂ | - | ਰੇਂ | - | ਗਾਂ | ਰੇਂ | ਸਾਂ | ਨੀ | ਧ਼ਾ | ਪਾ |
| ਪਿ | ਆ | s | ਰਿ | ਆ | s | s | s | ਮਿ | s | ਲੁ | s | ਵੇ | s | ਲਾ | s |
| ਮਾ | ਪਾ | - | ਰੇ਼ | - | ਗਾ | ਰੇ਼ | ਸਾ | | | | | | | | |
| ਹੈ | s | s | ਏ | s | ਹ | s | s | | | | | | | | |
| x | | | | ੨ | | | | ੦ | | | | ੩ | | | |

**ਤਾਨਾਂ**:- ਨ਼ੀਸਾ ਰੇ਼ਮਾ ਪਾਨੀ ਧ਼ਾਪਾ ਮਾਪਾ ਮਾਗਾ ਰੇ਼ਰੇ਼ ਸਾਸਾ

ਸਾਰੇ਼ ਗਾਰੇ਼ ਮਾਪਾ ਧ਼ਾਪਾ ਮਾਗਾ ਰੇ਼ਰੇ਼ ਗਾਰੇ਼ ਰੇ਼ਸਾ

ਸਾਰੇ਼ ਰੇ਼ਪਾ ਪਾਪਾ ਮਾਪਾ ਧ਼ਾਪਾ ਮਾਗਾ ਰੇ਼ਰੇ਼ ਸਾਸਾ

ਸਾਰੇ਼ ਮਾਪਾ ਧ਼ਾਪਾ ਮਾਪਾ ਧ਼ਾਮਾ ਗਾਰੇ਼ ਰੇ਼ਗਾ ਰੇ਼ਸਾ

ਸਾਰੇ਼ ਮਾਪਾ ਨੀਸਾਂ ਨੀਧ਼ਾ ਪਾਪਾ ਮਾਗਾ ਰੇ਼ਗਾ ਰੇ਼ਸਾ

ਸੰਗੀਤ ਅਧਿਆਪਕ,
ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ,
ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ।
ਮੋ. ੯੮੧੪੯੪੯੪੪੮

## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

ਖ਼ਬਰਨਾਮਾ

## ਰਾਮ ਰਹੀਮ ਨੂੰ ਕਤਲ ਮਾਮਲੇ 'ਚ ਬਰੀ ਕਰਨਾ ਅਸੰਤੁਸ਼ਟੀਜਨਕ ਫੈਸਲਾ- ਐਡ. ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੯ ਮਈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਡੇਰੇ ਦੇ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਬਰੀ ਕੀਤੇ ਜਾਣ ਨੂੰ ਦੁਖਦਾਈ ਕਰਾਰ ਦਿੰਦਿਆਂ ਕਿਹਾ ਕਿ ਆਚਰਣਹੀਣ ਅਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਇਸ ਵਿਅਕਤੀ ਨੂੰ ਕਿਸੇ ਕਿਸਮ ਦੀ ਰਾਹਤ ਨਹੀਂ ਮਿਲਣੀ ਚਾਹੀਦੀ। ਐਡਵੋਕੇਟ ਧਾਮੀ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੇ ਮੁੱਖ ਦੋਸ਼ੀ ਗੁਰਮੀਤ ਰਾਮ ਰਾਹੀਮ 'ਤੇ ਪਹਿਲਾਂ ਹੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਨਿਯਮਾਂ ਨੂੰ ਨਜ਼ਰਅੰਦਾਜ਼ ਕਰ ਕੇ ਪੂਰੀ ਤਰ੍ਹਾਂ ਮਿਹਰਬਾਨ ਹੈ ਅਤੇ ਹੁਣ ਰਣਜੀਤ ਸਿੰਘ ਕਤਲ ਕੇਸ ਵਿਚ ਆਇਆ ਫੈਸਲਾ ਵੀ ਅਸੰਤੁਸ਼ਟੀਜਨਕ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਅਸੀਂ ਅਦਾਲਤਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਕਿਹਾ ਕਿ ਰਾਮ ਰਹੀਮ ਕਈ ਸੰਗੀਨ ਅਪਰਾਧਾਂ ਤਹਿਤ ਸਜ਼ਾ ਕੱਟ ਰਿਹਾ ਹੈ ਅਤੇ ਸੀ.ਬੀ.ਆਈ. ਦਾ ਇਹ ਫਰਜ਼ ਹੈ ਕਿ ਉਹ ਰਣਜੀਤ ਸਿੰਘ ਕਤਲ ਕੇਸ ਦੀ ਅੱਗੇ ਠੋਸ ਪੈਰਵਾਈ ਯਕੀਨੀ ਬਣਾਵੇ ਤਾਂ ਜੋ ਜਾਂਚ ਪ੍ਰਣਾਲੀ ਤੋਂ ਲੋਕਾਂ ਦਾ ਭਰੋਸਾ ਨਾ ਟੁੱਟੇ। ਐਡਵੋਕੇਟ ਧਾਮੀ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਹੁੰਦਿਆਂ ਇੱਕ ਪੰਥ-ਦੋਖੀ ਵਿਅਕਤੀ ਰਾਮ ਰਹੀਮ ਵਿਰੁੱਧ ਰਣਜੀਤ ਸਿੰਘ ਕਤਲ ਮਾਮਲੇ ਵਿਚ ਉਸ ਦੇ ਪਰਵਾਰ ਦੀ ਸੰਭਵ ਮਦਦ ਲਈ ਵੀ ਤਿਆਰ ਹੈ।

## ਸ੍ਰੀ ਹੇਮਕੁੰਟ ਸਾਹਿਬ ਲਈ ਚਾਰ ਧਾਮ ਯਾਤਰਾ ਕਾਰਡ ਬਨਾਉਣ 'ਤੇ ਐਡਵੋਕੇਟ ਧਾਮੀ ਨੇ ਕੀਤਾ ਸਖ਼ਤ ਇਤਰਾਜ਼

ਸ੍ਰੀ ਅੰਮ੍ਰਿਤਸਰ, ੨੯ ਮਈ- ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਵਾਲੇ ਸਿੱਖ ਸ਼ਰਧਾਲੂਆਂ ਲਈ ਚਾਰ ਧਾਮ ਯਾਤਰਾ ਤਹਿਤ ਰਜਿਸਟ੍ਰੇਸ਼ਨ ਕਰਨ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਤਰਾਖੰਡ ਸਰਕਾਰ ਨੂੰ ਪੱਤਰ ਲਿਖ ਕੇ ਇਹ ਫੈਸਲਾ ਤੁਰੰਤ ਵਾਪਸ ਲੈਣ ਲਈ ਕਿਹਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਸਿੱਖ ਸੰਗਤ ਹਰ ਸਾਲ ਸ਼ਰਧਾ ਪ੍ਰਗਟ ਕਰਦਿਆਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਰਿਪੋਰਟਾਂ ਰਾਹੀਂ ਸਾਹਮਣੇ

ਆਇਆ ਹੈ ਕਿ ਸਿੱਖ ਸ਼ਰਧਾਲੂਆਂ ਦੇ ਸ੍ਰੀ ਹੇਮਕੁੰਟ ਸਾਹਿਬ ਟ੍ਰੱਸਟ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਵਿਖੇ ਚਾਰ ਧਾਮ ਯਾਤਰਾ ਤਹਿਤ ਕਾਰਡ ਬਣਾ ਕੇ ਅੱਗੇ ਜਾਣ ਦਿੱਤਾ ਜਾਂਦਾ ਹੈ ਜੋ ਕਿ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਚਾਰ ਧਾਮ ਯਾਤਰਾ ਨਾਲ ਸਿੱਖ ਅਸਥਾਨਾਂ ਦਾ ਕੋਈ ਸੰਬੰਧ ਨਹੀਂ ਹੈ ਇਸ ਲਈ ਸ੍ਰੀ ਹੇਮਕੁੰਟ ਸਾਹਿਬ ਵਾਸਤੇ ਇਹ ਪ੍ਰਕ੍ਰਿਆ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖ ਅਸਥਾਨਾਂ ਦੀ ਆਪਣੀ ਮਰਯਾਦਾ ਹੈ ਅਤੇ ਇਸ ਨੂੰ ਕਿਸੇ ਹੋਰ ਧਰਮ ਦੇ ਅਸਥਾਨਾਂ ਦੀ ਯਾਤਰਾ ਨਾਲ ਰਲਗੱਡ ਕਰਨਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਹੈ।

ਉਨ੍ਹਾਂ ਪੱਤਰ ਰਾਹੀਂ ਉਤਰਾਖੰਡ ਸਰਕਾਰ ਤੋਂ ਮੰਗ ਕੀਤੀ ਕਿ ਇਸ ਨੂੰ ਤੁਰੰਤ ਰੋਕਿਆ ਜਾਵੇ ਅਤੇ ਜੇਕਰ ਬਹੁਤ ਜ਼ਰੂਰੀ ਹੋਵੇ ਤਾਂ ਚਾਰ ਧਾਮ ਯਾਤਰਾ ਦੇ ਦਾਇਰੇ ਤੋਂ ਅਲੱਗ ਸ੍ਰੀ ਹੇਮਕੁੰਟ ਸਾਹਿਬ ਲਈ ਵੱਖਰਾ ਰਜਿਸਟ੍ਰੇਸ਼ਨ ਪ੍ਰਬੰਧ ਕੀਤਾ ਜਾਵੇ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਤਾਬਦੀਆਂ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਕਰੇਗੀ ਪ੍ਰਚੰਡ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੮ ਜੂਨ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਦਿਆਂ ਹਲਕਾ ਪੱਧਰ 'ਤੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ ਪ੍ਰਚਾਰਕ ਜਥੇ ਹਰ ਪਿੰਡ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਗੇ ਅਤੇ ਹਲਕੇ ਵਿਚ ਹੋਣ ਵਾਲੇ ਅੰਮ੍ਰਿਤ-ਸੰਚਾਰ ਲਈ ਸੰਗਤ ਨੂੰ ਤਿਆਰ ਕਰਨਗੇ। ਇਹ ਗੁਰਮਤਿ ਪ੍ਰਚਾਰ ਵਹੀਰ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਜੋਤੀ ਜੋਤਿ ਦਿਵਸ ਦੀ ੪੫੦ ਸਾਲਾ ਸ਼ਤਾਬਦੀ ਨੂੰ ਸਮਰਪਿਤ ਹੋਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਇਸ ਨੂੰ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ ਹੈ। ਜਾਣਕਾਰੀ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਸਾਲ ਸਤੰਬਰ ਮਹੀਨੇ ਵਿਚ ਚੌਥੇ ਪਾਤਸ਼ਾਹ ਜੀ ਦਾ ੪੫੦ ਸਾਲਾ ਗੁਰਿਆਈ ਦਿਵਸ ਅਤੇ ਤੀਜੇ ਪਾਤਸ਼ਾਹ ਜੀ ਦਾ ੪੫੦ ਸਾਲਾ ਜੋਤੀ ਜੋਤਿ ਦਿਹਾੜਾ ਸਿੱਖ ਕੌਮ ਵੱਲੋਂ ਕੌਮੀ ਜਾਹੋ-ਜਲਾਲ ਨਾਲ ਮਨਾਏ ਜਾਣਗੇ। ਇਸ ਸੰਬੰਧ ਵਿਚ ਜ਼ੋਰਦਾਰ ਧਰਮ ਪ੍ਰਚਾਰ ਲਹਿਰ ਪੂਰੇ ਪੰਜਾਬ ਵਿਚ ਤੇਜ਼ ਕੀਤੀ ਜਾਵੇਗੀ। ਹਲਕਾ ਪੱਧਰ 'ਤੇ ਸਮਾਗਮ ਉਲੀਕ ਕੇ ਅੰਮ੍ਰਿਤ-ਸੰਚਾਰ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸ਼ਤਾਬਦੀਆਂ ਦੇ ਸੰਬੰਧ ਵਿਚ ੧੩ ਅਤੇ ੧੪ ਸਤੰਬਰ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ ਹੋਣਗੇ, ਜਦਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ੧੫ ਤੋਂ ੧੮ ਸਤੰਬਰ ਤਕ ਗੁਰਮਤਿ ਸਮਾਗਮ ਆਯੋਜਿਤ ਕੀਤੇ ਜਾਣਗੇ। ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਨੁਸਾਰ ਇਸ ਤੋਂ ਪਹਿਲਾਂ ਧਰਮ ਪ੍ਰਚਾਰ ਲਹਿਰ ਨੂੰ ਯੋਜਨਾਬੱਧ ਢੰਗ ਨਾਲ ਸਰਗਰਮ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਪਹਿਲਾਂ ਹੀ ਜ਼ਿਲ੍ਹਾ ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਕਪੂਰਥਲਾ ਦੇ ਪਿੰਡਾਂ ਵਿਚ ਪ੍ਰਚਾਰਕ ਜਥੇ ਕਾਰਜਸ਼ੀਲ ਹਨ, ਜਦਕਿ ਹੁਣ ਪੂਰੇ ਪੰਜਾਬ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ। ਇਸ ਦੇ ਨਾਲ ਹੀ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਸਮਾਗਮ ਅਤੇ ਨਗਰ ਕੀਰਤਨ ਸਜਾਉਣ ਦਾ ਵੀ ਪ੍ਰੋਗਰਾਮ ਹੈ।

ਅੰਤ੍ਰਿੰਗ ਕਮੇਟੀ ਦੀ ਬੈਠਕ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਨਾਲ ਸੰਬੰਧਿਤ ਮਾਮਲੇ ਵੀ ਵਿਚਾਰੇ ਗਏ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਸੁਖਚੈਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਦੇ ਨੌਜੁਆਨ ਸਪੁੱਤਰ ਭਾਈ ਹਰਚਰਨਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਹਰਦੀਪ ਕੌਰ ਖੋਖ ਦੇ ਜਵਾਈ ਭਾਈ ਮਨਜੋਤ ਸਿੰਘ ਦੇ ਅਕਾਲ ਚਲਾਣੇ ਸ਼ੋਕ ਮਤੇ ਪਾਸ ਕਰਦਿਆਂ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਲਈ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਜਸਮੇਰ ਸਿੰਘ ਲਾਛੜੂ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਦੀਪ ਕੌਰ ਖੋਖ, ਬੀਬੀ ਮਲਕੀਤ ਕੌਰ ਕਮਾਲਪੁਰ, ਸ. ਅਮਰਜੀਤ ਸਿੰਘ ਭਲਾਈਪੁਰ, ਓ.ਐਸ.ਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਤੇਜਿੰਦਰ ਸਿੰਘ ਪੱਡਾ, ਮੀਤ ਸਕੱਤਰ ਸ. ਗੁਰਚਰਨ ਸਿੰਘ ਕੁਹਾਲਾ, ਸ. ਸ਼ਾਹਬਾਜ਼ ਸਿੰਘ, ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਮਨਜੀਤ ਸਿੰਘ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਇੰਚਾਰਜ ਸ. ਅਜ਼ਾਦਦੀਪ ਸਿੰਘ, ਸ. ਪ੍ਰਜਿੰਦਰ ਸਿੰਘ, ਸ. ਗੁਰਮੇਜ ਸਿੰਘ, ਸ. ਤਰਸੇਮ ਸਿੰਘ, ਐਕਸੀਅਨ ਸੁਖਜਿੰਦਰ ਸਿੰਘ ਤੇ ਸ. ਅਮਨਦੀਪ ਸਿੰਘ ਸ਼ਾਮਲ ਸਨ।

## ਸਰਕਾਰਾਂ ਦੇਸ਼ ਅੰਦਰ ਸਿੱਖਾਂ ਖ਼ਿਲਾਫ ਵਧ ਰਹੇ ਨਫ਼ਰਤੀ ਮਹੌਲ ਨੂੰ ਰੋਕਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

੧੧ ਜੂਨ, ਸ੍ਰੀ ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਦੇ ਕੈਥਲ ਵਿਖੇ ਇੱਕ ਸਿੱਖ ਦੀ ਨਫ਼ਰਤੀ ਭਾਵਨਾ ਨਾਲ ਕੁੱਟਮਾਰ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਹੈ ਕਿ ਪੁਲਿਸ ਪ੍ਰਸ਼ਾਸਨ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਖ਼ਿਲਾਫ ਕਨੂੰਨੀ ਕਾਰਵਾਈ ਕਰੇ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਘਟਨਾ ਨਾਲ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ ਲਿਹਾਜ਼ਾ ਹਰਿਆਣਾ ਸਰਕਾਰ ਇਸ ਨੂੰ ਗੰਭੀਰਤਾ ਨਾਲ ਲਵੇ ਅਤੇ ਸੂਬੇ ਅੰਦਰ ਵੱਸਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਵੇ।

ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਵੇਖਣ ਵਿਚ ਆ ਰਿਹਾ ਹੈ ਕਿ ਸਿੱਖਾਂ ਵਿਰੁੱਧ ਭਾਰਤ ਦੇਸ਼ ਅੰਦਰ ਲਗਾਤਾਰ ਨਫ਼ਰਤੀ ਮਹੌਲ ਸਿਰਜਿਆ ਜਾ ਰਿਹਾ ਹੈ ਅਤੇ ਵੱਖ-ਵੱਖ ਸੂਬਿਆਂ 'ਚ ਬਿਨਾਂ ਕਿਸੇ ਕਾਰਨ ਹੀ ਸਿੱਖਾਂ ਨੂੰ ਨਿਸ਼ਾਨੇ 'ਤੇ ਲਿਆ ਜਾਂਦਾ ਹੈ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਦੇਸ਼ ਅੰਦਰ ਹਰ ਵਰਗ, ਹਰ ਧਰਮ ਅਤੇ ਹਰ ਫਿਰਕੇ ਦੇ ਲੋਕਾਂ ਧਾਰਮਿਕ ਅਜ਼ਾਦੀ ਅਤੇ ਹੱਕ ਹਕੂਕਾਂ ਦੀ ਤਰਜਮਾਨੀ ਕਰੇ। ਜਿਹੜੇ ਵੀ ਲੋਕ ਦੇਸ਼ ਦੇ ਸੰਵਿਧਾਨ ਵਿਰੁੱਧ ਜਾ ਕੇ ਨਫ਼ਰਤੀ ਅਤੇ ਫਿਰਕੂ ਮਹੌਲ ਸਿਰਜਦੇ ਹਨ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਜ਼ਰੂਰ ਹੋਵੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਕੈਥਲ ਦੇ ਰਹਿਣ ਵਾਲੇ ਸ. ਸੁਖਵਿੰਦਰ ਸਿੰਘ ਨੂੰ ਅਣਪਛਾਤੇ ਦੋ ਵਿਅਕਤੀਆਂ ਵੱਲੋਂ ਸ਼ਹਿਰ ਦੇ ਨਜ਼ਦੀਕ ਰੋਕ ਕੇ ਨਫ਼ਰਤੀ ਟਿੱਪਣੀਆਂ ਕਰਨਾ ਅਤੇ ਕੁੱਟਮਾਰ ਕਰਨੀ ਦੇਸ਼ ਵਿਚ ਵੱਧ ਰਹੀ ਨਫ਼ਰਤੀ ਹਿੰਸਾ ਦਾ ਪ੍ਰਗਟਾਵਾ ਹੈ ਜਿਸ ਪ੍ਰਤੀ ਹਰਿਆਣਾ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਵਰਤਾਰੇ ਨੂੰ ਸੰਜੀਦਗੀ ਨਾਲ ਲਵੇ ਕਿਉਂਕਿ ਅਜਿਹੀਆਂ ਹਰਕਤਾਂ ਦੇਸ਼ ਹਿੱਤ ਵਿਚ ਨਹੀਂ ਹਨ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਕੈਥਲ 'ਚ ਸਿੱਖ ਦੀ ਕੁੱਟਮਾਰ ਦੇ ਮਾਮਲੇ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ ਅਨੁਸਾਰ ਕੈਥਲ ਦੇ ਪੁਲਿਸ ਕਪਤਾਨ ਨੂੰ ਈ-ਮੇਲ ਪੱਤਰ ਭੇਜ ਕੇ ਦੋਸ਼ੀਆਂ ਖ਼ਿਲਾਫ ਬਣਦੀ ਕਾਰਵਾਈ ਲਈ ਕਿਹਾ ਗਿਆ ਹੈ।

## ਕੁਰੂਕਸ਼ੇਤਰ ਦੀ ਆਯੂਸ਼ ਯੂਨੀਵਰਸਿਟੀ ਦੇ ਵੀਸੀ ਵੱਲੋਂ ਸਿੱਖ ਇਤਿਹਾਸ ਨੂੰ ਵਿਗਾੜਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ ਇਤਰਾਜ਼

੧੧ ਜੂਨ, ਸ੍ਰੀ ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਰੂਕਸ਼ੇਤਰ ਸਥਿਤ ਸ੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਦੇ ਉਪ-ਕੁਲਪਤੀ ਵੱਲੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਯੂਨੀਵਰਸਿਟੀ ਵਿਚ ਕੀਤੇ ਸਮਾਗਮ ਦੌਰਾਨ ਗੁਰ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਵੱਲੋਂ ਇਸ ਮਾਮਲੇ ਵਿਚ ਯੂਨੀਵਰਸਿਟੀ ਦੇ ਚਾਂਸਲਰ ਤੇ ਹਰਿਆਣਾ ਦੇ ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਆ ਨੂੰ ਇੱਕ ਈ-ਮੇਲ ਪੱਤਰ ਭੇਜ ਕੇ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋਫ਼ੈਸਰ ਵੈਦ ਕਰਤਾਰ ਸਿੰਘ ਧੀਮਾਨ ਪਾਸੋਂ ਸਪੱਸ਼ਟੀਕਰਨ ਲੈਣ ਅਤੇ ਉਨ੍ਹਾਂ ਪਾਸੋਂ ਸਿੱਖ ਜਗਤ ਤੋਂ ਮੁਆਫੀ ਮੰਗਵਾਉਣ ਲਈ ਆਖਿਆ ਹੈ।

ਇਸ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਦਾ ਇਤਿਹਾਸ ਬਿਲਕੁਲ ਵਿਲੱਖਣ ਅਤੇ ਮੌਲਿਕ ਹੈ, ਜਿਸ ਨੂੰ ਸਾਜ਼ਿਸ਼ ਤਹਿਤ ਰਲਗੱਡ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਇਸੇ ਵਰਤਾਰੇ ਤਹਿਤ ਹੀ ਸ੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਕੁਰੂਕਸ਼ੇਤਰ ਦੇ ਉਪ-ਕੁਲਪਤੀ ਨੇ ਇਤਰਾਜ਼ਯੋਗ ਹਰਕਤ ਕੀਤੀ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਖਿਆ ਕਿ ਵੀਸੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਇਤਿਹਾਸ ਨੂੰ ਜਾਣਬੁੱਝ ਕੇ ਵਿਗਾੜਦਿਆਂ ਇਸ ਨੂੰ ਸਨਾਤਨ ਹਿੰਦੂ ਧਰਮ ਦੀ ਰਖਵਾਲੀ ਲਈ ਆਖਣਾ ਬਿਲਕੁਲ ਗ਼ਲਤ ਹੈ। ਇਹ ਸਿੱਖ ਇਤਿਹਾਸ ਤੇ ਸਿਧਾਂਤਾਂ ਨੂੰ ਸੱਟ ਮਾਰਨ ਵਾਲੀ ਕਾਰਵਾਈ ਹੈ। ਜੇਕਰ ਇੱਕ ਜ਼ਿੰਮੇਵਾਰ ਅਹੁਦੇ ਉੱਤੇ ਬੈਠਾ ਵਿਅਕਤੀ ਹੀ ਅਜਿਹੀ ਹਰਕਤ ਕਰੇ ਤਾਂ ਇਹ ਹੋਰ ਵੀ ਗੰਭੀਰ ਅਤੇ ਸਾਜ਼ਿਸ਼ਪੂਰਨ ਹੈ। ਐਡੋਵੇਕਟ ਧਾਮੀ ਨੇ ਕਿਹਾ ਕਿ ਇਸ ਯੂਨੀਵਰਸਿਟੀ ਦੇ ਵੀਸੀ ਖ਼ਿਲਾਫ ਕਰੜੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇੱਕ ਸਰਕਾਰੀ ਅਦਾਰੇ ਦੇ ਜ਼ਿੰਮੇਵਾਰ ਅਧਿਕਾਰੀਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਕਿਸੇ ਵੀ ਧਰਮ ਦੀਆਂ ਭਾਵਨਾਵਾਂ ਦਾ ਖਿਆਲ ਰੱਖੇ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣੇ ਚੰਗੀ ਗੱਲ ਹੈ ਪਰੰਤੂ ਇਹ ਸਿੱਖ ਧਰਮ ਦੀਆਂ ਰਵਾਇਤਾਂ ਅਤੇ ਇਤਿਹਾਸ ਨੂੰ ਵਿਗਾੜਨ ਵਾਸਤੇ ਨਾ ਮਨਾਏ ਜਾਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਇਹ ਗੰਭੀਰ ਜਾਂਚ ਦਾ ਮਾਮਲਾ ਹੈ ਜਿਸ ਪ੍ਰਤੀ ਯੂਨੀਵਰਸਿਟੀ ਦੇ ਚਾਂਸਲਰ ਅਤੇ ਹਰਿਆਣਾ ਦੇ ਰਾਜਪਾਲ ਨੂੰ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰਿਆਣਾ ਦੇ ਰਾਜਪਾਲ ਨੂੰ ਕਾਰਵਾਈ ਲਈ ਈ-ਮੇਲ ਪੱਤਰ ਭੇਜਿਆ ਗਿਆ ਹੈ ਅਤੇ ਜੇਕਰ ਸਮੇਂ ਸਿਰ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਨੂੰਨੀ ਤੌਰ 'ਤੇ ਅੱਗੇ ਵਧੇਗੀ।

■


ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ
ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ)


1 ਜੂਨ ਤੋਂ 6 ਜੂਨ
ਨਾ ਭੁੱਲਣਯੋਗ
ਨਾ ਬਖਸ਼ਣਯੋਗ
ੴ ਸਤਿਗੁਰ ਪ੍ਰਸਾਦਿ॥
ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ
ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਜੀ, ਸੁਲਤਾਨਪੁਰ ਲੋਧੀ।


ਸੰਤ ਫਤਹਿ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ
Sant Fateh Singh Channan Singh Sikh Missionary College


ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ
ਗੁਰੂ ਕੀ ਵਡਾਲੀ (ਛੇਹਰਟਾ ਸਾਹਿਬ) ਸ੍ਰੀ ਅੰਮ੍ਰਿਤਸਰ। ਪ੍ਰਬੰਧ ਅਧੀਨ: ਧਰਮ ਪ੍ਰਚਾਰ ਕਮੇਟੀ, ਸ਼੍ਰੋ:ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।


ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਵਿਦਿਆਲਾ
ਬਰਨਾਲਾ
ਪ੍ਰਬੰਧ ਅਧੀਨ: ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ


श्री गुरु रामदास गुरमत संगीत विद्यालय


ਸ਼ਹੀਦ ਸੰਗੀਤ ਵਿਦਿਆਲਾ
ਬਾਦੀਆਂ (ਸ੍ਰੀ ਮੁਕਤਸਰ ਸਾਹਿਬ)


ਭਾਈ ਗੁਰਦਾਸ ਗੁਰਮਤਿ ਸਿਖਲਾਈ ਵਿਦਿਆਲਾ ਫਿਰੋਜ਼ਪੁਰ
ਪ੍ਰਬੰਧ ਅਧੀਨ: ਧਰਮ ਪ੍ਰਚਾਰ ਕਮੇਟੀ, ਸ਼੍ਰੋ:ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ


ਸ੍ਰੀ ਗੁਰੂ ਨਾਨਕ ਦੇਵ ਜੀ
ਗੁਰਮਤਿ ਵਿਦਿਆਲਾ
ਰਾਏਪੁਰ (ਛਤੀਸਗੜ੍ਹ)


ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ
ਡੇਰਾ ਬਾਬਾ ਨਾਨਕ
ਪ੍ਰਬੰਧ ਅਧੀਨ: ਧਰਮ ਪ੍ਰਚਾਰ ਕਮੇਟੀ, ਸ਼੍ਰੋ:ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ


ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ
ਤਲਵੰਡੀ ਸਾਬੋ (ਬਠਿੰਡਾ)

Registered with Registrar of Newspaper at No. 354/57

Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

July 2024

Dharam Parchar Committee, Shiromani Gurdwara Parbandhak Committee, Sri Amritsar Sahib


## ਵਿਦਿਆ ਵੀਚਾਰੀ ਤਾਂ ਪਰਉਪਕਾਰੀ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ**
**ਦੇ ਪ੍ਰਬੰਧ ਅਧੀਨ**
**ਡਾਇਰੈਕਟੋਰੇਟ ਆਫ਼ ਐਜੂਕੇਸ਼ਨ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**
**ਦੇ ਵਿੱਦਿਅਕ ਅਦਾਰੇ**



**ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ**
ਪ੍ਰਧਾਨ, ਸ਼੍ਰੋ.ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ

## ਵਿੱਦਿਆ ਦੇ ਪ੍ਰਸਾਰ ਲਈ ਵਚਨਬੱਧ

* ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ
* ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ
* ਆਟੋਨੋਮਸ ਕਾਲਜ 05 * ਡਿਗਰੀ ਕਾਲਜ 37 * ਸਕੂਲ 52
* ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਅਧੀਨ 02
* ਬਾਬਾ ਬੰਦਾ ਸਿੰਘ ਬਹਾਦਰ ਐਜੂਕੇਸ਼ਨ ਟਰੱਸਟ ਅਧੀਨ 02
* ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਟਰੱਸਟ ਅਧੀਨ 03

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਉਦੇਸ਼

* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਤੀ ਜਾਣ ਵਾਲੀ ਵਿੱਦਿਆ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਵਿਦਵਾਨ ਬਣਾਉਣ ਅਤੇ ਸਿੱਖੀ ਸਿਧਾਂਤ ਅਨੁਸਾਰ ਗੁਰਮਤਿ ਦੇ ਧਾਰਨੀ ਬਣਾ ਕੇ ਸਮਾਜ ਦੀ ਸੇਵਾ ਕਰਨ ਲਈ ਤਿਆਰ ਕਰਨਾ ਹੈ।
* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਹਰ ਸਾਲ ਕਰੋੜਾਂ ਰੁਪਏ ਬਤੌਰ ਵਜ਼ੀਫ਼ੇ ਵਜੋਂ ਦਿੱਤੇ ਜਾਂਦੇ ਹਨ।
* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀਆਂ ਲਈ ਘੱਟ ਗਿਣਤੀ ਵਜ਼ੀਫ਼ੇ ਅਤੇ ਹੋਰ ਸਕਾਲਰਸ਼ਿਪ ਸਕੀਮਾਂ ਦਿੱਤੀਆਂ ਜਾਂਦੀਆਂ ਹਨ।
* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਬਣਾ ਕੇ ਉਨ੍ਹਾਂ ਦੇ ਵਿਅਕਤਿਤਵ ਨੂੰ ਉਭਾਰਿਆ ਜਾਂਦਾ ਹੈ।
* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਅਜੋਕੇ ਸਮੇਂ ਦੀ ਵਿਗਿਆਨਕ ਤਕਨੀਕ ਅਨੁਸਾਰ ਪੜ੍ਹਾਇਆ ਜਾਂਦਾ ਹੈ।
* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਵਿੱਦਿਅਕ ਅਦਾਰਿਆਂ ਵਿਚੋਂ ਵਿਦਿਆਰਥੀ ਵੱਖ-ਵੱਖ ਖੇਡਾਂ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰਦੇ ਹਨ।
* ਵਿਸ਼ਵ ਦਾ ਪਹਿਲਾ ਅਤੇ ਨਿਵੇਕਲਾ ਗੁਰਦੁਆਰਾ ਮੈਨੇਜਮੈਂਟ ਡਿਗਰੀ ਕੋਰਸ-(ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ)।
* ਧਰਮ ਅਧਿਐਨ ਦਾ ਇਕ ਸਾਂਝਾ ਪੱਤਰ-ਵਿਹਾਰ ਕੋਰਸ।
* ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਐਨ.ਐਸ.ਐਸ., ਗੁਰਮਤਿ ਸਭਾਵਾਂ, ਸਭਿਆਚਾਰਕ ਅਤੇ ਸਾਹਿਤਕ ਸਮਾਗਮ, ਧਾਰਮਿਕ ਅਤੇ ਨੈਤਿਕ ਸਿੱਖਿਆ ਲਈ ਵਿਸ਼ੇਸ਼ ਉਪਰਾਲੇ।
* ਸਮੇਂ-ਸਮੇਂ 'ਤੇ ਗੁਰਬਾਣੀ ਕੰਠ, ਧਾਰਮਿਕ ਨਿਬੰਧ, ਵਾਰ ਗਾਇਨ, ਕੀਰਤਨ ਦਰਬਾਰ, ਆਨਲਾਈਨ ਧਾਰਮਿਕ ਕਵਿਜ਼ ਅਤੇ ਦਸਤਾਰਬੰਦੀ ਮੁਕਾਬਲੇ।

**ਵੱਲੋਂ: ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ**
**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ**


Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-7-2024